ਬੁੱਧਵਾਰ, 31 ਜਨਵਰੀ, 2024
18 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 241

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 31 JANUARY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਚੰਡੀਗੜ੍ਹ 'ਵਰਸਿਟੀ ਦੇ ਚਾਂਸਲਰ ਰਾਜ ਸਭਾ ਦੇ ਮੈਂਬਰ ਨਾਮਜ਼ਦ



**ਨਵੀਂ ਦਿੱਲੀ :** ਚੰਡੀਗੜ੍ਹ ਯੂਨੀਵਰਸਿਟੀ ਦੇ ਬਾਨੀ ਚਾਂਸਲਰ ਸਤਨਾਮ ਸਿੰਘ ਸੰਧੂ ਨੂੰ ਮੰਗਲਵਾਰ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ। ਗ੍ਰਹਿ ਮੰਤਰਾਲੇ ਨੇ ਨੋਟੀਫਿਕੇਸ਼ਨ 'ਚ ਕਿਹਾ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਧੂ ਨੂੰ ਸੰਸਦ ਦੇ ਉਪਰਲੇ ਸਦਨ ਲਈ ਨਾਮਜ਼ਦ ਕੀਤਾ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਸੰਧੂ ਕਿਸਾਨ ਵੀ ਹਨ ਅਤੇ ਸਿੱਖਿਆ ਪ੍ਰਾਪਤ ਕਰਨ ਲਈ ਉਨ੍ਹਾ ਸੰਘਰਸ਼ ਵੀ ਕੀਤਾ। 2001 'ਚ ਮੁਹਾਲੀ 'ਚ 'ਚੰਡੀਗੜ੍ਹ ਗਰੁੱਪ ਆਫ ਕਾਲਜਿਜ਼' ਦੀ ਸਥਾਪਨਾ ਅਤੇ 2012 'ਚ ਚੰਡੀਗੜ੍ਹ ਯੂਨੀਵਰਸਿਟੀ ਦੀ ਸਥਾਪਨਾ ਦਾ ਸਿਹਰਾ ਉਨ੍ਹਾ ਨੂੰ ਜਾਂਦਾ ਹੈ।

## ਤੇਜਸਵੀ ਪੁੱਛਗਿੱਛ ਲਈ ਪੇਸ਼

**ਪਟਨਾ :** ਰਾਜਦ ਨੇਤਾ ਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੌਕਰੀ ਦੇ ਬਦਲੇ ਜ਼ਮੀਨ ਘਪਲੇ ਮਾਮਲੇ ਦੀ ਜਾਂਚ ਦੇ ਸਿਲਸਿਲੇ 'ਚ ਪਟਨਾ ਮੰਗਲਵਾਰ ਇੱਥੇ ਈ ਡੀ ਦੇ ਦਫਤਰ ਪਹੁੰਚੇ। ਸੋਮਵਾਰ ਉਨ੍ਹਾ ਦੇ ਪਿਤਾ ਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਯਾਦਵ ਤੋਂ ਏਜੰਸੀ ਨੇ ਕਈ ਘੰਟਿਆਂ ਤੱਕ ਪੁੱਛ-ਪੜਤਾਲ ਕੀਤੀ ਸੀ।

## ਭਾਜਪਾ ਆਗੂ ਦੇ ਕਤਲ 'ਚ 14 ਨੂੰ ਮੌਤ ਦੀ ਸਜ਼ਾ

**ਅਲਾਪੁਝਾ :** ਕੇਰਲਾ 'ਚ ਵੇਲੀਕੇਰਾ ਦੇ ਐਡੀਸ਼ਨਲ ਸੈਸ਼ਨ ਜੱਜ ਵੀਜੀ ਸ੍ਰੀਦੇਵੀ ਨੇ ਦਸੰਬਰ 2021 'ਚ ਤੱਟਵਰਤੀ ਜ਼ਿਲ੍ਹੇ ਅਲਾਪੁਝਾ 'ਚ ਭਾਰਤੀ ਜਨਤਾ ਪਾਰਟੀ ਦੇ ਓ ਬੀ ਸੀ ਮੋਰਚੇ ਦੇ ਆਗੂ ਰਣਜੀਤ ਸ੍ਰੀਨਿਵਾਸਨ ਦੇ ਕਤਲ ਦੇ ਮਾਮਲੇ 'ਚ 14 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਦੋਸ਼ੀ ਪਾਬੰਦੀਸ਼ੁਦਾ ਕੱਟੜਪੰਥੀ ਇਸਲਾਮਿਕ ਗਰੁੱਪ ਪਾਪੂਲਰ ਫਰੰਟ ਆਫ ਇੰਡੀਆ (ਪੀ ਐੱਫ ਆਈ) ਨਾਲ ਸੰਬੰਧਤ ਹਨ। ਇਸਤਗਾਸਾ ਪੱਖ ਨੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜ਼ਾ ਦੇਣ ਦੀ ਮੰਗ ਕਰਦਿਆਂ ਕਿਹਾ ਸੀ ਕਿ ਉਹ ਇੱਕ ਟਰੇਂਡ ਕਾਤਲ ਦਸਤੇ ਦੇ ਮੈਂਬਰ ਹਨ ਅਤੇ ਇਨ੍ਹਾਂ ਨੇ ਬੇਰਹਿਮੀ ਅਤੇ ਸ਼ੈਤਾਨੀ ਤਰੀਕੇ ਨਾਲ ਪੀੜਤ ਨੂੰ ਉਸ ਦੀ ਮਾਂ, ਬੱਚੇ ਅਤੇ ਪਤਨੀ ਦੇ ਸਾਹਮਣੇ ਕਤਲ ਕੀਤਾ ਸੀ।

## ਅੱਧਾ ਟਨ ਕੋਕੀਨ ਦੀ ਤਸਕਰੀ 'ਚ ਭਾਰਤੀ ਜੋੜਾ ਦੋਸ਼ੀ ਕਰਾਰ

**ਲੰਡਨ :** ਬਰਤਾਨੀਆ ਵਿਚ ਭਾਰਤੀ ਮੂਲ ਦੇ ਜੋੜੇ ਨੂੰ ਅੱਧੇ ਟਨ ਤੋਂ ਵੱਧ ਕੋਕੀਨ ਆਸਟਰੇਲੀਆ ਭੇਜਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਉਹ ਕਿਸੇ ਕੰਪਨੀ ਨਾਲ ਜੁੜੇ ਹੋਏ ਸਨ। ਉਨ੍ਹਾਂ ਕੋਕੀਨ ਨੂੰ ਜਹਾਜ਼ ਰਾਹੀਂ ਆਸਟਰੇਲੀਆ ਭੇਜਿਆ ਸੀ। ਇਸ ਨੂੰ ਕੰਪਨੀ ਦੇ ਨਾਂਅ 'ਤੇ ਮੈਟਲ ਟੂਲ ਬਾਕਸ ਦੇ ਕਵਰ ਹੇਠ ਛੁਪਾ ਦਿੱਤਾ ਸੀ। ਆਸਟਰੇਲੀਅਨ ਬਾਰਡਰ ਫੋਰਸ ਨੇ ਮਈ 2021 'ਚ ਸਿਡਨੀ ਪਹੁੰਚਣ 'ਤੇ 5.7 ਕਰੋੜ ਪੌਂਡ ਦੀ ਕੋਕੀਨ ਨੂੰ ਰੋਕਿਆ ਅਤੇ ਨੈਸ਼ਨਲ ਕ੍ਰਾਈਮ ਏਜੰਸੀ ਦੇ ਜਾਂਚਕਰਤਾਵਾਂ ਨੇ ਭੇਜਣ ਵਾਲੇ ਦੀ ਪਛਾਣ ਹੈਨਵੇਲ ਦੀ 59 ਸਾਲਾ ਆਰਤੀ ਧੀਰ ਅਤੇ 35 ਸਾਲਾ ਕਵਲਜੀਤ ਸਿੰਘ ਰਾਏਜ਼ਾਦਾ ਵਜੋਂ ਕੀਤੀ।

## ਅਮਰੀਕਾ 'ਚ ਲਾਪਤਾ ਭਾਰਤੀ ਸਟੂਡੈਂਟ ਦੀ ਲਾਸ਼ ਮਿਲੀ



**ਇੰਡੀਆਨਾ :** ਅਮਰੀਕਾ ਦੇ ਇੰਡੀਆਨਾ ਸੂਬੇ ਵਿਚ ਸਥਿਤ ਵੱਕਾਰੀ ਪਰਡਿਊ ਯੂਨੀਵਰਸਿਟੀ ਦੇ ਲਾਪਤਾ ਭਾਰਤੀ ਵਿਦਿਆਰਥੀ ਨੀਲ ਆਚਾਰੀਆ ਦੀ ਮੌਤ ਹੋ ਗਈ ਹੈ। ਨੀਲ ਐਤਵਾਰ ਨੂੰ ਲਾਪਤਾ ਹੋ ਗਿਆ ਸੀ ਤੇ ਉਸ ਦੀ ਲਾਸ਼ ਪ੍ਰਯੋਗਸ਼ਾਲਾ ਦੇ ਨੇੜੇ ਮਿਲੀ। ਉਸ ਨੇ ਕੰਪਿਊਟਰ ਵਿਗਿਆਨ ਅਤੇ ਡਾਟਾ ਵਿਗਿਆਨ 'ਚ ਡਿਗਰੀ ਹਾਸਲ ਕੀਤੀ ਸੀ ਅਤੇ ਜੌਨ ਮਾਰਟਿਨਸਨ ਆਨਰਜ਼ ਕਾਲਜ 'ਚ ਪੜ੍ਹਦਾ ਸੀ।

## ਜਿਊਂਦੇ-ਜੀ ਸੀ ਏ ਏ ਲਾਗੂ ਨਹੀਂ ਹੋਣ ਦੇਵਾਂਗੀ : ਮਮਤਾ

ਰਾਏਗੰਜ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੀ ਏ ਏ ਮਾਮਲੇ ਨੂੰ ਚੁੱਕਣ ਲਈ ਭਾਜਪਾ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਆਪਣੇ ਜੀਵਨ ਕਾਲ ਦੌਰਾਨ ਰਾਜ 'ਚ ਇਸ ਨੂੰ ਕਦੇ ਵੀ ਲਾਗੂ ਨਹੀਂ ਹੋਣ ਦੇਵੇਗੀ। ਉੱਤਰੀ ਦੀਨਾਜਪੁਰ ਜ਼ਿਲ੍ਹੇ ਦੇ ਰਾਏਗੰਜ ਵਿਖੇ ਜਨਤਕ ਵੰਡ ਪ੍ਰੋਗਰਾਮ 'ਚ ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਨੇ ਆਉਣ ਵਾਲੀਆਂ ਚੋਣਾਂ ਤੋਂ ਪਹਿਲਾਂ ਨਾਗਰਿਕਤਾ (ਸੋਧ) ਕਾਨੂੰਨ ਜਾਂ ਸੀ ਏ ਏ ਦੇ ਮੁੱਦੇ ਨੂੰ ਜਾਣਬੁੱਝ ਕੇ ਚੁੱਕਿਆ ਹੈ। ਉਨ੍ਹਾ ਕਿਹਾ—ਮੈਂ ਇਹ ਸਪੱਸ਼ਟ ਕਰ ਦੇਵਾਂ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਮੈਂ ਇਸ ਨੂੰ ਪੱਛਮੀ ਬੰਗਾਲ 'ਚ ਲਾਗੂ ਨਹੀਂ ਹੋਣ ਦੇਵਾਂਗੀ।

## ਨਕਸਲੀਆਂ ਹੱਥੋਂ 3 ਜਵਾਨ ਸ਼ਹੀਦ

**ਰਾਏਪੁਰ :** ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਮੰਗਲਵਾਰ ਮਾਓਵਾਦੀਆਂ ਨਾਲ ਗੋਲੀਬਾਰੀ ਦੌਰਾਨ 3 ਜਵਾਨ ਸ਼ਹੀਦ ਹੋ ਗਏ। ਇਹ ਘਟਨਾ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਦੀ ਹੱਦ ਦੇ ਨਾਲ ਸਥਿਤ ਟੇਕਲਗੁਡੀਅਮ ਪਿੰਡ 'ਚ ਵਾਪਰੀ। ਜਦੋਂ ਗੋਲੀਬਾਰੀ ਹੋਈ ਤਾਂ 201ਵੀਂ ਕਮਾਂਡੋ ਬਟਾਲੀਅਨ ਫਾਰ ਰੈਜ਼ੋਲਿਊਟ ਐਕਸ਼ਨ (ਕੋਬਰਾ) ਖੇਤਰ 'ਚ ਕੰਮ ਕਰ ਰਹੀ ਸੀ। ਹਮਲੇ ਦੌਰਾਨ 14 ਜਵਾਨ ਜ਼ਖਮੀ ਹੋ ਗਏ। ਇਸੇ ਥਾਂ 2021 ਵਿਚ ਨਕਸਲੀ ਹਮਲੇ ਵਿਚ 23 ਜਵਾਨ ਸ਼ਹੀਦ ਹੋਏ ਸਨ।

# ਚੰਡੀਗੜ੍ਹ ਮੇਅਰ ਚੋਣਾਂ 'ਚ ਗੇੜਾ

### 8 ਵੋਟਾਂ ਅਯੋਗ ਠਹਿਰਾ ਕੇ ਭਾਜਪਾ ਉਮੀਦਵਾਰ ਜੇਤੂ ਕਰਾਰ, ਮਾਮਲਾ ਹਾਈ ਕੋਰਟ ਪੁੱਜਾ

**ਚੰਡੀਗੜ੍ਹ :** ਭਾਜਪਾ ਦੇ ਮਨੋਜ ਸੋਨਕਰ ਨੂੰ ਮੰਗਲਵਾਰ ਕਾਂਗਰਸ ਤੇ ਆਪ ਦੇ ਸਾਂਝੇ ਉਮੀਦਵਾਰ ਕੁਲਦੀਪ ਟੀਟਾ ਵਿਰੁੱਧ 12 ਦੇ ਮੁਕਾਬਲੇ 16 ਵੋਟਾਂ ਨਾਲ ਜੇਤੂ ਕਰਾਰ ਦੇ ਕੇ ਚੰਡੀਗੜ੍ਹ ਦਾ ਮੇਅਰ ਐਲਾਨ ਦਿੱਤਾ ਗਿਆ। 8 ਵੋਟਾਂ ਅਯੋਗ ਠਹਿਰਾਈਆਂ ਗਈਆਂ, ਜਿਸ ਵਿਰੁੱਧ ਆਪੋਜ਼ੀਸ਼ਨ ਆਗੂਆਂ ਨੇ ਰਿਗਿੰਗ ਦੇ ਦੋਸ਼ ਲਾਏ।

ਸੋਨਕਰ ਦੇ ਮੇਅਰ ਦੀ ਕੁਰਸੀ 'ਤੇ ਬੈਠਦਿਆਂ ਆਪੋਜ਼ੀਸ਼ਨ ਨੇ ਪ੍ਰੀਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਖਿਲਾਫ ਪ੍ਰੋਟੈਸਟ ਕੀਤਾ ਤਾਂ ਉਨ੍ਹਾਂ ਨੂੰ ਮਾਰਸ਼ਲ ਬੁਲਾ ਕੇ ਬਾਹਰ ਕਰ ਦਿੱਤਾ ਗਿਆ। ਆਪੋਜ਼ੀਸ਼ਨ ਨੇ ਦੋਸ਼ ਲਾਇਆ ਕਿ ਮਸੀਹ ਨੇ ਪਈਆਂ ਵੋਟਾਂ ਨਾਲ ਛੇੜਛਾੜ ਕੀਤੀ।

ਮੇਅਰ ਦੀ ਚੋਣ ਤੋਂ ਬਾਅਦ ਭਾਜਪਾ ਦੇ ਕੁਲਜੀਤ ਸਿੰਘ ਨੂੰ ਕਾਂਗਰਸ ਦੇ ਗੁਰਪ੍ਰੀਤ ਸਿੰਘ ਗੈਬੀ ਦੇ ਖਿਲਾਫ ਸੀਨੀਅਰ ਡਿਪਟੀ ਮੇਅਰ ਤੇ ਰਜਿੰਦਰ ਸ਼ਰਮਾ ਨੂੰ ਕਾਂਗਰਸ ਦੀ ਨਿਰਮਲਾ ਦੇਵੀ ਖਿਲਾਫ ਡਿਪਟੀ ਮੇਅਰ ਦੇ ਤੌਰ 'ਤੇ

● ਬਾਕੀ ਸਫ਼ਾ 2 'ਤੇ

## ਭਾਜਪਾ ਭਾਰਤ ਨੂੰ ਉੱਤਰੀ ਕੋਰੀਆ 'ਚ ਬਦਲਣਾ ਚਾਹੁੰਦੀ : ਚੱਢਾ



**ਚੰਡੀਗੜ੍ਹ :** ਚੰਡੀਗੜ੍ਹ ਮੇਅਰ ਚੋਣਾਂ ਵਿੱਚ ਦੇਸ਼ਧ੍ਰੋਹ ਅਤੇ ਗੈਰ-ਸੰਵਿਧਾਨਕ ਦਖਲਅੰਦਾਜ਼ੀ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਇੰਡੀਆ ਗਠਜੋੜ ਨੇ ਤਿੱਖਾ ਹਮਲਾ ਕੀਤਾ ਹੈ। ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੇ ਆਗੂਆਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਚੋਣਾਂ ਨੂੰ ਗੈਰ-ਸੰਵਿਧਾਨਕ ਅਤੇ ਭਾਜਪਾ ਦੀ ਗੈਰ-ਕਾਨੂੰਨੀ ਧੋਖਾਧੜੀ ਕਰਾਰ ਦਿੱਤਾ।

'ਆਪ' ਆਗੂ ਰਾਘਵ ਚੱਢਾ, ਕਾਂਗਰਸੀ ਆਗੂ ਪਵਨ ਬਾਂਸਲ, 'ਆਪ' ਚੰਡੀਗੜ੍ਹ ਇੰਚਾਰਜ ਜਰਨੈਲ ਸਿੰਘ, 'ਆਪ' ਆਗੂ ਪ੍ਰੇਮ ਗਰਗ ਅਤੇ ਕਾਂਗਰਸ ਚੰਡੀਗੜ੍ਹ ਦੇ ਪ੍ਰਧਾਨ ਹਰਮੋਹਿੰਦਰ ਸਿੰਘ ਲੱਕੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਸੰਵਿਧਾਨ ਨਾਲ ਦੇਸ਼ਧ੍ਰੋਹ ਦਾ ਪਰਦਾ ਫਾਸ਼ ਕਰਦਿਆਂ ਚੋਣਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਚੱਢਾ ਨੇ ਕਿਹਾ ਕਿ ਚੰਡੀਗੜ੍ਹ ਮੇਅਰ ਦੀ ਚੋਣ ਭਾਜਪਾ ਦੁਆਰਾ ਚਲਾਇਆ ਗਿਆ 'ਫਰਜ਼ੀਵਾੜਾ' ਸੀ। ਇਹ ਅਸੰਵਿਧਾਨਕ, ਗੈਰ-ਕਾਨੂੰਨੀ, ਦੇਸ਼ ਵਿਰੋਧੀ ਅਤੇ ਦੇਸ਼ਧ੍ਰੋਹ ਹੈ, ਜੋ ਭਾਜਪਾ ਨੇ ਇਸ ਮੇਅਰ ਦੀ ਚੋਣ ਵਿਚ ਕੀਤਾ ਹੈ। ਹਰ ਕੋਈ

● ਬਾਕੀ ਸਫ਼ਾ 2 'ਤੇ

# ਸਾਨੂੰ ਨਿਤੀਸ਼ ਦੀ ਲੋੜ ਨਹੀਂ : ਰਾਹੁਲ

### ਮਾੜਾ ਜਿਹਾ ਦਬਾਅ ਪਿਆ ਤਾਂ ਪਲਟੀ ਮਾਰ ਗਏ



**ਪਟਨਾ :** ਬਿਹਾਰ ਦੇ ਮੁੱਖ ਮੰਤਰੀ ਤੇ ਜਨਤਾ ਦਲ (ਯੂ) ਦੇ ਪ੍ਰਧਾਨ ਨਿਤੀਸ਼ ਕੁਮਾਰ ਦੇ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨਾਲ ਮੁੜ ਰਲ ਜਾਣ ਤੋਂ ਬਾਅਦ ਆਪਣੀ ਪਹਿਲੀ ਟਿੱਪਣੀ ਵਿਚ ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਬਿਹਾਰ ਵਿਚ ਸਮਾਜੀ ਨਿਆਂ ਦੇਣ ਦੀ ਜ਼ਿੰਮੇਵਾਰੀ 'ਮਹਾਂਗਠਬੰਧਨ' ਨੇ ਲਈ ਹੈ ਤੇ ਉਸ ਨੂੰ ਨਿਤੀਸ਼ ਕੁਮਾਰ ਦੀ ਲੋੜ ਨਹੀਂ। (ਮਹਾਂਗਠਬੰਧਨ ਕਾਂਗਰਸ, ਰਾਜਦ ਤੇ ਖੱਬੀਆਂ ਪਾਰਟੀਆਂ 'ਤੇ ਅਧਾਰਤ ਹੈ)। ਆਪਣੀ 'ਭਾਰਤ ਜੋੜੋ ਨਿਆਏ ਯਾਤਰਾ' ਤਹਿਤ ਪੂਰਨੀਆ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਉਹਨਾ ਦੇਸ਼ ਵਿਚ ਜਾਤ ਅਧਾਰਤ ਜਨਗਣਨਾ ਦੀ ਅਹਿਮੀਅਤ ਦਾ ਜ਼ਿਕਰ ਵੀ ਕੀਤਾ। ਉਨ੍ਹਾ ਕਿਹਾ ਕਿ ਦਲਿਤਾਂ, ਓ ਬੀ ਸੀ ਤੇ ਹੋਰਨਾਂ ਦੀ ਅਸਲ ਆਬਾਦੀ ਦਾ ਪਤਾ ਲਾਉਣ ਲਈ ਦੇਸ਼ ਨੂੰ ਜਾਤ ਅਧਾਰਤ ਜਨਗਣਨਾ ਦੀ ਲੋੜ ਹੈ। ਉਨ੍ਹਾ ਬੇਰੁਜ਼ਗਾਰੀ ਤੇ ਆਰਥਕ ਅਨਿਆਂ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਭਖਦੇ ਸਮਾਜੀ ਤੇ ਆਰਥਕ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਹੁਕਮਰਾਨ ਭਾਜਪਾ ਨਫਰਤ ਤੇ ਹਿੰਸਾ ਫੈਲਾ ਰਹੀ ਹੈ। ਰਾਹੁਲ ਨੇ ਨਿਤੀਸ਼ ਬਾਰੇ ਚੁਟਕਲਾ ਵੀ ਸੁਣਾਇਆ। ਉਨ੍ਹਾ ਕਿਹਾ—ਤੁਹਾਡੇ ਸੀ ਐੱਮ ਰਾਜਪਾਲ ਕੋਲ ਸਹੁੰ ਚੁੱਕਣ ਗਏ ਤੇ ਸਹੁੰ ਚੁੱਕੀ। ਉਥੇ ਭਾਜਪਾ ਆਗੂ ਤੇ ਰਾਜਪਾਲ ਬੈਠੇ ਸਨ। ਸਹੁੰ ਚੁੱਕਣ ਦੇ ਬਾਅਦ ਵਾਪਸ ਸੀ ਐੱਮ ਹਾਊਸ ਪਰਤੇ। ਰਾਹ ਵਿਚ ਪਤਾ ਲੱਗਾ ਕਿ ਉਹ ਤਾਂ ਸ਼ਾਲ ਰਾਜਪਾਲ ਦੇ ਘਰ ਭੁੱਲ ਆਏ। ਡਰਾਈਵਰ ਨੂੰ ਕਿਹਾ ਕਿ ਗੱਡੀ ਮੋੜੋ, ਸ਼ਾਲ ਲਿਆਉਣਾ ਹੈ। ਵਾਪਸ ਪਰਤੇ ਤਾਂ ਰਾਜਪਾਲ ਨੇ ਨਿਤੀਸ਼ ਨੂੰ ਦੇਖ ਕੇ ਕਿਹਾ ਕਿ ਭਾਈ ਏਨੀ ਛੇਤੀ ਵਾਪਸ ਆ ਗਏ। ਇਹ ਹਾਲਤ ਹੈ ਬਿਹਾਰ ਦੀ। ਉਨ੍ਹਾ ਕਿਹਾ ਕਿ ਨਿਤੀਸ਼ ਥੋੜ੍ਹਾ ਜਿਹਾ ਦਬਾਅ ਪੈਣ 'ਤੇ ਯੂ-ਟਰਨ ਲੈ ਲੈਂਦੇ ਹਨ। ਉਨ੍ਹਾ ਕਿਹਾ—ਮੈਂ ਨਿਤੀਸ਼ ਨੂੰ ਸਾਫ ਕਿਹਾ ਸੀ ਕਿ ਜਾਤੀ ਜਨਗਣਨਾ ਬਿਹਾਰ ਵਿਚ ਕਰਨੀ ਪਵੇਗੀ, ਅਸੀਂ ਇਸ ਵਿਚ ਛੋਟ ਨਹੀਂ ਦੇਵਾਂਗੇ। ਰਾਜਦ ਤੇ ਅਸੀਂ ਇਹ ਕੰਮ ਨਿਤੀਸ਼ ਜੀ 'ਤੇ ਦਬਾਅ ਪਾ ਕੇ ਕਰਵਾਇਆ। ਇਸ ਤੋਂ ਬਾਅਦ ਦੂਜੇ ਪਾਸੇ ਤੋਂ ਪ੍ਰੈਸ਼ਰ ਪਿਆ। ਭਾਜਪਾ ਨਹੀਂ ਚਾਹੁੰਦੀ ਸੀ ਕਿ ਇਸ ਦੇਸ਼ ਦਾ ਐੱਕਸਰੇ ਹੋਵੇ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋਵੇ। ਪਤਾ ਲੱਗ ਜਾਵੇਗਾ ਕਿ ਕਿੰਨੇ ਦਲਿਤ ਹਨ, ਕਿੰਨੇ ਆਦਿਵਾਸੀ ਹਨ ਤੇ ਕਿੰਨੇ ਗਰੀਬ ਹਨ, ਭਾਜਪਾ ਇਹ ਨਹੀਂ ਚਾਹੁੰਦੀ। ਨਿਤੀਸ਼ ਵਿਚਾਲੇ ਫਸ ਗਏ। ਭਾਜਪਾ ਨੇ ਨਿਕਲਣ ਦਾ ਰਾਹ ਦਿੱਤਾ ਤੇ ਉਹ ਉਸ ਰਾਹ ਥਾਣੀਂ ਨਿਕਲ ਗਏ। ਬਿਹਾਰ ਵਿਚ ਸਮਾਜੀ ਨਿਆਂ ਦੇਣ ਦੀ ਜ਼ਿੰਮੇਵਾਰੀ ਸਾਡੇ ਗਠਬੰਧਨ ਦੀ ਹੈ, ਨਿਤੀਸ਼ ਕੁਮਾਰ ਦੀ ਇੱਥੇ ਕੋਈ ਲੋੜ ਨਹੀਂ, ਅਸੀਂ ਆਪਣਾ ਕੰਮ ਕਰ ਲਵਾਂਗੇ।

# ਭਾਜਪਾ ਦੇ ਹੱਥ ਜਮਹੂਰੀਅਤ ਦੇ ਕਤਲ 'ਚ ਰੰਗੇ : ਭਗਵੰਤ ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 30 ਜਨਵਰੀ ਨੂੰ ਭਾਰਤੀ ਸਿਆਸਤ ਦੇ ਇਤਿਹਾਸ ਵਿੱਚ 'ਕਾਲੇ ਦਿਨ' ਵਜੋਂ ਯਾਦ ਕੀਤਾ ਜਾਵੇਗਾ, ਕਿਉਂਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੌਰਾਨ ਜਮਹੂਰੀਅਤ ਦੀਆਂ ਧੱਜੀਆਂ ਉਡਾਈਆਂ ਹਨ। ਪੰਜਾਬ ਭਵਨ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮੌਕੇ ਨੂੰ ਸਾਡੀ ਜਮਹੂਰੀਅਤ ਦੇ ਇਤਿਹਾਸ ਵਿੱਚ ਕਾਲੇ ਦਿਨ ਵਜੋਂ ਯਾਦ ਰੱਖਿਆ ਜਾਵੇਗਾ। ਉਨ੍ਹਾ ਕਿਹਾ ਕਿ ਜਿਸ ਮਹੀਨੇ ਪੂਰੇ ਦੇਸ਼ ਵਿੱਚ ਗਣਤੰਤਰ ਦਿਵਸ ਮਨਾਇਆ ਗਿਆ ਤਾਂ ਇਸੇ ਮਹੀਨੇ ਨੂੰ ਭਾਜਪਾ ਨੇ ਦੇਸ਼ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਲਈ ਚੁਣਿਆ। ਮਾਨ ਨੇ ਕਿਹਾ ਕਿ ਇਹ ਭਾਜਪਾ ਦੀ ਪੁਰਾਣੀ ਆਦਤ ਹੈ, ਕਿਉਂਕਿ ਉਸ ਨੇ ਪਹਿਲਾਂ ਵੀ ਮੱਧ ਪ੍ਰਦੇਸ਼, ਕਰਨਾਟਕ, ਗੋਆ, ਮਹਾਰਾਸ਼ਟਰ ਤੇ ਹੋਰ ਸੂਬਿਆਂ ਵਿੱਚ ਜਮਹੂਰੀ ਤਰੀਕੇ ਨਾਲ ਚੁਣੀਆਂ ਸਰਕਾਰਾਂ ਦਾ ਤਖ਼ਤਾ ਪਲਟਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇ ਸਿਰਫ਼ 36 ਵੋਟਾਂ ਦੀ ਗਿਣਤੀ ਨਿਰਪੱਖ ਤੇ ਪਾਰਦਰਸ਼ੀ ਤਰੀਕੇ ਨਾਲ ਨਹੀਂ ਹੋ ਸਕਦੀ ਤਾਂ ਸਮੁੱਚੇ ਦੇਸ਼ ਵਿੱਚ ਚੋਣਾਂ ਅਤੇ ਵੋਟਾਂ ਦੀ ਗਿਣਤੀ ਕਿਵੇਂ ਨਿਰਪੱਖ ਤਰੀਕੇ ਨਾਲ ਹੋਵੇਗੀ। ਇਹ ਆਗੂ ਆਪਣੇ ਨਿੱਜੀ ਸਵਾਰਥਾਂ ਲਈ ਵੋਟਰਾਂ ਤੋਂ ਬੈਲਟ ਪੇਪਰ ਲੁੱਟਣਗੇ ਅਤੇ ਪਹਿਲਾਂ ਈ ਵੀ ਐੱਮ ਇਨ੍ਹਾਂ ਆਗੂਆਂ ਦੇ ਘਰਾਂ ਤੋਂ ਮਿਲੀਆਂ ਸਨ। ਉਹਨਾ ਕਿਹਾ ਕਿ ਲੋਕਤੰਤਰ ਸਹੀ ਦਿਸ਼ਾ ਵਿੱਚ ਨਹੀਂ ਜਾ ਰਿਹਾ ਅਤੇ ਇਹ ਦੇਸ਼ ਤੇ ਆਮ ਆਦਮੀ ਦੇ ਹਿੱਤ ਵਿੱਚ ਨਹੀਂ।

ਉਹਨਾ ਕਿਹਾ ਕਿ ਭਾਜਪਾ ਨੇ ਜਾਣ-ਬੁੱਝ ਕੇ

● ਬਾਕੀ ਸਫ਼ਾ 2 'ਤੇ

# ਅਮਰੂਦ ਮੁਆਵਜ਼ਾ ਘੁਟਾਲੇ 'ਚ ਬਾਗਬਾਨੀ ਵਿਕਾਸ ਅਧਿਕਾਰੀ ਸਿੱਧੂ ਗ੍ਰਿਫ਼ਤਾਰ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਮੰਗਲਵਾਰ ਐੱਸ ਏ ਐੱਸ ਨਗਰ ਜ਼ਿਲ੍ਹੇ ਦੇ ਖਰੜ ਅਤੇ ਡੇਰਾ ਬੱਸੀ ਵਿਖੇ ਤਾਇਨਾਤ ਬਾਗਬਾਨੀ ਵਿਕਾਸ ਅਫਸਰ (ਐੱਚ ਡੀ ਓ) ਜਸਪ੍ਰੀਤ ਸਿੰਘ ਸਿੱਧੂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਐੱਸ ਏ ਐੱਸ ਨਗਰ ਵਿੱਚ ਅਮਰੂਦ ਦੇ ਮੁਆਵਜ਼ੇ ਸਬੰਧੀ ਬਹੁ-ਕਰੋੜੀ ਘੁਟਾਲੇ ਵਿੱਚ ਮੁਲਜ਼ਮ ਸੀ। ਇੱਥੇ ਸਟੇਟ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸਿੱਧੂ ਨੇ ਇਕ ਸਤੰਬਰ 2023 ਨੂੰ ਹਾਈ ਕੋਰਟ ਤੋਂ ਅੰਤਰਮ ਜ਼ਮਾਨਤ ਪ੍ਰਾਪਤ ਕਰ ਲਈ। ਹਾਲਾਂਕਿ, ਬਿਊਰੋ ਨੇ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਦਾ ਵਿਰੋਧ ਕੀਤਾ ਅਤੇ ਉਸ ਦੀ ਹਿਰਾਸਤੀ ਪੁੱਛਗਿੱਛ ਲਈ ਲੰਮੀਆਂ ਅਤੇ ਵਿਸਤ੍ਰਿਤ ਦਲੀਲਾਂ ਦੌਰਾਨ ਜਵਾਬ ਵਜੋਂ 3 ਹਲਫਨਾਮੇ/ ਜਵਾਬੀ ਹਲਫਨਾਮੇ ਦਾਇਰ ਕੀਤੇ। ਵਿਜੀਲੈਂਸ ਬਿਊਰੋ ਨੇ ਸਿੱਧੂ ਦੇ ਹੋਰ ਮੁਲਜ਼ਮ ਲਾਭਪਾਤਰੀਆਂ ਨਾਲ ਸੰਬੰਧ ਦਰਸਾਉਂਦੇ ਕਾਲ ਰਿਕਾਰਡ, ਵੱਖ-ਵੱਖ ਗਵਾਹਾਂ ਦੇ ਬਿਆਨ, ਛੇੜਛਾੜ ਕੀਤੇ ਤੇ ਜਾਲ੍ਹੀ ਦਸਤਾਵੇਜ਼ੀ ਰਿਕਾਰਡ ਅਤੇ ਗਮਾਡਾ ਕੋਲ ਪੇਸ਼ ਕੀਤੀ ਗਈ ਰਿਪੋਰਟ ਅਤੇ ਸੂਬੇ ਦੇ ਬਾਗਬਾਨੀ ਵਿਭਾਗ ਕੋਲ ਉਸੇ ਰਿਪੋਰਟ ਦੀ ਦਫਤਰੀ ਕਾਪੀ ਵਿਚਕਾਰ ਅੰਤਰ ਨੂੰ ਸਪੱਸ਼ਟ ਤੌਰ 'ਤੇ ਉਜਾਗਰ ਕੀਤਾ। ਇਸ ਤੋਂ ਇਲਾਵਾ ਦਫ਼ਤਰੀ ਕਾਪੀ ਵਿੱਚ ਉਕਤ ਬੂਟਿਆਂ ਦੀ ਦਰਸਾਈ ਗਈ ਸ਼੍ਰੇਣੀ ਗਮਾਡਾ ਕੋਲ ਪੇਸ਼ ਕੀਤੀ ਗਈ ਰਿਪੋਰਟ ਵਿੱਚ ਦਰਸਾਈ ਸ਼੍ਰੇਣੀ ਨਾਲੋਂ ਕਾਫ਼ੀ ਵੱਧ ਸੀ। ਇਸ ਉਪਰੰਤ ਹਾਈ ਕੋਰਟ ਨੇ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ। ਇਸ ਤੋਂ ਬਾਅਦ ਮੁਲਜ਼ਮ ਐੱਚ ਡੀ ਓ ਫਰਾਰ ਹੋ ਗਿਆ ਅਤੇ ਵਿਜੀਲੈਂਸ ਬਿਊਰੋ ਵੱਲੋਂ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਜਿਸ ਦੇ ਚਲਦਿਆਂ ਉਸ ਨੂੰ ਮੰਗਲਵਾਰ ਐੱਸ ਏ ਐੱਸ ਨਗਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਮੁਲਜ਼ਮ 2004 ਤੋਂ 2019 ਤੱਕ ਲਗਾਤਾਰ ਪਿਛਲੇ 15 ਸਾਲਾਂ ਤੋਂ ਐੱਚ ਡੀ ਓ. ਖਰੜ ਦੇ ਅਹੁਦੇ 'ਤੇ ਤਾਇਨਾਤ ਸੀ ਅਤੇ ਗਮਾਡਾ ਵੱਲੋਂ ਐਕਵਾਇਰ ਕੀਤੀਆਂ ਜ਼ਮੀਨਾਂ, ਜਿਵੇਂ ਐਰੋਸਿਟੀ, ਆਈ ਟੀ ਸਿਟੀ, ਸੈਕਟਰ 88-89 ਆਦਿ 'ਤੇ ਮੌਜੂਦ ਫਲਦਾਰ ਦਰੱਖਤਾਂ ਦੀ ਮਾਰਕੀਟ ਕੀਮਤ ਦਾ ਮੁਲਾਂਕਣ ਕਰਨ 'ਚ ਸ਼ਾਮਲ ਸੀ।

# ਸਿਫਰ ਮਾਮਲੇ 'ਚ ਇਮਰਾਨ ਤੇ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ



**ਇਸਲਾਮਾਬਾਦ :** ਪਾਕਿਸਤਾਨ ਦੀਆਂ 8 ਫਰਵਰੀ ਨੂੰ ਹੋਣ ਜਾ ਰਹੀਆਂ ਆਮ ਚੋਣਾਂ ਤੋਂ ਪਹਿਲਾਂ ਮੰਗਲਵਾਰ ਸਿਫਰ ਮਾਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਉਨ੍ਹਾ ਦੇ ਵਿਦੇਸ਼ ਮੰਤਰੀ ਰਹੇ ਸ਼ਾਹ ਮਹਿਮੂਦ ਕੁਰੈਸ਼ੀ ਨੂੰ 10-10 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਭੇਦ ਬਾਰੇ ਕਾਨੂੰਨ ਤਹਿਤ ਸਥਾਪਤ ਵਿਸ਼ੇਸ਼ ਅਦਾਲਤ ਦੇ ਜੱਜ ਅਬੁਲ ਹਸਨਤ ਜ਼ੁਲਕਰਨੈਨ ਨੇ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ 'ਚ ਕੇਸ ਦੀ ਸੁਣਵਾਈ ਦੌਰਾਨ ਇਹ ਫੈਸਲਾ ਦਿੱਤਾ ਹੈ। ਸਿਫਰ ਮਾਮਲਾ ਇਕ ਡਿਪਲੋਮੈਟਿਕ ਦਸਤਾਵੇਜ਼ (ਸਿਫਰ) ਨਾਲ ਸੰਬੰਧਤ ਹੈ। ਕੇਂਦਰੀ ਜਾਂਚ ਏਜੰਸੀ ਨੇ ਦੋਸ਼ ਲਾਇਆ ਸੀ ਕਿ ਇਮਰਾਨ ਨੇ ਉਹ ਵਾਪਸ ਨਹੀਂ ਕੀਤਾ। ਇਮਰਾਨ ਦੀ ਪਾਰਟੀ ਪੀ ਟੀ ਆਈ ਕਹਿੰਦੀ ਰਹੀ ਹੈ ਕਿ ਇਸ ਦਸਤਾਵੇਜ਼ ਵਿਚ ਅਮਰੀਕਾ ਦੀ ਇਮਰਾਨ ਨੂੰ ਸੱਤਾ ਵਿਚ ਲਾਹੁਣ ਦੀ ਧਮਕੀ ਸੀ। ਦੋਸ਼ ਹੈ ਕਿ ਇਮਰਾਨ ਨੇ ਇਹ ਗੁਪਤ ਦਸਤਾਵੇਜ਼ ਇਕ ਰੈਲੀ ਵਿਚ ਲਹਿਰਾਇਆ ਸੀ। ਜੱਜ ਨੇ ਇਮਰਾਨ ਨੂੰ ਪੁੱਛਿਆ ਸੀ ਕਿ ਸਿਫਰ ਕਿੱਥੇ ਹੈ।

ਇਮਰਾਨ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ, ਦਫਤਰ ਵਿਚ ਹੀ ਹੋਵੇਗਾ। ਚੋਣ ਕਮਿਸ਼ਨ ਇਮਰਾਨ ਦੀ ਪਾਰਟੀ ਦਾ ਚੋਣ ਨਿਸ਼ਾਨ ਜ਼ਬਤ ਕਰ ਚੁੱਕਾ ਹੈ ਤੇ ਉਸ ਦੇ ਉਮੀਦਵਾਰ ਵੱਖ-ਵੱਖ ਨਿਸ਼ਾਨਾਂ 'ਤੇ ਚੋਣ ਲੜ ਰਹੇ ਹਨ। ਇਮਰਾਨ ਤੇ ਕੁਰੈਸ਼ੀ ਜੇਲ੍ਹ ਵਿਚ ਹੀ ਹਨ। ਇਮਰਾਨ ਦੀ ਤਾਂ ਉਮੀਦਵਾਰੀ ਵੀ ਰੱਦ ਕੀਤੀ ਜਾ ਚੁੱਕੀ ਹੈ, ਜਦਕਿ ਕੁਰੈਸ਼ੀ ਨੇ ਥਾਰ ਹਲਕੇ ਤੋਂ ਚੋਣ ਲੜਨੀ ਸੀ, ਪਰ ਫੈਸਲੇ ਤੋਂ ਬਾਅਦ ਦੋਨੋਂ ਚੋਣ ਲੜਨ ਦੇ ਅਯੋਗ ਹੋ ਜਾਣਗੇ। ਇਸ ਤੋਂ ਪਹਿਲਾਂ ਤੋਸ਼ਾਖਾਨਾ ਕੇਸ ਵਿਚ 5 ਅਗਸਤ ਨੂੰ ਇਮਰਾਨ ਨੂੰ ਤਿੰਨ ਸਾਲ ਦੀ ਸਜ਼ਾ ਹੋਈ ਸੀ।

ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਨੇ ਫੈਸਲੇ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਹੈ ਕਿ ਇਹ ਇੱਕ ਭੜਕਾਊ ਮਾਮਲਾ ਹੈ। ਉਹ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦੇਵੇਗੀ। ਉਸ ਨੇ ਲੋਕਾਂ ਨੂੰ ਵੱਡੀ ਗਿਣਤੀ ਵਿਚ ਵੋਟਿੰਗ ਦੀ ਅਪੀਲ ਕੀਤੀ ਹੈ।

## ਸਪਾ ਨੇ ਲੋਕ ਸਭਾ ਚੋਣਾਂ ਲਈ 16 ਉਮੀਦਵਾਰ ਐਲਾਨੇ

**ਲਖਨਊ :** ਸਮਾਜਵਾਦੀ ਪਾਰਟੀ (ਸਪਾ) ਨੇ ਮੰਗਲਵਾਰ ਲੋਕ ਸਭਾ ਚੋਣਾਂ ਲਈ 16 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਪ੍ਰਧਾਨ ਅਖਿਲੇਸ਼ ਯਾਦਵ ਦੀ ਪਤਨੀ ਡਿੰਪਲ ਯਾਦਵ ਮੈਨਪੁਰੀ ਤੋਂ ਦੁਬਾਰਾ ਲੜੇਗੀ। ਵਿਧਾਇਕ ਰਵੀਦਾਸ ਮੈਹਰੋਤਰਾ ਤੇ ਲਾਲ ਜੀ ਵਰਮਾ ਲਖਨਊ ਤੇ ਅੰਬੇਡਕਰ ਨਗਰ ਤੋਂ ਲੜਨਗੇ। 93 ਸਾਲਾ ਸ਼ਫੀਕੁਰ ਰਹਿਮਾਨ ਬਰਕ ਸੰਭਲ ਤੋਂ ਲੜਨਗੇ, ਜਿੱਥੋਂ ਉਹ ਸਾਂਸਦ ਹਨ। ਅਕਸ਼ੈ ਯਾਦਵ ਫਿਰੋਜ਼ਾਬਾਦ, ਦੇਵੇਸ਼ ਸ਼ਾਕਿਆ ਈਟਾ, ਧਰਮਿੰਦਰ ਯਾਦਵ ਬੁਦੌਂਨ, ਉਤਕਰਸ਼ ਵਰਮਾ ਖੇੜੀ, ਆਨੰਦ ਭਦੌਰੀਆ ਧੌਰਾਹਾ, ਅਨੂੰ ਟੰਡਨ ਉਨਾਓ, ਨਵਲ ਕਿਸ਼ੋਰ ਸ਼ਾਕਿਆ ਫਰੂਖਾਬਾਦ, ਰਾਜਾਰਾਮ ਪਾਲ ਅਕਬਰਪੁਰ, ਸ਼ਿਵ ਸ਼ੰਕਰ ਸਿੰਘ ਪਟੇਲ ਬਾਂਦਾ, ਅਵਧੇਸ਼ ਪ੍ਰਸਾਦ ਫੈਜ਼ਾਬਾਦ, ਰਾਮ ਪ੍ਰਸਾਦ ਚੌਧਰੀ ਬਸਤੀ ਤੇ ਕਾਜਲ ਨਿਸ਼ਾਦ ਗੋਰਖਪੁਰ ਤੋਂ ਉਮੀਦਵਾਰ ਐਲਾਨੇ ਗਏ ਹਨ।

# ਬੀ ਕੇ ਐੱਮ ਯੂ ਦੀ ਜਨਰਲ ਕੌਂਸਲ ਮੀਟਿੰਗ ਸਫਲਤਾਪੂਰਵਕ ਸਮਾਪਤ

### ਖੇਤ ਮਜ਼ਦੂਰਾਂ ਦੇ ਜ਼ਖ਼ਮ ਕਦੋਂ ਤੱਕ ਰਿਸਦੇ ਰਹਿਣਗੇ : ਗੋਰੀਆ



ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮੈਂਬਰ ਪਾਰਲੀਮੈਂਟ ਸੁਬਰਾਇਨ, ਗੁਲਜ਼ਾਰ ਸਿੰਘ ਗੋਰੀਆ ਤੇ ਹੋਰ।

**ਚੇਨਈ (ਗਿਆਨ ਸੈਦਪੁਰੀ)**

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਇੱਥੇ 28 ਜਨਵਰੀ ਤੋਂ ਚੱਲ ਰਹੀ ਜਨਰਲ ਕੌਂਸਲ ਮੀਟਿੰਗ ਮਹੱਤਵਪੂਰਨ ਫੈਸਲੇ, ਭਵਿੱਖ ਵਿੱਚ ਕੀਤੇ ਜਾਣ ਵਾਲੇ ਕਾਰਜ ਨਿਰਧਾਰਤ ਕਰਕੇ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਆਪਸੀ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ, ਖੱਬੀਆਂ ਧਿਰਾਂ,

● ਬਾਕੀ ਸਫ਼ਾ 2 'ਤੇ

## ਭਾਰਤੀ ਨੇਵੀ ਨੇ 19 ਪਾਕਿਸਤਾਨੀ ਬਚਾਏ

**ਨਵੀਂ ਦਿੱਲੀ :** ਭਾਰਤੀ ਜੰਗੀ ਬੇੜੇ ਆਈ ਐੱਨ ਐੱਸ ਸੁਮਿੱਤਰਾ ਨੇ ਸੋਮਾਲੀਆ ਦੇ ਪੂਰਬੀ ਤੱਟ 'ਤੇ ਈਰਾਨ ਦੇ ਝੰਡੇ ਵਾਲੇ ਮੱਛੀ ਫੜਨ ਵਾਲੇ ਜਹਾਜ਼ 'ਤੇ ਸਮੁੰਦਰੀ ਡਾਕੂਆਂ ਦੇ ਹਮਲੇ ਤੋਂ ਬਾਅਦ 19 ਪਾਕਿਸਤਾਨੀ ਚਾਲਕ ਦਲ ਦੇ ਮੈਂਬਰਾਂ ਨੂੰ ਬਚਾਇਆ। ਬੇੜੇ ਨੂੰ ਅਦਨ ਦੀ ਖਾੜੀ ਅਤੇ ਸੋਮਾਲੀਆ ਦੇ ਪੂਰਬ 'ਚ ਡਕੈਤੀ ਵਿਰੋਧੀ ਤੇ ਸਮੁੰਦਰੀ ਸੁਰੱਖਿਆ ਕਾਰਜਾਂ ਲਈ ਤਾਇਨਾਤ ਕੀਤਾ ਗਿਆ ਹੈ। ਜਹਾਜ਼ ਨੇ ਸੋਮਵਾਰ ਨੂੰ ਈਰਾਨੀ ਜਹਾਜ਼ ਇਮਾਨ 'ਤੇ ਸਮੁੰਦਰੀ ਡਕੈਤੀ ਨਾਕਾਮ ਕਰ ਦਿੱਤੀ।

# 2 ਵੱਡੀਆਂ ਮੱਛੀਆਂ ਸਣੇ 5 ਤਸਕਰ ਗ੍ਰਿਫਤਾਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਪੰਜਾਬ ਪੁਲਸ ਨੇ ਨਸ਼ੇ ਦੇ ਧੰਦੇ 'ਚ ਵੱਡੀ ਮੱਛੀ ਮੰਨੇ ਜਾਂਦੇ ਦੋ ਭਗੌੜੇ ਭਰਾਵਾਂ ਤੇ ਉਨ੍ਹਾਂ ਦੇ ਤਿੰਨ ਸਾਥੀਆਂ ਨੂੰ 3 ਕਿਲੋ ਹੈਰੋਇਨ ਅਤੇ 5.25 ਲੱਖ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਮੁੱਖ ਅਪਰਾਧੀਆਂ ਦੀ ਪਛਾਣ ਮਨਜੀਤ ਸਿੰਘ ਉਰਫ ਮੰਨਾ ਅਤੇ ਲਵਜੀਤ ਸਿੰਘ ਉਰਫ ਲਵ ਉਰਫ ਲਾਭ ਦੋਵੇਂ ਵਾਸੀ ਗੁਰੂ ਕੀ ਵਡਾਲੀ, ਛੇਹਰਟਾ, ਅੰਮ੍ਰਿਤਸਰ ਵਜੋਂ ਹੋਈ ਹੈ, ਜਦਕਿ ਇਨ੍ਹਾਂ ਦੇ ਤਿੰਨ ਸਾਥੀਆਂ ਦੀ ਪਛਾਣ ਕੰਸ ਕੌਰ ਵਾਸੀ ਛੇਹਰਟਾ, ਅੰਮ੍ਰਿਤਸਰ, ਹਰਮਨਜੀਤ ਸਿੰਘ ਉਰਫ ਹਰਮਨ ਅਤੇ ਮਨਪ੍ਰੀਤ ਸਿੰਘ ਉਰਫ ਮੰਨਾ ਦੋਵੇਂ ਵਾਸੀ ਪਿੰਡ ਧੁੰਨ ਢਾਹੇ ਵਾਲਾ, (ਤਰਨ ਤਾਰਨ) ਵਜੋਂ ਹੋਈ ਹੈ। ਹੈਰੋਇਨ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦੀਆਂ ਤਿੰਨ ਕਾਰਾਂ ਟੋਇਟਾ ਫਾਰਚੂਨਰ, ਹੁੰਡਈ ਆਈ 20 ਅਤੇ ਰੇਨੋ ਪਲੱਸ ਅਤੇ ਇਕ ਸਪਲੈਂਡਰ ਮੋਟਰਸਾਈਕਲ ਨੂੰ ਜ਼ਬਤ ਕਰਨ ਤੋਂ ਇਲਾਵਾ ਉਨ੍ਹਾਂ ਦੇ ਕਬਜ਼ੇ ਵਿਚੋਂ ਇਲੈਕਟ੍ਰਾਨਿਕ ਕੰਡਾ ਵੀ ਜ਼ਬਤ ਕੀਤਾ ਹੈ। ਡੀ ਜੀ ਪੀ ਨੇ ਦੱਸਿਆ ਕਿ ਲਵਜੀਤ ਉਰਫ ਲਵ ਅਤੇ ਮਨਜੀਤ ਉਰਫ ਮੰਨਾ ਦੋਵੇਂ 2015 ਤੋਂ ਭਗੌੜੇ ਹਨ, ਜਿਨ੍ਹਾਂ ਖਿਲਾਫ ਐੱਨ ਡੀ ਪੀ ਐੱਸ ਐਕਟ ਤਹਿਤ ਦਰਜਨਾਂ ਕੇਸ ਦਰਜ ਹਨ। ਦੋਵੇਂ ਭਰਾ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ ਆਰ ਆਈ) ਮੁੰਬਈ ਨੂੰ 260 ਕਿਲੋਗ੍ਰਾਮ ਹੈਰੋਇਨ ਅਤੇ ਦਿੱਲੀ ਸਪੈਸ਼ਲ ਸੈੱਲ ਨੂੰ 356-ਕਿਲੋਗ੍ਰਾਮ ਹੈਰੋਇਨ ਦੇ

● ਬਾਕੀ ਸਫ਼ਾ 2 'ਤੇ

## ਸਾਬਕਾ ਡੀ ਜੀ ਪੀ ਦੀ ਨੂੰਹ ਦੇ ਗਹਿਣੇ ਚੋਰੀ

**ਨੋਇਡਾ :** ਯੂ ਪੀ ਦੇ ਸਾਬਕਾ ਡੀ ਜੀ ਪੀ ਵਿਭੂਤੀ ਨਰਾਇਣ ਰਾਏ ਦੇ ਨੋਇਡਾ ਸਥਿਤ ਘਰ 'ਚੋਂ ਚੋਰ ਗਹਿਣੇ ਚੁਰਾ ਕੇ ਲੈ ਗਏ। ਸਾਬਕਾ ਡੀ ਜੀ ਪੀ ਨੇ ਕਿਹਾ ਕਿ ਜਦੋਂ ਸੈਕਟਰ 128 ਨੋਇਡਾ 'ਚ ਉਨ੍ਹਾ ਦੀ ਰਿਹਾਇਸ਼ 'ਚ ਚੋਰੀ ਹੋਈ, ਉਹ ਸਿੰਗਾਪੁਰ 'ਚ ਸਨ। ਰਾਏ ਨੇ ਆਪਣੀ ਸ਼ਿਕਾਇਤ 'ਚ ਕਿਹਾ—ਮੈਂ 7 ਦਸੰਬਰ 2023 ਨੂੰ ਆਪਣੇ ਬੇਟੇ ਕੋਲ ਰਹਿਣ ਲਈ ਸਿੰਗਾਪੁਰ ਲਈ ਰਵਾਨਾ ਹੋਇਆ ਸੀ ਅਤੇ 29 ਜਨਵਰੀ 2024 ਨੂੰ ਵਾਪਸ ਆਇਆ ਸੀ। ਮੇਰਾ ਘਰੇਲੂ ਨੌਕਰ ਸੰਤੋਸ਼, ਜੋ ਮੇਰੇ ਨਾਲ ਨੋਇਡਾ 'ਚ ਰਹਿੰਦਾ ਹੈ, ਵੀ 7 ਦਸੰਬਰ ਨੂੰ ਆਪਣੇ ਪਿੰਡ ਗਿਆ ਸੀ। ਸੰਤੋਸ਼ ਮੇਰੇ ਵਾਪਸ ਆਉਣ ਤੋਂ ਇੱਕ ਦਿਨ ਪਹਿਲਾਂ 28 ਜਨਵਰੀ ਨੂੰ ਘਰ ਪਹੁੰਚਿਆ ਅਤੇ ਚੋਰੀ ਦੀ ਸੂਚਨਾ ਦਿੱਤੀ। ਮੈਂ ਵਾਪਸੀ 'ਤੇ ਦੇਖਿਆ ਕਿ ਮੇਰੇ ਬੇਟੇ ਅਤੇ ਨੂੰਹ ਦੇ ਕਮਰੇ ਵਿਚ 'ਬੈੱਡ ਬਾਕਸ' ਉਲਟਾ ਪਿਆ ਸੀ। ਕਮਰੇ ਦਾ ਤਾਲਾ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਚੋਰ ਅਸਫਲ ਰਹੇ। ਇਸ ਤੋਂ ਬਾਅਦ ਚੋਰ ਲਾਕਰ, ਜਿਸ ਵਿਚ ਨੂੰਹ ਦੇ ਗਹਿਣੇ ਸਨ, ਲੈ ਕੇ ਭੱਜ ਗਏ।

## ਅੱਜ-ਨਾਮਾ

ਰਹਿ ਗਏ ਵੇਖਦੇ ਲੀਡਰ ਤੇ ਮੀਡੀਆ ਵੀ,
ਚੰਡੀਗੜ੍ਹ ਮੇਅਰ ਦੀ ਹੋਈ ਜਾਂ ਚੋਣ ਬੇਲੀ।
ਕੈਮਰੇ ਸਾਹਵੇਂ ਚਲਾਕੀ ਆ ਹੋਈ ਜਿਹੜੀ,
ਧੱਬਾ ਮੁਸ਼ਕਲ ਹੈ ਇਹੋ ਜਿਹਾ ਧੋਣ ਬੇਲੀ।
ਲੱਗਿਆ ਜਿਨ੍ਹਾਂ ਦਾ ਦਾਅ ਉਹ ਜਾਣ ਨੱਚੀ,
ਜੀਹਨਾਂ ਮਾਤ ਖਾਧੀ ਉਹ ਪਏ ਰੋਣ ਬੇਲੀ।
ਜਿਹੜੀ ਡਿੱਠੀ ਪ੍ਰਕਿਰਿਆ ਸੀ ਐਸ ਵਾਰੀ,
ਪਹਿਲੀ ਹੋਈ ਨਾ, ਲੱਗੀ ਨਹੀਂ ਹੋਣ ਬੇਲੀ।
ਨੁਕਤਾਚੀਨੀ ਜਿਹੀ ਕਰੇ ਕੋਈ ਕਰੀ ਜਾਵੇ,
ਹਕੂਮਤੀ ਪੱਖ ਦਾ ਚੱਲ ਗਿਆ ਜ਼ੋਰ ਬੇਲੀ।
ਲੰਘਿਆ ਸੱਪ, ਲਕੀਰ ਕੋਈ ਜਾਏ ਪਿੱਟੀ,
ਦਿਨਾਂ ਢਾਈਆਂ ਤੋਂ ਵੱਧ ਨਹੀਂ ਸ਼ੋਰ ਬੇਲੀ।

-ਤੀਸ ਮਾਰ ਖਾਂ

# ਲਾਲਾ ਲਾਜਪਤ ਰਾਏ ਨੇ ਸਾਮਰਾਜ ਵਿਰੁੱਧ ਮਜ਼ਦੂਰ ਜਮਾਤ ਦੀ ਬੇਮਿਸਾਲ ਅਗਵਾਈ ਕੀਤੀ : ਅਮਰਜੀਤ ਕੌਰ

### ਏਟਕ ਭਵਨ ਦਿੱਲੀ 'ਚ ਲਾਲਾ ਲਾਜਪਤ ਰਾਏ ਦਾ ਬੁੱਤ ਸਥਾਪਤ




**ਲੁਧਿਆਣਾ (ਐੱਮ ਐੱਸ ਭਾਟੀਆ)**

28 ਜਨਵਰੀ ਦੇਸ਼ ਦੇ ਟਰੇਡ ਯੂਨੀਅਨ ਅੰਦੋਲਨ ਲਈ ਇੱਕ ਯਾਦਗਾਰ ਦਿਨ ਹੈ, ਕਿਉਂਕਿ ਭਾਰਤ ਦੇ ਪਹਿਲੇ ਰਾਸ਼ਟਰੀ ਕੇਂਦਰ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਬਾਨੀ ਪ੍ਰਧਾਨ ਲਾਲਾ ਲਾਜਪਤ ਰਾਏ ਦੇ ਬੁੱਤ ਦਾ ਉਨ੍ਹਾ ਦੇ ਜਨਮ ਦਿਨ 28 ਜਨਵਰੀ ਨੂੰ ਉਦਘਾਟਨ ਕੀਤਾ ਗਿਆ। ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਦੇ ਆਗੂਆਂ ਨੇ ਇਸ ਮੌਕੇ ਹਾਜ਼ਰੀ ਭਰੀ ਅਤੇ ਇਕੱਠ ਨੂੰ ਸੰਬੋਧਨ ਕੀਤਾ। ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕੀਤੀ। ਇਸ ਤੋਂ ਬਾਅਦ ਲਾਲਾ ਲਾਜਪਤ ਰਾਏ ਦੀ ਪੜਪੋਤੀ ਅਨੀਤਾ ਗੋਇਲ ਅਤੇ ਅਮਰਜੀਤ ਕੌਰ ਨੇ ਇੱਕ ਬੂਟਾ ਲਗਾਇਆ। ਇਹ ਬੂਟਾ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੀ ਟੀਮ ਵੱਲੋਂ ਦੇਸ਼ ਦੇ ਮਹਾਨ ਆਜ਼ਾਦੀ ਘੁਲਾਟੀਆਂ ਦੇ 50 ਪਿੰਡਾਂ ਤੋਂ ਇਕੱਠੀ ਕੀਤੀ ਮਿੱਟੀ ਨਾਲ ਲਾਇਆ ਗਿਆ। ਇਪਟਾ ਦੀ ਟੀਮ ਨੇ ਇਸ ਮੌਕੇ ਗੀਤ ਪੇਸ਼ ਕੀਤੇ। ਇਸ ਤੋਂ ਬਾਅਦ ਏਟਕ ਦੇ ਕੌਮੀ ਸਕੱਤਰ ਮੋਹਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਅਮਰਜੀਤ ਕੌਰ, ਅਨੀਤਾ ਗੋਇਲ, ਉੱਤਰ ਪ੍ਰਦੇਸ਼ ਏਟਕ ਦੇ ਪ੍ਰਧਾਨ ਵੀ ਕੇ ਸਿੰਘ, ਜਿਨ੍ਹਾ ਲਾਲਾ ਲਾਜਪਤ ਰਾਏ ਦਾ ਇਹ ਬੁੱਤ ਬਣਵਾਇਆ ਅਤੇ ਸੀਟੂ ਤੋਂ ਅਮਿਤਵ ਗੁਹਾ, ਇੰਟਕ ਤੋਂ ਅਮਜ਼ਦ, ਐੱਚ ਐੱਮ ਐੱਸ ਤੋਂ ਸ੍ਰੀਮਤੀ ਮਨਜੀਤ, ਏਟਕ ਤੋਂ ਆਰ ਕੇ ਸ਼ਰਮਾ, ਏ ਆਈ ਸੀ ਸੀ ਟੀ ਯੂ ਤੋਂ ਰਾਜੀਵ ਡਿਮਰੀ, ਸੇਵਾ ਤੋਂ ਸੁਮਨ, ਐੱਲ ਪੀ ਐੱਫ ਤੋਂ ਰਾਸ਼ਿਦ ਖਾਨ, ਟੀ ਯੂ ਸੀ ਸੀ ਤੋਂ ਧਰਮਿੰਦਰ, ਯੂ ਟੀ ਯੂ ਸੀ ਤੋਂ ਸ਼ਤਰੂਜੀਤ ਸਿੰਘ ਅਤੇ ਆਈ ਟੀ ਯੂ ਸੀ ਤੋਂ ਨਰਿੰਦਰ ਨੇ ਸੰਬੋਧਨ ਕੀਤਾ। ਅਮਰਜੀਤ ਕੌਰ ਨੇ ਮਜ਼ਦੂਰ ਵਰਗ ਨੂੰ ਸੱਦਾ ਦਿੱਤਾ ਕਿ ਉਹ ਆਰ ਐੱਸ ਐੱਸ-ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਹਮਲਾਵਰ ਹਮਲੇ ਦਾ ਟਾਕਰਾ ਕਰਨ ਲਈ ਅੱਗੇ ਆਵੇ, ਜੋ ਸਾਡੇ ਦੇਸ਼ ਦੀ ਆਜ਼ਾਦੀ, ਸਵੈ-ਨਿਰਭਰਤਾ ਅਤੇ ਪ੍ਰਭੂਸੱਤਾ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾ ਕਿਹਾ ਕਿ ਸੰਵਿਧਾਨ 'ਚ ਸਾਰੇ ਧਰਮਾਂ ਅਤੇ ਵਿਸ਼ਵਾਸਾਂ ਦੇ ਸਤਿਕਾਰ, ਭਾਸ਼ਾਵਾਂ, ਸੱਭਿਆਚਾਰਾਂ, ਸਾਡੇ ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ ਅਤੇ ਭਿੰਨ-ਭਿੰਨ ਤਿਉਹਾਰਾਂ ਦੇ ਬਹੁਲਵਾਦ ਨੂੰ ਇਸ ਸ਼ਾਸਨ ਅਧੀਨ ਚੁਣੌਤੀ ਦਿੱਤੀ ਗਈ ਹੈ। ਲਾਲਾ ਲਾਜਪਤ ਰਾਏ ਨੇ ਜ਼ਾਲਮ ਸਾਮਰਾਜੀਆਂ ਅਤੇ ਪੂੰਜੀਪਤੀਆਂ ਵਿਰੁੱਧ ਮਜ਼ਦੂਰ ਜਮਾਤ ਦੇ ਨਾਲ ਖੜੇ ਹੋ ਕੇ ਭਾਰਤੀ ਲੋਕਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਦੇ ਦਿੱਤੀ ਅਤੇ ਆਜ਼ਾਦ ਭਾਰਤ ਦਾ ਸੁਪਨਾ ਲਿਆ। ਉਨ੍ਹਾ ਦੀ ਯਾਦ ਵਿੱਚ ਅਸੀਂ ਉਨ੍ਹਾਂ ਲੋਕਾਂ ਵਿਰੁੱਧ ਲੜਾਈ ਜਾਰੀ ਰੱਖਣ ਦਾ ਪ੍ਰਣ ਕਰਦੇ ਹਾਂ, ਜੋ 'ਭਾਰਤ ਦੇ ਵਿਚਾਰ' ਨੂੰ ਤਬਾਹ ਕਰ ਰਹੇ ਹਨ ਅਤੇ ਦੇਸ਼ ਦੇ ਮਜ਼ਦੂਰ ਅਤੇ ਕਿਸਾਨ ਇਨ੍ਹਾਂ ਦੁਸ਼ਮਣਾਂ ਨੂੰ ਸੱਤਾ ਦੀਆਂ ਕੁਰਸੀਆਂ ਤੋਂ ਬੇਦਖਲ ਕਰਨਗੇ। ਅਨੀਤਾ ਗੋਇਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲਾਲਾ ਲਾਜਪਤ ਰਾਏ ਦੀ ਸ਼ਖਸੀਅਤ ਸਰਬਪੱਖੀ ਅਤੇ ਬਹੁਪੱਖੀ ਸੀ। ਦੇਸ਼ ਦੀ ਆਜ਼ਾਦੀ ਲਈ ਇੱਕ ਮੋਹਰੀ ਲੜਾਕੂ ਹੋਣ ਤੋਂ ਇਲਾਵਾ ਉਹਨਾ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਇਆ ਅਤੇ ਕਈ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ। ਸਮੂਹ ਟਰੇਡ ਯੂਨੀਅਨ ਆਗੂਆਂ ਨੇ ਮਜ਼ਦੂਰਾਂ-ਕਿਸਾਨਾਂ ਦੀ ਵਧ ਰਹੀ ਏਕਤਾ ਨੂੰ ਮਜ਼ਬੂਤ ਕਰਨ ਅਤੇ 16 ਫਰਵਰੀ ਨੂੰ ਸਾਂਝੇ ਕਿਸਾਨ ਮੋਰਚੇ ਦੇ ਸੱਦੇ 'ਤੇ ਟਰੇਡ ਯੂਨੀਅਨਾਂ/ ਫੈਡਰੇਸ਼ਨਾਂ ਅਤੇ ਜਥੇਬੰਦੀਆਂ ਵੱਲੋਂ ਉਦਯੋਗਿਕ/ਖੇਤਰੀ ਹੜਤਾਲ ਅਤੇ ਪੇਂਡੂ ਬੰਦ ਦੇ ਨਾਲ-ਨਾਲ ਦੇਸ਼ ਭਰ ਵਿੱਚ ਜਨਤਕ ਲਾਮਬੰਦੀ ਦੇ ਆਗਾਮੀ ਪ੍ਰੋਗਰਾਮਾਂ ਦਾ ਸੱਦਾ ਦਿੱਤਾ। ਇਸ ਨੂੰ ਸਫਲ ਬਣਾਉਣ ਲਈ ਲੜਾਈ ਜਾਰੀ ਰੱਖਣੀ ਹੈ। ਇਸ ਤੋਂ ਬਾਅਦ ਇਸ ਨਿਜ਼ਾਮ ਨੂੰ ਹਟਾਉਣ ਲਈ ਮੁਹਿੰਮ ਜਾਰੀ ਰਹੇਗੀ, ਜੋ ਸਾਡੇ ਦੇਸ਼ ਦੇ ਖਿਲਾਫ ਇੱਕ ਕਾਰਪੋਰੇਟ-ਫਿਰਕੂ ਗਠਜੋੜ ਹੈ। ਲੋਕਾਂ ਨੂੰ ਬਚਾਉਣ ਅਤੇ ਦੇਸ਼ ਨੂੰ ਬਚਾਉਣ ਲਈ ਅੱਗੇ ਵਧਣ ਦਾ ਇਹ ਸਪੱਸ਼ਟ ਸੰਦੇਸ਼ ਦਿੱਤਾ ਗਿਆ। ਕੁਨਾਲ ਰਾਵਤ ਨੇ ਆਪਣੇ ਧੰਨਵਾਦੀ ਮਤੇ ਵਿੱਚ ਕਿਹਾ ਕਿ ਏਟਕ ਦੇ ਬਾਨੀ ਪ੍ਰਧਾਨ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਵਾਰ ਦਿੱਤੀ, ਅੱਜ ਸਾਨੂੰ ਆਜ਼ਾਦੀ, ਇਸ ਦੇ ਲਾਭ ਅਤੇ ਸਾਡੇ ਸੰਵਿਧਾਨ ਦੀ ਰੱਖਿਆ ਦਾ ਫਰਜ਼ ਸੌਂਪਿਆ ਗਿਆ ਹੈ।

## ਤਰਕਸ਼ੀਲ ਚੇਤਨਾ ਪ੍ਰੀਖਿਆ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਧੂਰੀ (ਸੁਖਦੇਵ ਧੂਰੀ)**-ਤਰਕਸੀਲ ਸੁਸਾਇਟੀ ਪੰਜਾਬ ਵੱਲੋਂ ਲਈ ਗਈ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਗੋਲਡਨ ਬੈੱਲਜ ਪਬਲਿਕ ਸਕੂਲ ਵਿੱਚ ਵਿਸ਼ੇਸ਼ ਸਮਾਗਮ ਦੌਰਾਨ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਜੋਰਾ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਸੀ। ਉਨ੍ਹਾਂ ਤਰਕਸ਼ੀਲ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਅੱਗੇ ਤੋਂ ਵੀ ਭਰਵਾਂ ਸਹਿਯੋਗ ਕਰਨ ਦਾ ਐਲਾਨ ਕੀਤਾ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਆਗੂ ਰਜਿੰਦਰ ਰਾਜੂ ਧੂਰੀ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਸੁਸਾਇਟੀ ਦੇ ਕੰਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ।

## ਤੇਜਪਾਲ ਸਿੰਘ ਗੋਗੀ ਹੋਏ ਭਾਜਪਾ 'ਚ ਸ਼ਾਮਲ



**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**-ਵਿਧਾਨ ਸਭਾ ਹਲਕਾ ਨਾਭਾ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਝਟਕਾ ਲੱਗਾ, ਜਦੋਂ ਆਪ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਪ੍ਰੀਸਦ ਮੈਂਬਰ ਤੇਜਪਾਲ ਸਿੰਘ ਗੋਗੀ ਟਿਵਾਣਾ ਦਿੱਤੂਪਰ ਜੱਟਾਂ ਆਮ ਆਦਮੀ ਪਾਰਟੀ ਛੱਡ ਕੇ ਮੈਂਬਰ ਪਾਰਲੀਮੈਂਟ ਮਹਾਰਾਣੀ ਪ੍ਰਨੀਤ ਕੌਰ ਤੇ ਬੀਬੀ ਜੈਇੰਦਰ ਕੌਰ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਜ਼ਿਕਰਯੋਗ ਹੈ ਤੇਜਪਾਲ ਸਿੰਘ ਗੋਗੀ ਟਿਵਾਣਾ ਲੰਮਾ ਸਮਾਂ ਕਾਂਗਰਸ ਪਾਰਟੀ ਵਿੱਚ ਬਤੌਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਪਿੰਡ ਦਿੱਤੂਪੁਰ ਜੱਟਾਂ ਦੇ ਸਰਪੰਚ ਵਜੋਂ ਲੋਕਾਂ ਦੀ ਸੇਵਾ ਕੀਤੀ। ਇਸ ਮੌਕੇ ਮਹਾਰਾਣੀ ਪ੍ਰਨੀਤ ਕੌਰ ਮੈਂਬਰ ਪਾਰਲੀਮੈਂਟ ਨੇ ਉਨ੍ਹਾਂ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਗੋਗੀ ਟਿਵਾਣਾ ਨੂੰ ਜਲਦੀ ਹੀ ਪਾਰਟੀ ਵਿੱਚ ਅਹਿਮ ਜ਼ਿੰਮੇਵਾਰੀ ਸੌਂਪੀ ਜਾਵੇਗੀ। ਇਸ ਉਪਰੰਤ ਗੋਗੀ ਟਿਵਾਣਾ ਨੇ ਕਿ ਉਹ ਭਾਰਤੀ ਜਨਤਾ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਹਰਮੇਸ਼ ਗੋਇਲ, ਹਲਕਾ ਸਮਾਣਾ ਤੋਂ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਐਸ ਸੀ ਮੋਰਚਾ ਜ਼ਿਲ੍ਹਾ ਪ੍ਰਧਾਨ ਬਰਿੰਦਰ ਬਿੱਟੂ ਆਦਿ ਮੌਜੂਦ ਸਨ।

## ਸਾਹਿਤ ਸਭਾ ਮਾਛੀਵਾੜਾ ਦੀ ਸਾਹਿਤਕ ਬੈਠਕ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਾਹਿਤ ਸਭਾ ਮਾਛੀਵਾੜਾ ਦੀ ਸਾਹਿਤਕ ਇਕੱਤਰਤਾ ਇੱਥੋਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਉੱਘੇ ਲੇਖਕ ਰਘਬੀਰ ਸਿੰਘ ਭਰਤ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਇਕ ਸ਼ੋਕ ਮਤੇ ਰਾਹੀਂ ਨਾਮਵਰ ਸ਼ਾਇਰ ਤੇ ਚਿੱਤਰਕਾਰ ਇਮਰੋਜ਼ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸ਼ਾਇਰ ਨਿਰੰਜਨ ਸੂਖਮ ਤੇ ਭਰਤ ਨੇ ਇਮਰੋਜ਼ ਹੁਰਾਂ ਬਾਰੇ ਭਾਵਪੂਰਤ ਗੱਲਾਂ ਕੀਤੀਆਂ। ਗਣਤੰਤਰ ਦਿਵਸ ਦੇ ਤਹਿਸੀਲ ਪੱਧਰੀ ਸਮਾਗਮ ਸਮਰਾਲਾ ਵਿਖੇ ਸਾਹਿਤਕਾਰ ਰਘਬੀਰ ਸਿੰਘ ਭਰਤ ਨੂੰ ਸਨਮਾਨਤ ਕਰਨ 'ਤੇ ਸਭਾ ਵੱਲੋਂ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਰਚਨਾਵਾਂ ਦੇ ਦੌਰ ਵਿੱਚ ਕਸ਼ਮੀਰ ਸਿੰਘ, ਰਘਬੀਰ ਸਿੰਘ ਭਰਤ, ਡਾਇਰੈਕਟਰ ਗੁਰਮੁਖਦੀਪ, ਸ਼ਾਇਰ ਮਲਕੀਤ ਸਿੰਘ, ਡਾ. ਅਮਰਜੀਤ ਸਹਿਗਲ ਤੇ ਸ਼ਾਇਰ ਨਿਰੰਜਨ ਸੂਖਮ ਨੇ ਆਪੋ ਆਪਣੀਆਂ ਰਚਨਾਵਾਂ ਸਣਾਈਆਂ। ਇਸ ਇਕੱਤਰਤਾ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਨਿਰੰਜਨ ਸੂਖਮ ਨੇ ਕੀਤਾ। ਰਚਨਾਵਾਂ 'ਤੇ ਉਸਾਰੂ ਬਹਿਸ ਵਿੱਚ ਹਾਜ਼ਰ ਸਾਹਿਤਕਾਰਾਂ ਨੇ ਭਾਗ ਲਿਆ। ਅੰਤ ਵਿੱਚ ਰਘਬੀਰ ਸਿੰਘ ਭਰਤ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਰਾਜਵਿੰਦਰ ਸਿੰਘ ਕੈਨੇਡਾ ਨੇ ਬਜ਼ੁਰਗਾਂ ਲਈ ਕੀਤੀ ਟਰੈਕ ਸੂਟਾਂ ਦੀ ਸੇਵਾ



**ਜਗਰਾਉਂ (ਸੰਜੀਵ ਅਰੋੜਾ)**-ਪ੍ਰਭ ਆਸਰਾ ਨਿਆਸਰਿਆਂ ਦੇ ਘਰ ਫੇਰੂਰਾਈਂ ਵਿਖੇ ਮੰਦਬੁੱਧੀ ਬੱਚਿਆਂ ਤੇ ਬਜ਼ੁਰਗਾਂ ਲਈ ਕੈਨੇਡਾ ਨਿਵਾਸੀ ਰਾਜਵਿੰਦਰ ਸਿੰਘ ਸਿਵੀਆਂ ਨੇ ਟਰੈਕ ਸੂਟਾਂ ਤੇ ਖਾਣ-ਪੀਣ ਦੀਆਂ ਵਸਤਾਂ ਦੀ ਸੇਵਾ ਕਰਵਾਈ। ਰਾਜਵਿੰਦਰ ਸਿੰਘ ਸਿਵੀਆ ਨੇ ਦੱਸਿਆ ਕਿ ਉਹ ਪਹਿਲੀ ਵਾਰ ਇੱਥੇ ਆਇਆ ਹੈ ਤੇ ਆਪਣੇ ਹੱਥੀਂ ਬਜ਼ੁਰਗਾਂ ਦੀ ਸੇਵਾ ਕਰਕੇ ਬਹੁਤ ਹੀ ਵਧੀਆ ਲੱਗ ਰਿਹਾ ਹੈ, ਅਸਲ ਵਿੱਚ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਇਨ੍ਹਾਂ ਨਿਆਸਰਿਆਂ ਲਈ ਆਪਣਾ ਬਣਦਾ ਸੇਵਾ ਲਈ ਯੋਗਦਾਨ ਪਾਉਣਾ ਚਾਹੀਦਾ ਹੈ। ਪ੍ਰਭ ਆਸਰਾ ਦੇ ਮੈਂਬਰਾਂ ਨੇ ਦੱਸਿਆ ਕਿ ਫੇਰੂਰਾਈਂ ਵਿਖੇ ਪੰਜਾਹ ਦੇ ਕਰੀਬ ਮੰਦਬੁੱਧੀ ਬੱਚੇ ਤੇ ਬਜ਼ੁਰਗ ਰਹਿ ਰਹੇ ਹਨ ਤੇ ਇਨ੍ਹਾਂ ਦੀ ਸੇਵਾ ਤੇ ਸੰਭਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸਮਾਜ ਭਲਾਈ ਦੇ ਕੰਮਾਂ ਵਿੱਚ ਪ੍ਰਭ ਆਸਰਾ ਫੇਰੂਰਾਈਂ ਵੱਲੋਂ ਆਪਣਾ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਪ੍ਰਭ ਆਸਰਾ ਦੇ ਕਮੇਟੀ ਮੈਂਬਰਾਂ ਵੱਲੋਂ ਰਾਜਵਿੰਦਰ ਸਿੰਘ ਸਿਵੀਆ ਕੈਨੇਡਾ ਨਿਵਾਸੀ ਤੇ ਅਮਰਜੋਤ ਸਿੰਘ ਕੈਂਥ ਪ੍ਰਧਾਨ ਨਾਮਦੇਵ ਗੁਰਦਵਾਰਾ ਕਮੇਟੀ ਜਗਰਾਉਂ ਦਾ ਬਜ਼ੁਰਗਾਂ ਲਈ ਕੀਤੀ ਟ੍ਰੈਕ ਸੂਟਾਂ ਦੀ ਸੇਵਾ ਲਈ ਧੰਨਵਾਦ ਕੀਤਾ ਗਿਆ। ਇਸ ਸਮੇਂ ਦਰਸ਼ਨ ਸਿੰਘ ਬਾਬਾ, ਪ੍ਰਧਾਨ ਅਮਰਜੋਤ ਸਿੰਘ ਕੈਂਥ ਤੇ ਹਰਦੀਪ ਸਿੰਘ ਬਿੰਜਲ ਹਾਜ਼ਰ ਸਨ।

## ਓਮੇਸ਼ ਛਾਬੜਾ, ਵਿਸ਼ਾਲ ਸ਼ਰਮਾ ਤੇ ਗਰੀਨ ਮਿਸ਼ਨ ਟੀਮ ਦਾ ਸਨਮਾਨ



**ਜਗਰਾਉਂ (ਸੰਜੀਵ ਅਰੋੜਾ)**-ਦੇਸ਼ ਦੇ ਮਹਾਨ ਸ਼ਹੀਦ ਲਾਲਾ ਲਾਜਪਤ ਰਾਏ ਜੀ ਦੇ ਜਨਮ ਦਿਵਸ 'ਤੇ ਲਾਜਪਤ ਰਾਏ ਚੈਰੀਟੇਬਲ ਵੈੱਲਫੇਅਰ ਸੁਸਾਇਟੀ ਜਗਰਾਉਂ ਵੱਲੋਂ ਸਾਦਾ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਲੋਕ ਸਭਾ ਹਲਕਾ ਲੁਧਿਆਣਾ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ, ਅੰਕਿਤ ਬਾਂਸਲ, ਡਾ. ਦਿਪੇਸ਼ ਬੱਤਰਾ ਤੇ ਉਨ੍ਹਾਂ ਦੀ ਪਤਨੀ ਡਾ. ਮਨਮੀਤ ਬੱਤਰਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਲਾਜਪਤ ਰਾਏ ਟਰੱਸਟ ਨੇ ਲਾਲਾ ਜੀ ਦੇ ਜੱਦੀ ਘਰ ਦੀ ਸਾਂਭ ਸੰਭਾਲ ਤੇ ਘਰ ਨੂੰ ਹੈਰੀਟੇਜ ਇਮਾਰਤ ਘੋਸ਼ਿਤ ਕਰਨ ਦੀ ਮੰਗ ਕੀਤੀ ਅਤੇ ਲਾਲਾ ਜੀ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਸਮਾਗਮ ਦੌਰਾਨ ਟਰੱਸਟ ਵੱਲੋਂ ਸ਼ਹਿਰ 'ਚ ਅਣਗਿਣਤ ਲਾਵਾਰਿਸ ਲਾਸ਼ਾਂ ਦਾ ਸੰਸਕਾਰ ਕਰਨ ਵਾਲੇ ਵਿਸ਼ਾਲ ਸ਼ਰਮਾ, ਸਮਾਜ ਸੇਵੀ ਓਮੇਸ਼ ਛਾਬੜਾ ਹੈਲਪਿੰਗ ਹੈਂਡ, ਕ੍ਰਿਸ਼ਨਾ ਗਊਸ਼ਾਲਾ ਕਮੇਟੀ, ਛੋਟਾ ਸ਼ਸ਼ਮ ਗਰਭ ਜਿਸ ਨੇ ਅਰਬ ਦੇਸ਼ ਵਿੱਚ ਗੋਲਡ ਮੈਡਲ ਜਿੱਤਿਆ ਅਤੇ ਸ਼ਹਿਰ 'ਚ ਵਧੀਆ ਕੰਮ ਕਰਨ ਵਾਲੀ ਸੰਸਥਾ ਗਰੀਨ ਮਿਸ਼ਨ ਪੰਜਾਬ ਟੀਮ ਸਤਪਾਲ ਸਿੰਘ ਦੇਹੜਕਾ, ਪ੍ਰੋ: ਕਰਮ ਸਿੰਘ ਸੰਧੂ, ਮਾ: ਹਰਨਰਾਇਣ ਸਿੰਘ ਤੇ ਮੈਡਮ ਕੰਚਨ ਗੁਪਤਾ ਆਦਿ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਿੱਥੇ ਸ਼ਹਿਰ ਵਾਸੀ ਹਾਜ਼ਰ ਸਨ, ਉਥੇ ਲਾਜਪਤ ਰਾਏ ਟਰੱਸਟ ਦੇ ਸਮੂਹ ਅਹੁਦੇਦਾਰ ਵੀ ਹਾਜ਼ਰ ਸਨ।

## ਅਵਤਾਰ ਸਿੰਘ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ 'ਆਪ' ਆਗੂ ਅਵਤਾਰ ਸਿੰਘ ਮਹਿਲ ਖ਼ੁਰਦ ਨੂੰ ਕਿਸਾਨ ਵਿੰਗ ਜ਼ਿਲ੍ਹਾ ਬਰਨਾਲਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਆਪਣੀ ਰਿਹਾਇਸ਼ 'ਤੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਦਾ ਮੂੰਹ ਮਿੱਠਾ ਕਰਵਾਉਂਦਿਆਂ ਆਸ ਪ੍ਰਗਟ ਕੀਤੀ ਕਿ ਕਿਸਾਨ ਪਰਿਵਾਰ ਨਾਲ ਸਬੰਧਤ ਅਵਤਾਰ ਸਿੰਘ ਮਹਿਲ ਖ਼ੁਰਦ ਜ਼ਿਲ੍ਹਾ ਬਰਨਾਲਾ ਅੰਦਰ ਕਿਸਾਨਾਂ ਨੂੰ ਪਾਰਟੀ ਦੇ ਝੰਡੇ ਹੇਠਾਂ ਲਾਮਬੰਦ ਕਰਨ 'ਚ ਅਹਿਮ ਭੂਮਿਕਾ ਨਿਭਾਉਣਗੇ।ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਮਹਿਲ ਖ਼ੁਰਦ ਨੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤੇ ਪਾਰਟੀ ਹਾਈਕਮਾਂਡ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਬਿੰਦਰ ਸਿੰਘ ਖਾਲਸਾ ਪੀ.ਏ., ਮੁੱਖ ਸਲਾਹਕਾਰ ਦਵਿੰਦਰ ਸਿੰਘ ਧਨੋਆ, ਸੁਖਵਿੰਦਰ ਦਾਸ ਕੁਰੜ, ਬਲਾਕ ਪ੍ਰਧਾਨ ਸਰਬਜੀਤ ਸਿੰਘ ਸ਼ੰਭੂ, ਗੁਰਜੀਤ ਸਿੰਘ ਧਾਲੀਵਾਲ, ਮਨਜੀਤ ਸਿੰਘ ਸਹਿਜੜਾ, ਪੁਨੀਤ ਮਾਨ ਗਹਿਲ, ਮੋਹਿਤ ਕੁਮਾਰ ਗਰਗ, ਹਾਕਮ ਸਿੰਘ ਛੀਨੀਵਾਲ ਆਦਿ ਆਗੂਆਂ ਨੇ ਇਸ ਨਿਯੁਕਤੀ 'ਤੇ ਖ਼ੁਸ਼ੀ ਪ੍ਰਗਟ ਕੀਤੀ ਹੈ।

## ਪਿੰਡ ਬਰਾਸਰੀ, ਰਾਏਪੁਰ ਤੇ ਰੂਪਵਾਸ 'ਚ 24 ਤੋਂ ਵੱਧ ਪਸ਼ੂਆਂ ਦੀ ਮੌਤ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਪਿਛਲੇ ਕੁਝ ਦਿਨਾਂ ਤੋਂ ਸਿਰਸਾ ਜ਼ਿਲ੍ਹੇ ਦੇ ਪਿੰਡ ਬਰਾਸਰੀ, ਰਾਏਪੁਰ ਤੇ ਰੂਪਵਾਸ ਵਿੱਚ ਪਸ਼ੂਆਂ ਦੀ ਬੇਵਕਤੀ ਮੌਤ ਲਗਾਤਾਰ ਹੋ ਰਹੀ ਹੈ।ਇਨ੍ਹਾਂ ਪਿੰਡਾਂ ਵਿੱਚ 24 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ, ਜਿਸ ਕਾਰਨ ਪਸ਼ੂ ਪਾਲਕਾਂ ਦਾ ਭਾਰੀ ਮਾਲੀ ਨੁਕਸਾਨ ਹੋਇਆ ਹੈ, ਪਰ ਦੂਜੇ ਪਾਸੇ ਪਸ਼ੂ ਪਾਲਣ ਵਿਭਾਗ ਅੱਤ ਦੀ ਠੰਢ ਨੂੰ ਪਸ਼ੂਆਂ ਦੀ ਮੌਤ ਦਾ ਕਾਰਨ ਦੱਸ ਰਿਹਾ ਹੈ।ਮਿਲੀ ਜਾਣਕਾਰੀ ਅਨੁਸਾਰ ਪਿੰਡ ਰੂਪਵਾਸ ਦੇ ਪਸ਼ੂ ਪਾਲਕਾਂ ਦੇ ਬਹੁਤ ਸਾਰੇ ਪਸ਼ੂ ਬਿਮਾਰੀ ਦੀ ਲਪੇਟ ਵਿੱਚ ਹਨ।ਪਸ਼ੂ ਪਾਲਕਾਂ ਨੇ ਦੱਸਿਆ ਕਿ ਪਸ਼ੂਆਂ ਦੇ ਮੂੰਹ ਵਿੱਚ ਛਾਲੇ ਹੁੰਦੇ ਹਨ ਤੇ ਇਸ ਤੋਂ ਬਾਅਦ ਖੜ੍ਹਾ ਪਸ਼ੂ ਹੀ ਡਿੱਗ ਕੇ ਮਰ ਰਿਹਾ ਹੈ।ਪਸ਼ੂ ਪਾਲਕਾਂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਪਸ਼ੂਆਂ ਦੀ ਮੌਤ ਕਾਰਨ ਚਰਵਾਹੇ ਚਿੰਤਤ ਹਨ, ਜਦੋਂਕਿ ਪਸ਼ੂ ਪਾਲਣ ਵਿਭਾਗ ਕੋਈ ਧਿਆਨ ਨਹੀਂ ਦੇ ਰਿਹਾ।

ਦੂਜੇ ਪਾਸੇ ਜਦੋਂ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਬੀ. ਐੱਸ. ਬਾਂਸਲ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਰਾਸਰੀ, ਰਾਏਪੁਰ ਤੇ ਰੂਪਵਾਸ ਵਿੱਚ ਪਸ਼ੂਆਂ ਦੇ ਮਰਨ ਦੀ ਸੂਚਨਾ ਮਿਲੀ ਹੈ।ਇਨ੍ਹਾਂ ਪਿੰਡਾਂ ਵਿੱਚ ਪਸ਼ੂ ਡਾਕਟਰ ਭੇਜੇ ਗਏ ਹਨ।ਅੱਤ ਦੀ ਠੰਢ ਨਾਲ ਪਸ਼ੂਆਂ ਵਿੱਚ ਨਿਮੋਨੀਆ ਹੋ ਰਿਹਾ ਹੈ।ਪਸ਼ੂ ਮਾਲਕਾਂ ਨੂੰ ਪਸ਼ੂਆਂ ਨੂੰ ਠੰਢ ਤੋਂ ਬਚਾਉਣ ਲਈ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

## ਸੂਬਾ ਸਰਕਾਰ ਰੰਗਲਾ ਪੰਜਾਬ ਸਿਰਜਣ ਲਈ ਯਤਨਸ਼ੀਲ : ਵਿਧਾਇਕ ਬਾਜ਼ੀਗਰ

### 116 ਲਾਭਪਾਤਰੀਆਂ ਨੂੰ ਪੰਜ-ਪੰਜ ਮਰਲਿਆਂ ਦੇ ਪਲਾਟਾਂ ਦੀਆਂ ਸਨਦਾਂ ਤਕਸੀਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਗ੍ਰਾਮ ਪੰਚਾਇਤ ਜਵਾਲਾਪੁਰ ਉਰਫ਼ ਬ੍ਰਾਹਮਣਮਾਜਰਾ ਦੇ 116 ਲਾਭਪਾਤਰੀਆਂ ਲਈ ਪੰਜ-ਪੰਜ ਮਰਲੇ ਦੇ ਪਲਾਟਾਂ ਤੇ ਪਿੰਡ ਵਿੱਚ ਬਣੇ ਖੇਡ ਗਰਾਊਂਡ ਦਾ ਉਦਘਾਟਨ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਕੀਤਾ ਗਿਆ। ਇਸ ਸਮਾਗਮ ਵਿੱਚ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਬੀਰ ਸਿੰਘ ਗਿੱਲ ਯੂ ਕੇ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਵਾਈ। ਉਦਘਾਟਨੀ ਸਮਾਰੋਹ ਉਪਰੰਤ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸਰਕਾਰ ਸੂਬੇ ਦੇ ਸਾਰੇ ਵਰਗਾਂ ਦੀ ਬਿਹਤਰੀ ਦੀ ਲਗਾਤਾਰ ਯਤਨਸ਼ੀਲ ਹੈ। ਅਕਾਲੀ ਦਲ ਤੇ ਕਾਂਗਰਸ ਦੀਆਂ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਕਰਕੇ ਸੂਬਾ ਕੰਗਾਲੀ ਦੀਆਂ ਰਾਹ 'ਤੇ ਚਲਿਆ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਮੁੜ ਤੋਂ ਪੰਜਾਬ ਵਿੱਚ ਖੁਸ਼ਹਾਲੀ ਦੀ ਲਹਿਰ ਚਲਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਸਿੱਖਿਆ, ਸਿਹਤ ਤੇ ਖੇਡਾਂ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਸਰਕਾਰ ਵੱਲੋਂ ਲਗਾਤਾਰ ਯਤਨ ਜਾਰੀ ਹਨ ਅਤੇ ਇਸ ਦੇ ਚੰਗੇ ਸਿੱਟੇ ਸਾਹਮਣੇ ਆ ਰਹੇ ਹਨ।ਉਨ੍ਹਾਂ ਕਿਹਾ ਕਿ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਹਰ ਇੱਕ ਪਰਿਵਾਰ ਨੂੰ 300 ਯੂਨਿਟ ਮੁਫਤ ਬਿਜਲੀ ਦੇਣਾ ਤੇ ਸਿਹਤ ਦੇ ਖੇਤਰ ਵਿੱਚ ਕੀਤੇ ਗਏ ਸੁਧਾਰ ਤੋਂ ਲੋਕ ਪ੍ਰਭਾਵਿਤ ਹੋ ਕੇ ਲਗਾਤਾਰ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਪਿੰਡ ਵਿੱਚ ਬਣੇ ਖੇਡ ਗਰਾਊਂਡ ਲਈ ਪੰਚਾਇਤ ਵੱਲੋਂ ਕੀਤੇ ਗਏ ਉਦਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਸਿਰਜਣ ਵਿੱਚ ਖੇਡਾਂ ਦਾ ਸਭ ਤੋਂ ਅਹਿਮ ਰੋਲ ਹੈ ਤੇ ਪੰਚਾਇਤ ਵੱਲੋਂ ਕੀਤੇ ਗਏ ਯਤਨ ਦੇ ਚੰਗੇ ਸਿੱਟੇ ਸਾਹਮਣੇ ਆਉਣਗੇ।

## ਸੰਘਣੀ ਧੁੰਦ ਕਾਰਨ ਠੰਢ ਦਾ ਪ੍ਰਕੋਪ ਵਧਿਆ, ਜਨਜੀਵਨ ਪ੍ਰਭਾਵਿਤ



**ਜਲਾਲਾਬਾਦ (ਜੀਤ ਕੁਮਾਰ)**-ਮੰਗਲਵਾਰ ਫਿਰ ਇਲਾਕੇ ਵਿੱਚ ਸੰਘਣੀ ਧੁੰਦ ਆਉਣ ਕਾਰਨ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਇਸ ਦੇ ਪਹਿਲਾਂ 2 ਦਿਨ ਸੂਰਜ ਨਿਕਲਣ ਕਾਰਨ ਥੋੜ੍ਹੀ ਜਿਹੀ ਠੰਡ ਵਿੱਚੋਂ ਰਾਹਤ ਪਾਈ ਗਈ ਸੀ, ਪਰ ਸੋਮਵਾਰ ਦੇਰ ਸ਼ਾਮ ਤੋਂ ਸੰਘਣੀ ਧੁੰਦ ਆਉਣ ਦਾ ਕਹਿਰ ਸ਼ੁਰੂ ਹੋਣ ਦੇ ਨਾਲ ਨਾਲ ਕੜਾਕੇ ਦੀ ਠੰਡ ਪੈਣੀ ਸ਼ੁਰੂ ਹੋ ਗਈ। ਅੱਜ ਸਵੇਰੇ ਇੰਨੀਂ ਜ਼ਿਆਦਾ ਧੁੰਦ ਸੀ ਕਿ ਸੜਕੀ ਅਵਾਜਾਈ ਵੀ ਪ੍ਰਭਾਵਿਤ ਹੋਈ, ਵਾਹਨ ਚਾਲਕਾਂ ਨੂੰ ਲਾਇਟਾਂ ਜਗਾਉਣ ਦੇ ਬਾਵਜੂਦ ਕੁਝ ਸਾਹਮਣੇ ਤੋਂ ਦਿਖਾਈ ਨਹੀਂ ਦਿੱਤਾ। ਇਸੇ ਧੁੰਦ ਦੇ ਕਾਰਨ ਹੀ ਅੱਜ ਸਵੇਰੇ ਚੱਕ ਸੈਦੋਕੇ ਦੇ ਕੋਲ ਪੰਜਾਬ ਰੋਡਵੇਜ਼ ਦੀ ਬੱਸ ਬੇਕਾਬੂ ਹੋ ਕੇ ਸੜਕ ਕਿਨਾਰੇ ਉੱਤਰ ਗਈ ਤੇ ਹਾਦਸਾ ਵਾਪਰਿਆ ਹੈ। ਸੰਘਣੀ ਧੁੰਦ ਦੇ ਆਉਣ ਨਾਲ ਇਕ ਵਾਰ ਫਿਰ ਸੀਤ ਲਹਿਰ ਸ਼ੁਰੂ ਹੋਣ ਨਾਲ ਕੰਬਣੀ ਸ਼ੁਰੂ ਹੋ ਗਈ ਹੈ। ਸਕੂਲਾਂ ਦਾ ਸਮਾਂ ਵੀ ਅੱਜ ਤੋਂ ਸਵੇਰੇ 9 ਵਜੇ ਤੋਂ ਹੋਣ ਕਾਰਨ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਨ ਲਈ ਜਾਣ 'ਤੇ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਠੰਡ ਦੇ ਕਹਿਰ ਵਿੱਚ ਜਿੱਥੇ ਲੋਕ ਆਪਣੇ ਘਰਾਂ ਵਿੱਚ ਬੈਠਣ ਲਈ ਮਜਬੂਰ ਹੋ ਗਏ ਹਨ, ਉਥੇ ਇਸ ਦੇ ਨਾਲ ਹੀ ਹਰੇਕ ਤਰ੍ਹਾਂ ਦੇ ਕੰਮਕਾਜ ਵੀ ਪ੍ਰਭਾਵਿਤ ਹੋ ਰਹੇ ਹਨ। ਲੋਕ ਠੰਡ ਤੋਂ ਬਚਣ ਲਈ ਅੱਗ ਦਾ ਸਹਾਰਾ ਲੈ ਰਹੇ ਹਨ। ਦੁਪਹਿਰ ਤੱਕ ਸੂਰਜ ਦੇਵਤਾ ਨਹੀਂ ਨਿਕਲਿਆ ਤੇ ਧੁੰਦ ਛਾਈ ਰਹੀ।

## ਸੜਕ ਹਾਦਸੇ 'ਚ ਮਰੇ ਨੌਜਵਾਨਾਂ ਦੇ ਪਰਵਾਰਾਂ ਨਾਲ ਹਨੀ ਫੱਤਣਵਾਲਾ ਵੱਲੋਂ ਅਫ਼ਸੋਸ ਪ੍ਰਗਟ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬੀਤੇ ਦਿਨੀਂ ਪਿੰਡ ਕੋਟਲੀ ਦੇਵਨ ਕੋਲ ਹੋਏ ਸੜਕ ਹਾਦਸੇ ਵਿੱਚ ਮਾਰੇ ਗਏ ਪਿੰਡ ਦੇ 3 ਨੌਜਵਾਨ ਇਕਬਾਲ ਸਿੰਘ, ਭੁਪਿੰਦਰ ਸਿੰਘ ਤੇ ਹਰਵਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਕਿਹਾ ਕਿ ਪਰਿਵਾਰਾਂ ਨੂੰ ਕਦੇ ਨਾ ਪੂਰਾ ਹੋਣ ਵਾਲਾ ਬਹੁਤ ਵੱਡਾ ਘਾਟਾ ਪਿਆ ਹੈ। ਇਸ ਦੌਰਾਨ ਹਨੀ ਫੱਤਣਵਾਲਾ ਨੇ ਸਾਰੇ ਪਰਿਵਾਰਾਂ ਕੋਲ ਜਾ ਕੇ ਅਫ਼ਸੋਸ ਪ੍ਰਗਟ ਕੀਤਾ ਤੇ ਦੁਖੀ ਨਾਲ ਹਮਦਰਦੀ ਪ੍ਰਗਟਾਈ।ਹਨੀ ਫੱਤਣਵਾਲਾ ਨੇ ਪਰਿਵਾਰ ਨੂੰ ਹੌਸਲਾ ਦਿੱਤਾ ਤੇ ਵਾਹਿਗੁਰੂ ਦਾ ਭਾਣਾ ਮੰਨਣ ਲਈ ਕਿਹਾ।ਇਸ ਮੌਕੇ ਗੋਬਿੰਦ ਸਿੰਘ ਕਿਸਾਨ ਆਗੂ, ਡੀ ਸੀ ਕੋਟਲੀ ਸੰਘਰ, ਸੁਖਪ੍ਰੀਤ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ।

## 'ਜਲਗਾਹ ਬਚਾਓ' ਵਿਸ਼ੇ 'ਤੇ ਵਿਦਿਆਰਥੀਆਂ ਦੇ ਕਰਵਾਏ ਮੁਕਾਬਲੇ



**ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰਪਾਲ, ਪੂਜਾ/ਗੁਰਮੀਤ ਸਿੰਘ ਮੱਕੜ)**-ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਭਾਰਤ ਸਰਕਾਰ ਦੇ ਵਾਤਾਵਰਣ ਤੇ ਜੰਗਲਾਤ ਮੰਤਰਾਲੇ ਦੀ ਸਹਾਇਤਾ ਨਾਲ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸ਼ਿਵ ਪਾਲ ਗੋਇਲ ਦੀ ਅਗਵਾਈ ਅਤੇ ਡੀ ਐੱਮ ਰਾਜਨ ਗੋਇਲ ਦੀ ਰਹਿਨੁਮਾਈ ਹੇਠ ਸਰਕਾਰੀ ਹਾਈ ਸਕੂਲ ਰੱਤਾ ਖੇੜਾ ਵਿਖੇ ਵਾਤਾਵਰਨ ਵਿੱਦਿਅਕ ਪ੍ਰੋਗਰਾਮ ਤਹਿਤ 'ਜਲਗਾਹ ਬਚਾਓ' ਵਿਸ਼ੇ 'ਤੇ ਵਿਦਿਆਰਥੀਆਂ ਦੇ ਵੱਖ-ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਦੇ ਹੈੱਡਮਾਸਟਰ ਮਨਪ੍ਰੀਤ ਸਿੰਘ ਤੇ ਈਕੋ ਕਲੱਬਾਂ ਦੇ ਸਕੂਲ ਕੋਆਰਡੀਨੇਟਰ ਸਾਇੰਸ ਮਿਸਟ੍ਰੈੱਸ ਸਵੇਤਾ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਫਾਰ ਸਾਇੰਸ ਐਂਡ ਤਕਨਾਲੋਜੀ ਦੇ ਰਾਹੀਂ ਡਾਇਰੈਕਟਰ ਕੁਲਬੀਰ ਸਿੰਘ ਬਾਠ ਤੇ ਡਾਕਟਰ ਮਦਾਕਿਨੀ ਠਾਕੁਰ ਦੀ ਅਗਵਾਈ ਹੇਠ ਵਾਤਾਵਰਨ ਬਚਾਉਣ ਹਿੱਤ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਵਧੀਆ ਕਾਰਗੁਜ਼ਾਰੀ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਹੈੱਡ ਮਾਸਟਰ ਸ੍ਰੀ ਮਲਕੀਤ ਸਿੰਘ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਅਧਿਆਪਕ ਮੀਨੂੰ ਬਾਲਾ, ਗੁਰਵਿੰਦਰ ਸਿੰਘ, ਸਤਨਾਮ ਕੌਰ, ਪੂਨਮ ਰਾਣੀ, ਸਵੇਤਾ ਤੇ ਨਵਪਿੰਦਰ ਸਿੰਘ ਹਾਜ਼ਰ ਸਨ।


**ਦਫਤਰ ਰਿਕਵਰੀ ਅਫਸਰ-I/II**
**ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀ ਆਰ ਟੀ 3)**
**ਧਰਾਤਲ ਮੰਜ਼ਲ, ਐੱਸ ਸੀ ਓ ਨੰ. 33-34-35, ਸੈਕਟਰ 17-ਏ, ਚੰਡੀਗੜ੍ਹ -160017**

**ਤੁਰੰਤ ਸੁਣਵਾਈ ਨੋਟਿਸ**

ਰਿਕਵਰੀ ਆਫ ਡੈਬਟਸ ਐਂਡ ਬੈਂਕਰਪਟਸੀ ਐਕਟ 1993 ਦੇ ਸੈਕਸ਼ਨ 25 ਤੋਂ 28 ਅਤੇ ਆਮਦਨ ਟੈਕਸ ਐਕਟ 1961 ਦੀ ਦੂਜੀ ਅਨੁਸੂਚੀ ਨਾਲ ਪੜ੍ਹੇ ਜਾਂਦੇ ਐਕਟ ਤਹਿਤ ਨੋਟਿਸ

ਆਰ ਸੀ/1611/2018 29/01/2024

ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਕਸ ਐਕਸਪੋਰਟ ਆਈ ਐੱਨ ਸੀ ਐਂਡ ਓ ਆਰ ਐੱਸ

ਵੱਲ

(1) ਮੈਸ: ਮੈਕਸ ਐਕਸਪੋਰਟ ਆਈ ਐੱਨ ਸੀ ਪ੍ਰਾਪ: ਪਰਮਿੰਦਰ ਸਿੰਘ ਪੁੱਤਰ ਸ੍ਰੀ ਪ੍ਰਿਤਪਾਲ ਸਿੰਘ ਪਿੰਡ ਬਾਜੜਾ, ਰਾਹੋਂ ਰੋਡ, ਨੇੜੇ ਯੰਗਮੈਨ ਵੂਲਨ ਮਿਲਜ਼ ਲੁਧਿਆਣਾ (ਪੰਜਾਬ)

ਦੂਜਾ ਪਤਾ

ਸ੍ਰੀ ਪਰਮਿੰਦਰ ਸਿੰਘ ਪੁੱਤਰ ਸ੍ਰੀ ਪ੍ਰਿਤਪਾਲ ਸਿੰਘ ਪ੍ਰਾਪ: ਮੈਸ: ਮੈਕਸ ਐਕਸਪੋਰਟ ਆਈ ਐੱਨ ਸੀ, ਵਾਸੀ 1108/10, ਫਰੀਦ ਨਗਰ, ਬਸਤੀ ਜੋਧੇਵਾਲ, ਲੁਧਿਆਣਾ-141007

(2) ਮੈਸ: ਸਹਿਜ ਇੰਡਸਟ੍ਰੀਜ਼ ਪ੍ਰਾਈਵੇਟ ਲਿਮ: ਰਜਿਸਟਰਡ ਦਫਤਰ 1108/9, ਫਰੀਦ ਨਗਰ, ਲੁਧਿਆਣਾ-141007 (ਪੰਜਾਬ) ਰਾਹੀਂ ਇਸ ਦੇ ਡਾਇਰੈਕਟਰ ਸ੍ਰੀ ਪਰਮਿੰਦਰ ਸਿੰਘ।

(3) ਸ੍ਰੀ ਪ੍ਰਿਤਪਾਲ ਸਿੰਘ ਪੁੱਤਰ ਸ੍ਰੀ ਧੰਨ ਸਿੰਘ ਵਾਸੀ 1108/10, ਫਰੀਦ ਨਗਰ, ਲੁਧਿਆਣਾ (ਪੰਜਾਬ)-141007

(4) ਸ੍ਰੀ ਸਾਜੇਦ ਖਾਨ ਪੁੱਤਰ ਸ੍ਰੀ ਵਾਹਿਦ ਖਾਨ ਵਾਸੀ ਮਕਾਨ ਨੰ. 1350, ਗਲੀ ਨੰ. 6, ਨੇੜੇ ਪੈਟਰੋਲ ਪੰਪ, ਵਾਰਡ ਨੰ. 18, ਕਸ਼ਮੀਰ ਨਗਰ, ਲੁਧਿਆਣਾ, ਪੰਜਾਬ।

(1) ਜਦੋਂ ਕਿ ਸਰਟੀਫਿਕੇਟ ਪ੍ਰਾਪਤ ਬੈਂਕ ਨੇ ਨਿਲਾਮੀ ਰਕਮ ਨੂੰ ਜਾਰੀ ਕਰਨ ਲਈ 2024 ਦੇ ਆਈ ਏ ਨੰ. 6 'ਚ ਤੁਰੰਤ ਸੁਣਵਾਈ ਲਈ ਅਰਜ਼ੀ ਦਿੱਤੀ ਹੈ। ਇਸ ਮਾਮਲੇ ਨੂੰ ਅੱਜ ਅਰਥਾਤ 24/01/2024 ਨੂੰ ਬੋਰਡ 'ਚ ਲਿਆ ਗਿਆ ਸੀ।

(2) ਧਿਆਨ ਦਿਓ ਕਿ ਉਪਰੋਕਤ ਦਰਖਾਸਤ 13.02.2024 ਨੂੰ ਸਵੇਰੇ 10.30 ਵਜੇ ਅਗਲੀ ਕਾਰਵਾਈ ਲਈ, ਲਈ ਜਾਵੇਗੀ।

(3) ਤੁਹਾਨੂੰ ਇਸ ਦੁਆਰਾ ਉਪਰੋਕਤ ਮਿਤੀ ਅਤੇ ਸਮੇਂ 'ਤੇ ਵਿਅਕਤੀਗਤ ਤੌਰ 'ਤੇ ਜਾਂ ਵਕੀਲ ਦੁਆਰਾ ਵਿਵਸਥਤ ਤੌਰ 'ਤੇ ਹਦਾਇਤ ਦੇ ਪੇਸ਼ ਹੋਣਾ ਪਵੇਗਾ, ਜਿਵੇਂ ਮਾਮਲਾ ਹੋਵੇਗਾ।

(4) ਜੇਕਰ ਤੁਸੀਂ ਸੁਣਵਾਈ ਦੀ ਮਿਤੀ ਨੂੰ ਹਾਜ਼ਰ ਨਹੀਂ ਹੁੰਦੇ ਤਾਂ ਤੁਹਾਡੀ ਗੈਰ-ਹਾਜ਼ਰੀ 'ਚ ਅਰਜ਼ੀ ਦੀ ਸੁਣਵਾਈ ਕੀਤੀ ਜਾਵੇਗੀ।

ਮੇਰੇ ਹਸਤਾਖਰ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਨਾਲ 29 ਜਨਵਰੀ 2024 ਨੂੰ ਚੰਡੀਗੜ੍ਹ ਵਿਖੇ ਜਾਰੀ ਹੋਇਆ।

ਰਿਕਵਰੀ ਅਫਸਰ-II
ਡੀ ਆਰ ਟੀ-III, ਚੰਡੀਗੜ੍ਹ



ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਉੱਤਰ ਰੇਲਵੇ**

**ਟੈਂਡਰ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਨੰ: 2023-24-05 ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 26.02.2024 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨ੍ਹਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਟੈਂਡਰਕਰਤਾ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸ ਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ ਤੇ ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਸ ਤਰ੍ਹਾਂ ਡਿਮਾਂਡ ਡਰਾਫਟ, ਬੈਂਕਰਸ ਚੈਕ, ਜਮਾਂ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਦੁਆਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (₹) | ਟੈਂਡਰ ਦੀ ਸਮਾਪਨ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|---|---|
| 2023-24-05 | ਇਲੈਕਿਟ੍ਰਕ ਲੋਕੋ ਸ਼ੇਡ, ਲੁਧਿਆਣਾ ਵਿਚ ਫਾਯਰ ਹਾਈਡ੍ਰੇਂਟ ਸਿਸਟਮ ਦੀ ਆਪੂਰਤੀ, ਸਥਾਪਨਾ ਅਤੇ ਕਮੀਸ਼ਨਿੰਗ। | ₹ 22,79,656.14/- | ਸਿਫਰ | 26.02.2024 15:00 ਵਜੇ ਤਕ | 45,600/- | 02 ਮਹੀਨੇ | 26.02 2024 15:00 ਵਜੇ ਦੇ ਬਾਦ | www.ireps.gov.in |

ਨੰ: 230-/TRS/LDH/WC/Fire Hydrant/OT/2023-24/05
ਮਿਤੀ : 30.01.2024 317/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ...ਸ.ਫਾ 1 ਦੇ ਬਾਕੀ

### ਬੀ ਕੇ ਐੱਮ ਯੂ ਦੀ...

ਮਜ਼ਦੂਰ ਅਤੇ ਦਲਿਤ ਜਥੇਬੰਦੀਆਂ ਦੀ ਸਾਂਝ ਨੂੰ ਅਧਾਰ ਬਣਾ ਕੇ ਇਨ੍ਹਾਂ ਦੀ ਬੰਦ-ਖੁਲਾਸੀ ਲਈ ਅਕੀਦੇ ਕਰਨ ਨਾਲ ਸਫਲਤਾਪੂਰਵਕ ਮੰਗਲਵਾਰ ਨੂੰ ਸਮਾਪਤ ਹੋ ਗਈ। ਮਨਰੇਗਾ ਨੂੰ ਸਹੀ ਢੰਗ ਨਾਲ ਲਾਗੂ ਕਰਵਾਉਣ, ਦਲਿਤਾਂ ਨੂੰ ਸਮਾਜਕ ਨਿਆਂ ਦਿਵਾਉਣ ਲਈ ਲੰਘੇ ਅਗਸਤ ਮਹੀਨੇ ਵਿੱਚ ਹੈਦਰਾਬਾਦ ਦਲਿਤ ਸਮਿਟ ਦੀ ਰੌਸ਼ਨੀ ਵਿੱਚ ਸੰਘਰਸ਼ ਕਰਨ, ਸੂਬਾ ਅਤੇ ਦੇਸ਼ ਪੱਧਰ 'ਤੇ ਇੰਡੀਆ ਗੱਠਜੋੜ ਨੂੰ ਮਜ਼ਬੂਤ ਕਰਨ, ਮਜ਼ਦੂਰ ਜਥੇਬੰਦੀਆਂ ਦੀਆਂ ਪਿੰਡ ਪੱਧਰ ਦੀਆਂ ਕਮੇਟੀਆਂ ਬਣਾਉਣ ਵੱਲ ਧਿਆਨ ਦੇਣ ਅਤੇ ਸਾਰੇ ਸੂਬਿਆਂ ਦੀਆਂ ਸੂਬਾ ਕੌਂਸਲ ਦੀਆਂ ਮੀਟਿੰਗਾਂ ਜਲਦੀ ਮੁਕੰਮਲ ਕਰਨ ਦੇ ਭਵਿੱਖੀ ਕਾਰਜ ਉਲੀਕੇ ਗਏ।

ਪਾਸ ਕੀਤੇ ਗਏ ਮਤਿਆਂ ਵਿੱਚ ਮਨਰੇਗਾ ਸਕੀਮ ਵਿੱਚ 2024-25 ਲਈ 4 ਲੱਖ ਕਰੋੜ ਰੁਪਏ ਦਾ ਬਜਟ ਰੱਖਣ, ਅਧਾਰ ਕਾਰਡ ਨੂੰ ਜੌਬ ਕਾਰਡ ਨਾਲ ਲਿੰਕ ਕਰਨ ਦਾ ਫੈਸਲਾ ਵਾਪਸ ਲੈਣ, 16 ਫਰਵਰੀ ਨੂੰ ਭਾਰਤ ਪੱਧਰ ਦੀ ਉਦਯੋਗਿਕ ਹੜਤਾਲ ਅਤੇ ਗ੍ਰਾਮੀਣ ਭਾਰਤ ਬੰਦ ਵਿੱਚ ਸਰਗਰਮ ਸ਼ਿਰਕਤ ਕਰਨ ਅਤੇ ਆ ਰਹੀਆਂ ਆਮ ਚੋਣਾਂ ਵਿੱਚ ਫਿਰਕੂ ਤਾਕਤਾਂ ਨੂੰ ਹਰਾਉਣ ਦੀ ਅਪੀਲ ਸ਼ਾਮਲ ਹਨ।

ਸਵੇਰ ਵੇਲੇ ਮਹਾਤਮਾ ਗਾਂਧੀ ਨੂੰ ਪੁਸ਼ਪਾਂਜਲੀ ਭੇਟ ਕਰਨ ਉਪਰੰਤ ਸ਼ੁਰੂ ਹੋਈ ਜਨਰਲ ਕੌਂਸਲ ਦੀ ਮੀਟਿੰਗ ਨੂੰ ਯੂਨੀਅਨ ਦੇ ਪ੍ਰਧਾਨ ਪੇਰੀਆ ਸਾਮੀ, ਸਾਬਕਾ ਪ੍ਰਧਾਨ ਨਗੇਂਦਰ ਨਾਥ ਓਝਾ, ਏ ਰਾਮਾ ਮੂਰਤੀ, ਵੀ ਐੱਸ ਨਿਰਮਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਸੀ ਪੀ ਆਈ ਹਰਿਆਣਾ ਦੇ ਸਕੱਤਰ ਦਰਿਓ ਸਿੰਘ ਕਸ਼ਯਪ ਅਤੇ ਹੋਰ ਆਗੂਆਂ ਨੇ ਵਿਚਾਰ ਪੇਸ਼ ਕੀਤੇ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਸਾਂਝ ਹੋਰ ਮਜ਼ਬੂਤ ਕਰਕੇ ਦੋਹਾਂ ਦੀਆਂ ਸਰਗਰਮੀਆਂ ਨੂੰ ਫਲਦਾਇਕ ਬਣਾਇਆ ਜਾਵੇ ਤਾਂ ਇਸ ਦੇਸ਼ ਦਾ ਨਕਸ਼ਾ ਬਦਲ ਸਕਦਾ ਹੈ। ਉਨ੍ਹਾ ਭਗਤ ਸਿੰਘ ਦੇ ਕਥਨ ਦੇ ਹਵਾਲੇ ਨਾਲ ਕਿਹਾ ਕਿ ਕਈ ਵਾਰ ਕਿਸਾਨੀ ਦੇ ਇੱਕ ਹਿੱਸੇ ਦਾ ਮਜ਼ਦੂਰ ਵਰਗ ਪ੍ਰਤੀ ਰਵੱਈਆ ਉਹ ਨਹੀਂ ਰਹਿੰਦਾ, ਜਿਸ ਦੀ ਤਵੱਕੋ ਕੀਤੀ ਜਾਂਦੀ ਹੈ। ਗੋਰੀਆ ਨੇ ਕਿਹਾ ਕਿ ਆਉਂਦੇ ਦਿਨਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਸਹਿਯੋਗ ਨਾਲ ਖੇਤ ਮਜ਼ਦੂਰਾਂ ਦੀ ਸ਼ਕਤੀ ਨੂੰ ਤਕੜੀ ਕਰਨ ਲਈ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਣਗੇ। ਇਸ ਤੋਂ ਇਲਾਵਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਅਜ਼ਾਦਾਨਾ ਤੌਰ ਅਤੇ ਭਰਾਤਰੀ ਜਥੇਬੰਦੀਆਂ ਨਾਲ ਸਾਂਝੇ ਤੌਰ 'ਤੇ ਵੀ ਸੰਘਰਸ਼ ਕੀਤੇ ਜਾਣਗੇ। ਉਨ੍ਹਾ ਦੱਸਿਆ ਕਿ 8 ਅਪ੍ਰੈਲ ਤੋਂ 14 ਅਪ੍ਰੈਲ ਤੱਕ ਸੈਨੇਗਲ (ਦੱਖਣੀ ਅਫਰੀਕਾ) ਵਿੱਚ ਹੋ ਰਹੀ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਨੁਮਾਇੰਦੇ ਵੀ ਸ਼ਾਮਲ ਹੋਣਗੇ। ਕਾਮਰੇਡ ਗੋਰੀਆ ਨੇ ਮਜ਼ਦੂਰ ਜਥੇਬੰਦੀਆਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਲਹੂ ਵੀਟਵੇਂ ਲੜੇ ਸੰਘਰਸ਼ਾਂ ਦੇ ਹਵਾਲੇ ਨਾਲ ਕਿਹਾ ਕਿ ਮਜ਼ਦੂਰ ਵਰਗ ਦੇ ਜ਼ਖ਼ਮ ਅਜੇ ਵੀ ਰਿਸ ਰਹੇ ਹਨ। ਉਨ੍ਹਾ ਸਵਾਲ ਕੀਤਾ ਕਿ ਰਿਸਦੇ ਜ਼ਖ਼ਮਾਂ ਨੂੰ ਸੁੱਕਣ ਲਈ ਹੋਰ ਕਿੰਨਾ ਸਮਾਂ ਉਡੀਕ ਕੀਤੀ ਜਾਵੇਗੀ। ਉਨ੍ਹਾ ਵੱਖ-ਵੱਖ ਸੂਬਿਆਂ ਵਿੱਚ ਖੇਤ ਮਜ਼ਦੂਰ ਸੰਗਠਨਾਂ ਵੱਲੋਂ ਆਪਣੇ ਮੈਗਜ਼ੀਨ ਕੱਢੇ ਜਾਣ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਲੰਮਾ ਸਮਾਂ 'ਖੇਤ ਮਜ਼ਦੂਰ ਏਕਤਾ' ਨਾਂਅ ਦਾ ਮੈਗਜ਼ੀਨ ਨਿਕਲਦਾ ਰਿਹਾ ਹੈ। ਉਨ੍ਹਾ ਐਲਾਨ ਕੀਤਾ ਕਿ ਇਸੇ ਤਰਜ਼ 'ਤੇ ਜਲਦੀ ਹੀ ਮੈਗਜ਼ੀਨ ਨਿਕਲਣਾ ਸ਼ੁਰੂ ਹੋ ਜਾਵੇਗਾ। ਉਹਨਾ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਨੂੰ ਮੈਂਬਰਸ਼ਿਪ ਅਤੇ ਫੰਡ ਕੋਟਿਆਂ ਦੀ ਪੂਰਤੀ ਲਈ ਜ਼ੋਰਦਾਰ ਅਪੀਲ ਕਰਦਿਆਂ ਕਿਹਾ ਕਿ ਜੇਕਰ ਜਥੇਬੰਦੀ ਮਜ਼ਬੂਤ ਹੋਵੇਗੀ, ਤਦ ਹੀ ਸਿਆਸੀ ਮੰਚ 'ਤੇ ਆਪਣੀ ਗੱਲ ਠੋਸ ਤਰੀਕੇ ਨਾਲ ਰੱਖੀ ਜਾ ਸਕਦੀ ਹੈ। ਮੀਟਿੰਗ ਦੇ ਅੰਤ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਮੀਤ ਪ੍ਰਧਾਨ ਏ ਰਾਮਾ ਮੂਰਤੀ ਨੇ ਸਭ ਦਾ ਧੰਨਵਾਦ ਕੀਤਾ।

### ਚੰਡੀਗੜ੍ਹ ਮੇਅਰ ਚੋਣਾਂ...

ਜੇਤੂ ਐਲਾਨ ਦਿੱਤਾ ਗਿਆ। ਸਮਝੌਤੇ ਤਹਿਤ ਆਪ ਨੇ ਮੇਅਰ ਅਤੇ ਕਾਂਗਰਸ ਨੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀ ਚੋਣ ਲੜਨੀ ਸੀ। ਇਨ੍ਹਾਂ ਦੇ ਕੌਂਸਲਰ ਭਾਜਪਾ ਨਾਲੋਂ ਵੱਧ ਸਨ। ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚਿੱਟੇ ਦਿਨ ਧੋਖਾਧੜੀ ਕੀਤੀ ਗਈ ਹੈ। ਜੇ ਇਹ ਲੋਕ ਮੇਅਰ ਦੀ ਚੋਣ ਵਿਚ ਏਨੇ ਡਿੱਗ ਸਕਦੇ ਹਨ ਤਾਂ ਕੌਮੀ ਚੋਣਾਂ ਵਿਚ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਇਹ ਬਹੁਤ ਚਿੰਤਾ ਦਾ ਮਾਮਲਾ ਹੈ। ਮਾਮਲਾ ਹਾਈ ਕੋਰਟ ਪੁੱਜ ਗਿਆ ਹੈ ਤੇ ਬੁੱਧਵਾਰ ਸੁਣਵਾਈ ਹੋ ਸਕਦੀ ਹੈ। ਆਪ ਸਾਂਸਦ ਰਾਘਵ ਚੱਢਾ ਤੇ ਕਾਂਗਰਸ ਦੇ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਨੇ ਪ੍ਰੀਜ਼ਾਈਡਿੰਗ ਅਧਿਕਾਰੀ ਅਨਿਲ ਮਸੀਹ ਖਿਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਸਭ ਗੈਰਕਾਨੂੰਨੀ ਹੋਇਆ ਹੈ ਤੇ ਜਮਹੂਰੀਅਤ ਕਤਲ ਕਰ ਦਿੱਤੀ ਗਈ।

### ਭਾਜਪਾ ਦੇ ਹੱਥ ...

ਆਪਣੇ ਘੱਟ ਗਿਣਤੀ ਵਿੰਗ ਦੇ ਮੁਖੀ ਨੂੰ ਚੰਡੀਗੜ੍ਹ ਦੇ ਮੇਅਰ ਦੀ ਚੋਣ ਲਈ ਪ੍ਰੀਜ਼ਾਈਡਿੰਗ ਅਫ਼ਸਰ ਨਿਯੁਕਤ ਕੀਤਾ। ਇਸ ਪ੍ਰੀਜ਼ਾਈਡਿੰਗ ਅਫ਼ਸਰ ਨੇ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ 'ਗੋਡਿਆਂ ਭਾਰ' ਹੋ ਕੇ ਆਪਣੇ ਆਕਾਵਾਂ ਦੀ ਇੱਛਾ ਉਤੇ ਫੁੱਲ ਚੜ੍ਹਾਏ। ਉਹਨਾ ਕਿਹਾ ਕਿ ਇਸ ਪ੍ਰੀਜ਼ਾਈਡਿੰਗ ਅਫ਼ਸਰ ਨੇ ਡਾ. ਬੀ ਆਰ ਅੰਬੇਡਕਰ ਵੱਲੋਂ ਸੰਕਲਪਿਤ ਸੰਵਿਧਾਨਿਕ ਪ੍ਰਕਿਰਿਆ ਦੀਆਂ ਧੱਜੀਆਂ ਉਡਾ ਕੇ ਸਮੁੱਚੇ ਦੇਸ਼ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰੀਜ਼ਾਈਡਿੰਗ ਅਫਸਰ ਖਿਲਾਫ ਦੇਸ਼ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਦੋਸ਼ ਵਿੱਚ ਦੇਸ਼ਧ੍ਰੋਹ ਦਾ ਕੇਸ ਦਰਜ ਕਰਨਾ ਚਾਹੀਦਾ ਹੈ। ਪ੍ਰੀਜ਼ਾਈਡਿੰਗ ਅਫਸਰ ਨੇ ਜਾਣਬੁੱਝ ਕੇ ਪੋਲਿੰਗ ਏਜੰਟਾਂ ਦੀ ਗੈਰ-ਹਾਜ਼ਰੀ ਵਿੱਚ ਵੋਟਾਂ ਦੀ ਗਿਣਤੀ ਕੀਤੀ ਤਾਂ ਕਿ ਭਾਜਪਾ ਉਮੀਦਵਾਰ ਦੀ ਜਿੱਤ ਪੱਕੀ ਕੀਤੀ ਜਾ ਸਕੇ। ਇਹ ਬਹੁਤ ਮੰਦਭਾਗੀ ਗੱਲ ਹੈ, ਕਿਉਂਕਿ ਭਗਵਾਂ ਪਾਰਟੀ ਦੀ ਖ਼ਾਤਰ ਜਮਹੂਰੀਅਤ ਨੂੰ ਬੁਰੀ ਤਰ੍ਹਾਂ ਲਿਤਾੜਿਆ ਗਿਆ। ਮਾਨ ਨੇ ਕਿਹਾ ਕਿ ਅੱਜ ਦਿਨ-ਦਿਹਾੜੇ ਚੰਡੀਗੜ੍ਹ ਵਿੱਚ ਜਮਹੂਰੀਅਤ ਦਾ ਕਤਲ ਹੋਇਆ ਹੈ। ਉਨ੍ਹਾ ਕਿਹਾ ਕਿ ਉਹ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਅਤੇ ਇਸ ਚੋਣ ਨੂੰ ਚੁਣੌਤੀ ਦੇਣਗੇ, ਕਿਉਂ ਜੋ ਇਸ ਚੋਣ ਵਿੱਚ ਜਮਹੂਰੀ ਕਦਰਾਂ-ਕੀਮਤਾਂ ਨੂੰ ਲਾਂਭੇ ਕੀਤਾ ਗਿਆ। ਉਨ੍ਹਾ ਕਿਹਾ ਕਿ ਹੁਣ ਇਹ ਸੰਦੇਹ ਪੈਦਾ ਹੋ ਗਿਆ ਹੈ ਕਿ ਦੇਸ਼ ਭਰ ਵਿੱਚ ਅਗਾਮੀ ਚੋਣਾਂ ਨਿਰਪੱਖ ਨਹੀਂ ਹੋਣਗੀਆਂ। ਇਹ ਕਿਸੇ ਵੀ ਪਾਰਟੀ ਜਾਂ ਗੱਠਜੋੜ ਦੀ ਹੋਂਦ ਦਾ ਸਵਾਲ ਨਹੀਂ, ਸਗੋਂ ਦੇਸ਼ ਵਿੱਚ ਜਮਹੂਰੀਅਤ ਦਾ ਸਵਾਲ ਹੈ।

### ਭਾਜਪਾ ਭਾਰਤ ਨੂੰ ਉੱਤਰੀ...

ਜਾਣਦਾ ਹੈ ਕਿ ਇੰਡੀਆ ਗਠਜੋੜ ਦੀਆਂ 20 ਵੋਟਾਂ (13 ਆਪ ਕੌਂਸਲਰ ਅਤੇ 7 ਕਾਂਗਰਸੀ ਕੌਂਸਲਰ) ਅਤੇ ਭਾਜਪਾ ਕੋਲ 16 (14 ਕੌਂਸਲਰ, 1 ਸੰਸਦ ਮੈਂਬਰ ਅਤੇ 1 ਅਕਾਲੀ ਕੌਂਸਲਰ) ਸਨ। ਇਸ ਲਈ ਭਾਜਪਾ ਨੇ ਚੋਣ ਜਿੱਤਣ ਲਈ ਲੋਕਤੰਤਰ ਵਿਰੁੱਧ ਸਾਜ਼ਿਸ਼ ਰਚੀ। ਕਾਂਗਰਸੀ ਆਗੂ ਪਵਨ ਬਾਂਸਲ ਨੇ ਕਿਹਾ ਕਿ ਇਹ ਭਾਜਪਾ ਦਾ ਜੰਗਲ ਰਾਜ ਹੈ, ਜਿਸ ਵਿਰੁੱਧ ਅਸੀਂ ਲੜ ਰਹੇ ਹਾਂ। ਅਸੀਂ (ਇੰਡੀਆ ਗਠਜੋੜ) ਆਪਣੇ ਲੋਕਤੰਤਰ ਨੂੰ ਬਚਾਉਣ ਲਈ ਇਕੱਠੇ ਹੋਏ ਹਾਂ। ਚੰਡੀਗੜ੍ਹ ਵਿੱਚ ਇਹ ਭਾਰਤ ਬਨਾਮ ਭਾਜਪਾ ਦੀ ਸ਼ੁਰੂਆਤ ਸੀ, ਪਰ ਭਾਜਪਾ ਨੇ ਇਹ ਚੋਣ ਜਿੱਤਣ ਲਈ ਕਲਪਨਾਯੋਗ ਕਾਰਵਾਈਆਂ ਕੀਤੀਆਂ, ਜਦੋਂ ਉਹ ਸਪੱਸ਼ਟ ਤੌਰ 'ਤੇ ਹਾਰ ਰਹੇ ਸਨ।

### 2 ਵੱਡੀਆਂ ਮੱਛੀਆਂ ਸਣੇ...

ਮਾਮਲੇ ਵਿੱਚ ਲੋੜੀਂਦੇ ਹਨ। ਉਹਨਾ ਦੱਸਿਆ ਕਿ ਮੁਲਜ਼ਮਾਂ ਨੇ ਲਖਨਊ ਤੋਂ ਲਖੀਮਪੁਰ ਖੀਰੀ, ਉੱਤਰ ਪ੍ਰਦੇਸ਼ ਦੇ ਪਤੇ 'ਤੇ ਜਾਲ੍ਹੀ ਪਾਸਪੋਰਟ ਵੀ ਤਿਆਰ ਕਰਵਾਏ ਸਨ ਅਤੇ ਦੋਵੇਂ ਦੇਸ਼ ਛੱਡ ਕੇ ਭੱਜਣ ਦੀ ਯੋਜਨਾ ਬਣਾ ਰਹੇ ਸਨ। ਮੁੱਢਲੀ ਜਾਂਚ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਦੋਵੇਂ ਮੁਲਜ਼ਮ ਭਰਾ ਹਵਾਲਾ ਨੈੱਟਵਰਕ ਵਿੱਚ ਵੀ ਸ਼ਾਮਲ ਸਨ, ਜਿਸ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਪੁਲਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਰੋਸੇਮੰਦ ਸੂਚਨਾ ਮਿਲੀ ਸੀ ਕਿ ਹਰਮਨਜੀਤ ਉਰਫ ਹਰਮਨ ਵੱਲੋਂ ਲਵਜੀਤ ਉਰਫ ਲਵ ਅਤੇ ਮਨਜੀਤ ਉਰਫ ਮੰਨਾ ਤੋਂ ਹੈਰੋਇਨ ਦੀ ਪ੍ਰਾਪਤ ਕੀਤੀ ਖੇਪ ਲੈ ਕੇ ਹੈਰੋਇਨ ਦੀ ਸਪਲਾਈ ਕਰਨ ਜਾ ਰਿਹਾ ਸੀ, ਇਸ 'ਤੇ ਕਾਰਵਾਈ ਕਰਦਿਆਂ ਇੰਸਪੈਕਟਰ ਅਮੋਲਕਦੀਪ ਸਿੰਘ ਦੀ ਅਗਵਾਈ ਹੇਠ ਸੀ ਆਈ ਏ ਸਟਾਫ ਦੀ ਪੁਲਸ ਟੀਮ ਨੇ ਛੇਹਰਟਾ ਇਲਾਕੇ ਤੋਂ ਹਰਮਨ ਨੂੰ 2 ਕਿਲੋ ਹੈਰੋਇਨ, 1.25 ਲੱਖ ਰੁਪਏ ਡਰੱਗ ਮਨੀ ਅਤੇ ਹੁੰਡਈ ਆਈ-20 ਕਾਰ, ਜਿਸ ਵਿੱਚ ਉਹ ਸਫਰ ਕਰ ਰਿਹਾ ਸੀ, ਬਰਾਮਦ ਕਰਕੇ ਗ੍ਰਿਫਤਾਰ ਕਰ ਲਿਆ। ਅਗਲੇਰੀ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਮੁਲਜ਼ਮ ਭਰਾਵਾਂ ਅਤੇ ਉਨ੍ਹਾਂ ਦੇ ਦੋ ਸਾਥੀਆਂ ਮਨਪ੍ਰੀਤ ਅਤੇ ਕੰਸ ਕੌਰ ਨੂੰ ਵੀ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 1 ਕਿਲੋ ਹੈਰੋਇਨ, 4 ਲੱਖ ਰੁਪਏ ਡਰੱਗ ਮਨੀ, ਦੋ ਕਾਰਾਂ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ। ਉਹਨਾ ਕਿਹਾ ਕਿ ਪੁਲਸ ਨੇ ਸੰਪਤੀਆਂ ਦੀ ਵੀ ਸ਼ਨਾਖਤ ਕੀਤੀ ਹੈ, ਜਿਸ ਵਿੱਚ ਅੰਮ੍ਰਿਤਸਰ ਵਿੱਚ ਇੱਕ ਘਰ ਅਤੇ ਮੱਧ ਪ੍ਰਦੇਸ਼ ਦੇ ਸ਼ਿਵਪੁਰੀ, ਅੰਮ੍ਰਿਤਸਰ ਵਿੱਚ ਬਾਬਾ ਬਕਾਲਾ ਅਤੇ ਅੰਮ੍ਰਿਤਸਰ ਵਿੱਚ ਰਾਏਪੁਰ ਵਿੱਚ ਜ਼ਮੀਨ/ ਪਲਾਟ ਸ਼ਾਮਲ ਹਨ, ਜਿਹਨਾਂ ਦੀ ਖਰੀਦ ਕਥਿਤ ਤੌਰ 'ਤੇ ਮੁਲਜ਼ਮ ਭਰਾਵਾਂ ਦੁਆਰਾ ਡਰੱਗ ਮਨੀ ਦੀ ਵਰਤੋਂ ਕਰਕੇ ਕੀਤੀ ਗਈ ਸੀ। ਸਮੁੱਚੇ ਡਰੱਗ ਕਾਰਟਲ ਦਾ ਪਤਾ ਲਗਾਉਣ ਅਤੇ ਇਸ ਕਾਰਟੇਲ ਵਿੱਚ ਸ਼ਾਮਲ ਹੋਰ ਲੋਕਾਂ ਦਾ ਪਤਾ ਲਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਸੰਬੰਧੀ ਥਾਣਾ ਗੇਟ ਹਕੀਮਾਂ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।


**asREC (India) Limited** ਰਜਿ: ਦਫਤਰ : 201/202 ਏ, ਬਿਲਡਿੰਗ ਨੰ: 2, ਸੋਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ, ਚਕਾਲਾ, ਅੰਧੇਰੀ (ਈ) ਮੁੰਬਈ-400093, ਸ਼ਾਖਾ ਦਫਤਰ : 402, ਚੌਥੀ ਮੰਜ਼ਲ, ਅਪਰਾ ਟਾਵਰ, ਐੱਸ ਸੀ ਓ-130-131-132, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

**ਸਰਫੇਸੀ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਜਨਤਕ ਨਿਲਾਮੀ**
[ਵੇਖੋ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਨਾਲ ਪੜ੍ਹੇ ਜਾਂਦੇ ਰੂਲ 9 (1) ਦਾ ਰੂਲ 8]

ਅਚੱਲ ਐੱਸਟਸ ਦੀ ਵਿਕਰੀ ਲਈ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 (1) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ, 2002 ਤਹਿਤ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਐਜ਼ਰੈਕ ਇੰਡੀਆ ਲਿਮ: ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਸਕਿਉਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ', 'ਉੱਥੇ ਜੋ ਵੀ ਹੈ' ਅਤੇ 'ਨੋ ਰੀਕੋਰਸ' ਦੇ ਆਧਾਰ 'ਤੇ ਕੀਤੀ ਜਾਵੇਗੀ। ਸਰਫੇਸੀ ਐਕਟ ਤਹਿਤ ਹੇਠਾਂ ਦਰਸਾਈਆਂ ਜਾਇਦਾਦਾਂ ਦੀ ਈ-ਨਿਲਾਮੀ 21.02.2024 ਨੂੰ ਦੁਪਹਿਰ 1.00 ਵਜੇ ਤੋਂ ਦੁਪਹਿਰ 2.00 ਵਜੇ ਤੱਕ ਕੀਤੀ ਜਾਵੇਗੀ।

| | |
|---|---|
| ਏ) ਕਰਜ਼ਦਾਰ ਦਾ ਨਾਂਅ ਅਤੇ ਪਤਾ<br>ਬੀ) ਗਰੰਟਰ/ਰਹਿਣਕਾਰਾਂ ਦਾ ਨਾਂਅ | 1. ਮੈਸ: ਪੀ ਜੇ ਕਰਾਫਟਸ ਪ੍ਰਾਈਵੇਟ ਲਿਮਿਟਿਡ ਰਜਿ: ਦਫਤਰ ਪਹਿਲੀ ਮੰਜ਼ਲ, ਕੇਨਰਾ ਬੈਂਕ ਬਿਲਡਿੰਗ, ਚੀਮਾ ਚੌਂਕ, ਲੁਧਿਆਣਾ-141002 ਰਾਹੀਂ ਇਸ ਦੇ ਡਾਇਰੈਕਟਰਾਂ (1) ਸ੍ਰੀ ਦਵੇਂਦਰ ਕੁਮਾਰ ਮਹਿਰਾ (2) ਸ੍ਰੀਮਤੀ ਸੋਨੀਆ ਮਹਿਰਾ (3) ਸ੍ਰੀ ਸਤਨਾਮ ਸਿੰਘ ਗਰੰਟਰਜ਼/ਰਹਿਣਕਾਰ (1) ਸ੍ਰੀ ਦਵੇਂਦਰ ਕੁਮਾਰ ਮਹਿਰਾ ਪੁੱਤਰ ਸ੍ਰੀ ਸਤੀਸ਼ ਕੁਮਾਰ ਮਹਿਰਾ (2) ਸ੍ਰੀਮਤੀ ਸੋਨੀਆ ਮਹਿਰਾ ਪਤਨੀ ਸ੍ਰੀ ਦਵੇਂਦਰ ਮਹਿਰਾ ਦੋਵੇਂ 1 ਅਤੇ 2 ਵਾਸੀ ਮਕਾਨ ਨੰ. 304-ਐੱਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ) (3) ਸ੍ਰੀ ਸਤਨਾਮ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨੰ. 43-ਬੀ, ਸਰਾਭਾ ਨਗਰ, ਲੁਧਿਆਣਾ। |
| ਏ) ਡਿਮਾਂਡ ਨੋਟਿਸ (13 (2)) ਦੀ ਮਿਤੀ<br>ਬੀ) ਸੰਕੇਤਕ ਕਬਜ਼ੇ (13 (4)) ਦੀ ਮਿਤੀ<br>ਸੀ) ਆਰ ਸੀ ਅਨੁਸਾਰ ਦਾਅਵਾ ਰਕਮ 31.5.2019 ਨੂੰ ਦੁਆਰਾ ਡੀ ਆਰ ਟੀ ਚੰਡੀਗੜ੍ਹ | (ਏ) 05.07.2013<br>(ਬੀ) 18.03.2014<br>(3) ਰੁਪਏ 5,79,66,826/- (ਪੰਜ ਕਰੋੜ ਉਨਾਸੀ ਲੱਖ ਛਿਆਹਠ ਹਜ਼ਾਰ ਅੱਠ ਸੌ ਛੱਬੀ ਰੁਪਏ ਕੇਵਲ) 06.11.2015 ਨੂੰ ਜਮ੍ਹਾਂ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਵਿਆਜ ਅਤੇ ਲਾਗਤਾਂ, ਚਾਰਜਿਜ਼ ਅਤੇ ਖਰਚੇ। 31.12.2023 ਨੂੰ ਮੂਲ ਅਦਾਇਗੀ ਬਕਾਇਆ ਰੁਪਏ 10,02,57,016.00 (ਦਸ ਕਰੋੜ ਦੋ ਲੱਖ ਸਤਵੰਜਾ ਹਜ਼ਾਰ ਸੋਲਾਂ ਰੁਪਏ ਕੇਵਲ) |
| ਭੌਤਿਕ ਕਬਜ਼ਾ/ਸੰਕੇਤਕ ਕਬਜ਼ੇ ਦਾ ਵੇਰਵਾ | ਸੰਕੇਤਕ ਕਬਜ਼ਾ |
| ਜਾਇਦਾਦ ਦਾ ਵੇਰਵਾ | ਸਤਨਾਮ ਸਿੰਘ ਪੁੱਤਰ ਦਲੀਪ ਸਿੰਘ ਦੇ ਨਾਂਅ ਜ਼ਮੀਨ ਰਕਬਾ 1101 ਵਰਗ ਗਜ਼, ਨੇੜੇ ਕਾਲੀ ਸੜਕ, ਅਬਾਦੀ ਮੁਹੱਲਾ ਨਹਿਰੂ ਵਿਹਾਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਖੱਤਾ ਨੰ. 135/143 ਖਸਰਾ ਨੰ. 1153/519/24, ਹਦਬਸਤ ਨੰ. 78 ਜਮ੍ਹਾਂਬੰਦੀ ਸਾਲ 1991-92, ਪਿੰਡ ਤਰਫ ਸੇਖੇਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਰਾਹੀਂ ਤਿੰਨ (3) ਬੈਨਾਮਿਆਂ ਜੋ ਹੇਠਾਂ ਦਰਸਾਏ ਗਏ ਹਨ : (ਏ) ਰਕਬਾ 500 ਵਰਗ ਗਜ਼ ਵਸੀਕਾ ਨੰ. 7797 ਮਿਤੀ 13/12/1995 ਨਾਲ ਸੰਬੰਧਤ ਸਭ ਕੁਝ। (ਬੀ) ਰਕਬਾ 403 ਵਰਗ ਗਜ਼ ਵਸੀਕਾ ਨੰ. 14139 ਮਿਤੀ 23/09/1997 ਨਾਲ ਸੰਬੰਧਤ ਸਭ ਕੁੱਝ। (ਸੀ) ਜ਼ਮੀਨ ਰਕਬਾ 198 ਵਰਗ ਗਜ਼ ਰਾਹੀਂ ਵਸੀਕਾ ਨੰ. 24434 ਮਿਤੀ 31/01/1997 ਨਾਲ ਸੰਬੰਧਤ ਸਭ ਕੁਝ। |
| ਏ) ਰਾਖਵੀਂ ਕੀਮਤ<br>ਬੀ) ਬਿਆਨਾ ਰਕਮ ਡਿਪਾਜ਼ਟ<br>ਸੀ) ਬੋਲੀ ਰਕਮ 'ਚ ਘੱਟੋ-ਘੱਟ ਵਾਧਾ | (ਏ) 1,98,00,000/- (ਇੱਕ ਕਰੋੜ ਅਠਾਨਵੇਂ ਲੱਖ ਰੁਪਏ ਕੇਵਲ)<br>(ਬੀ) 19,80,000/- (ਉੱਨੀ ਲੱਖ ਅੱਸੀ ਹਜ਼ਾਰ ਕੇਵਲ)<br>(ਸੀ) 2,00,000.00/- (ਦੋ ਲੱਖ ਰੁਪਏ ਕੇਵਲ) |
| ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ | 12.02.2024 (01.00 ਵਜੇ ਦੁਪਹਿਰ ਤੋਂ 2.00 ਵਜੇ ਦੁਪਹਿਰ ਤੱਕ) |
| ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | 19.02.2024 (ਦਫਤਰੀ ਕੰਮ ਦੇ ਸਮੇਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ) |
| ਈ-ਨਿਲਾਮੀ ਦੀ ਮਿਤੀ | 21.02.2024 |
| ਸਮਾਂ ਦੁਪਹਿਰ 1.00 ਵਜੇ ਤੋਂ 2.00 ਵਜੇ ਤੱਕ (ਕਿਰਿਆਸ਼ੀਲ ਉਲਟ ਬੋਲੀ ਦੇ ਸਮੇਂ ਤੋਂ ਹਰੇਕ 5 ਮਿੰਟ ਦਾ ਵਾਧਾ) | |

ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਐਜ਼ਰੈਕ (ਇੰਡੀਆ) ਲਿਮ: ਵੱਲੋਂ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ, ਵੈੱਬਸਾਈਟ www.asrecindia.co.in ਜੋ ਕਿ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: ਆਕਸ਼ਨ ਟਾਈਗਰ, ਅਹਿਮਦਾਬਾਦ ਦੀ ਵੈੱਬਸਾਈਟ https://sarfaesi.auctiontiger.net 'ਤੇ ਵੀ ਉਪਲੱਬਧ ਹੈ। ਚਾਹਵਾਨ ਬੋਲੀਕਾਰ ਕੋਲ ਯੋਗ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਸੰਪਰਕ ਵਿਅਕਤੀ ਮੈਸ: ਈ-ਪ੍ਰੋਕਿਉਰਮੈਂਟ ਟੈਕਨਾਲੋਜੀਜ਼ ਲਿਮ: (ਆਕਸ਼ਨ ਟਾਈਗਰ) ਸ੍ਰੀ ਰਾਮ ਪ੍ਰਸਾਦ, ਮੋਬਾਈਲ ਨੰ: 8000023297, ਹੈਲਪਲਾਈਨ ਨੰ: 079-61200531/544/596/559 ਹੋਰ ਪੁੱਛਗਿੱਛ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਰਾਜੀਵ ਘਈ ਸੰਪਰਕ ਨੰ. 7011926017, ਲੈਂਡਲਾਈਨ ਨੰ. 0161-4625488, ਈਮੇਲ ਆਈ ਡੀ asrec.ludhiana@asrecindia.co.in ਨਾਲ ਕੰਮਕਾਜ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਵਿਕਰੀ ਨੋਟਿਸ ਉਪਰੋਕਤ ਕਰਜ਼ਦਾਰਾਂ ਅਤੇ ਗਰੰਟਰਾਂ/ਰਹਿਣਕਾਰਾਂ ਲਈ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਨਾਲ ਪੜ੍ਹੇ ਜਾਂਦੇ ਸਰਫੈਸੀ ਐਕਟ 2002 ਤਹਿਤ ਰੂਲ 8 ਅਤੇ 9 (1) ਦੀਆਂ ਵਿਵਸਥਾਵਾਂ ਅਤੇ ਹੋਰ ਨਿਯਮਾਂ ਤਹਿਤ 15 ਦਿਨਾਂ ਦਾ ਵਿਧਾਨਕ ਵਿਕਰੀ ਨੋਟਿਸ ਵੀ ਹੈ, ਜੋ ਉਹਨਾਂ ਨੂੰ ਉਪਰੋਕਤ ਮਿਤੀ ਤੇ ਸਮੇਂ 'ਤੇ ਨਿਲਾਮੀ/ਵਿਕਰੀ ਅਤੇ ਉਹਨਾਂ ਵੱਲੋਂ ਉਪਰੋਕਤ ਦਰਸਾਏ ਬਕਾਏ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਖਰਚੇ ਨਿਲਾਮੀ ਦੀ ਨਿਰਧਾਰਤ ਮਿਤੀ ਤੋਂ ਪਹਿਲਾਂ ਅਦਾ ਕਰਕੇ ਐੱਸਟਸ ਦੇ ਪੁਨਰਗ੍ਰਹਿਣ ਦੀ ਨਸੀਹਤ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਜਾਇਦਾਦ, ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਦੀ ਮਰਜ਼ੀ ਨਾਲ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (5) ਅਧੀਨ ਕਿਸੇ ਵੀ ਤਰੀਕੇ ਨਾਲ ਵੇਚ ਦਿੱਤੀ ਜਾਵੇਗੀ, ਜੇਕਰ ਫਿਰ ਵੀ ਕੋਈ ਬਕਾਇਆ ਰਹਿ ਜਾਵੇਗਾ ਤਾਂ ਸਮੇਤ ਵਿਆਜ, ਲਾਗਤਾਂ ਅਤੇ ਚਾਰਜਿਜ਼ ਦੇ ਵਸੂਲਿਆ ਜਾਵੇਗਾ।

ਮਿਤੀ : 31.01.2024, ਸਥਾਨ : ਲੁਧਿਆਣਾ ਸਹੀ/- ਅਧਿਕਾਰਤ ਅਫਸਰ



ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR24-7 | 08.02.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):19224-R1, 19224-F1, 11058-R1, 11058-F1, 11058-F2, 12476-F1, 12446-F1, 12238-R1, 12238-F2, 12238-F1 & 16032-F2. |
| EAFZR-MA24-1 | 08.02.2024 ਨੂੰ 11:00 ਵਜੇ | ਗੱਡੀ ਨੰਬਰ 12422, 12492, 12414, 12408, 14612, 14610, 14646, 14634, 14624 (ਗਰੁਪ ਰੇਕ ਲਿੰਕ) ਅਤੇ ਕਸ਼ਮੀਰ ਘਾਟੀ ਵਿਚ ਡੀਐਮਯੂ ਟ੍ਰੇਨਾਂ ਦੇ ਸਵਾਰੀ ਡੱਬਿਆਂ ਦੇ ਬਾਹਰੀ ਭਾਗ ਤੇ ਵਿਨਾਇਲ ਰੈਪਿੰਗ ਦੇ ਮਾਧਿਅਮ ਨਾਲ ਵਾਨਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-CTG24-3 | 09.02.2024 ਨੂੰ 11:00 ਵਜੇ | ਰੇਲਵੇ ਸਟੇਸ਼ਨ ਟਾਂਡਾ ਉੜਮੁੜ, ਨਕੋਦਰ, ਰਾਮ ਨਗਰ (ਜੇਕੇ), ਲੋਹਿਯਾਂ ਖਾਸ, ਨਵਾਂਸ਼ਹਿਰ ਦੋਆਬਾ, ਕੋਟਕਪੁਰਾ, ਬਾੜੀ ਬ੍ਰਾਹਮਨਾ, ਸਾਂਬਾ, ਸਾਹਨੇਵਾਲ, ਤਰਨਤਾਰਨ, ਸੁਲਤਾਨਪੁਰ ਲੋਧੀ ਅਤੇ ਡੀਏਵੀ ਕਾਲੇਜ ਜਲੰਧਰ ਹਾਲਟ ਅਤੇ ਵਿਚ ਕੈਂਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| EAFZR-WVM24-2 | 09.02.2024 ਨੂੰ 11:00 ਵਜੇ | ਰੇਲਵੇ ਸਟੇਸ਼ਨ ਫਰੀਦਕੋਟ, ਫਿਲੌਰ, ਕਠੂਆ, ਫਿਰੋਜਪੁਰ ਕੈਂਟ ਅਤੇ ਉਧਮਪੁਰ ਵਿਚ ਵਾਟਰ ਵੈਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-CTG24-4 | 12.02.2024 ਨੂੰ 11:00 ਵਜੇ | ਰੇਲਵੇ ਸਟੇਸ਼ਨ ਖੇਮਕਰਨ, ਮੁਕਤਸਰ, ਗੰਗਸਰ ਜੈਤੋਂ, ਵੇਰਕਾ, ਹੁਸ਼ਿਆਰਪੁਰ, ਡੀਏਵੀ ਕਾਲਜ ਜਲੰਧਰ ਹਾਲਟ ਅਤੇ ਫਾਜਿਲਕਾ ਵਿਚ ਕੈਂਟਰਿੰਗ ਸਟਾਲ ਦਾ ਠੇਕੇ ਤੇ ਅਲਾਟਮੈਂਟ। |
| EAFZR-SLR24-8 | 12.02.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):19226-R1, 19226-F1, 14614-R1, 14610-F1, 14633-F1, 14633-F2, 22462-F1, 14654-R1, 14654-F1, 14654-F2, 14632-F1, 14632-R1, 12498-F1, 14601-F1, 14601-F2, 14601-R1 & 12426-F1. |
| EAFZR-SLR24-9 | 13.02.2024 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):12460-F1, 12030-F1, 14036-R1, 15212-R1, 12412-F1, 14036-F1, 12588-F1, 14614-F1, 15212-F1, 12266-F1, 14646-F1, 14646-R1, 14036-F2, 14034-F1, 12920-F1, 12472-VP & 12414-VP. |
| EAFZR-SLR24-10 | 14.02.2024 ਨੂੰ 10:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲ ਆਰ ਕੰਪਾਰਟਮੈਂਟ):14662-F1, 14662-R1, 14662-F2, 19416-F1, 19804-F1, 12014-F1, 19612-F1, 12478-F1, 22430-F1, 11450-F1, 19326-F1, 15098-F1, 22552-F1, 22446-F1, 12422-F1 & 15532-F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 307/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

31-JAN-PAGE-3-Add.qxd 1/30/2024 10:41 PM Page 1



# ਫਾਇਨਾਂਸ ਕੰਪਨੀ ਖਿਲਾਫ਼ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਰੋਸ ਮਾਰਚ

## ਮਜ਼ਦੂਰ ਔਰਤਾਂ ਸਿਰ ਚੜ੍ਹੇ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ਼ ਕੀਤੇ ਜਾਣ : ਸਲੇਮਪੁਰੀ



**ਜਗਰਾਉਂ (ਸੰਜੀਵ ਅਰੋੜਾ)**-ਮਜ਼ਦੂਰ ਔਰਤਾਂ ਸਿਰ ਚੜ੍ਹੇ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ਼ ਕਰਾਏ ਜਾਣ, ਚੋਣ ਵਾਅਦੇ ਮੁਤਾਬਿਕ ਔਰਤਾਂ ਨੂੰ ਹਜ਼ਾਰ-ਹਜ਼ਾਰ ਰੁਪਏ ਮਹੀਨਾ ਦਿੱਤੇ ਜਾਣ, ਪਿੰਡਾਂ 'ਚ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਮਜ਼ਦੂਰਾਂ ਨੂੰ ਠੇਕੇ 'ਤੇ ਦਿੱਤੇ ਜਾਣ ਦੀ ਗਾਰੰਟੀ ਕੀਤੇ ਜਾਣ, ਬੇਜ਼ਮੀਨੇ ਮਜ਼ਦੂਰ ਪਰਿਵਾਰਾਂ ਲਈ ਦਸ-ਦਸ ਮਰਲੇ ਦੇ ਰਿਹਾਇਸ਼ੀ ਪਲਾਟ ਅਲਾਟ ਕੀਤੇ ਜਾਣ, ਮਜ਼ਦੂਰਾਂ ਦੀ ਕੰਮ ਦਿਹਾੜੀ ਕਾਨੂੰਨਣ ਛੇ ਘੰਟੇ ਕੀਤੇ ਜਾਣ, ਮਨਰੇਗਾ ਕਾਨੂੰਨ ਤਹਿਤ ਦੋ ਸੌ ਦਿਨ ਕੰਮ ਤੇ ਸੱਤ ਸੌ ਰੁਪਏ ਦਿਹਾੜੀ ਦਿੱਤੇ ਜਾਣ, ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਏ ਜਾਣ ਤੇ ਨਸ਼ਿਆਂ ਦੇ ਕਾਰੋਬਾਰ ਰਾਹੀਂ ਬਣਾਈਆਂ ਜਾਇਦਾਦਾਂ ਕੁਰਕ ਕੀਤੇ ਜਾਣ, ਦਲਿਤ ਵਿਦਿਆਰਥੀਆਂ ਦਾ ਵਜ਼ੀਫਾ ਤੇ ਕਿਤਾਬਾਂ ਸਮੇਂ ਸਿਰ ਦਿੱਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਨਗਰ ਕੌਂਸਲ ਦੇ ਪਾਰਕ ਤੋਂ ਲੈ ਕੇ ਐੱਸ.ਡੀ.ਐੱਮ. ਦਫ਼ਤਰ ਜਗਰਾਉਂ ਤੱਕ ਰੋਸ ਮਾਰਚ ਕਰਕੇ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਮਜ਼ਦੂਰਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਗੁਰਪ੍ਰੀਤ ਸਿੰਘ ਰੂੜੇਕੇ, ਸੂਬਾ ਪ੍ਰੈੱਸ ਸਕੱਤਰ ਹਰਮਨਦੀਪ ਸਿੰਘ ਹਿੰਮਤਪੁਰਾ ਤੇ ਸੂਬਾ ਕਮੇਟੀ ਮੈਂਬਰ ਧਰਮਪਾਲ ਸਿੰਘ ਸੁਨਾਮ ਤੇ ਦਵਿੰਦਰ ਸਿੰਘ ਸਲੇਮਪੁਰ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਮਜ਼ਦੂਰਾਂ ਦੀ ਹਾਲਤ ਬਦ ਤੋਂ ਬਦਤਰ ਹੋਣ ਤੋਂ ਰੋਕਣ ਦੀ ਬਜਾਏ ਮਜ਼ਦੂਰਾਂ ਨੂੰ ਹੋਰ ਵੀ ਗੁਰਬੱਤ ਵੱਲ ਧੱਕ ਰਹੀਆਂ ਹਨ ਤੇ ਮਨਰੇਗਾ ਦੇ ਬਜਟ 'ਤੇ ਕੱਟ ਲਾ ਕੇ 12 ਘੰਟੇ ਦੀ ਕੰਮ ਦਿਹਾੜੀ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਮਜ਼ਦੂਰਾਂ ਨੂੰ ਹੋਰ ਬੇਰੁਜ਼ਗਾਰੀ ਤੇ ਗੁਲਾਮੀ ਵਾਲੇ ਪਾਸੇ ਧੱਕਿਆ ਜਾ ਰਿਹਾ ਹੈ ਅਤੇ ਮਜ਼ਦੂਰ ਔਰਤਾਂ ਘਰਾਂ ਦਾ ਗੁਜ਼ਾਰਾ ਤੋਰਨ ਲਈ ਮਾਇਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ 'ਤੇ ਨਿਰਭਰ ਹੋ ਗਈਆਂ ਹਨ, ਪਰ ਰੁਜ਼ਗਾਰ ਦੇ ਲਗਾਤਾਰ ਸੁੰਗੜ ਰਹੇ ਮੌਕਿਆਂ ਤੇ ਅਮਰਵੇਲ ਵਾਂਗ ਵੱਧ ਰਹੀਆਂ ਵਿਆਜ ਦਰਾਂ ਕਾਰਨ ਮਜ਼ਦੂਰ ਔਰਤਾਂ ਮਾਇਕਰੋ ਫਾਇਨਾਂਸ ਕੰਪਨੀਆਂ ਦਾ ਕਰਜ਼ਾ ਮੋੜਨ ਤੋਂ ਅਸਮਰੱਥ ਹਨ। ਅਜਿਹੇ ਸਮੇਂ ਮਜ਼ਦੂਰਾਂ ਕੋਲ ਆਪਣੀਆਂ ਹੱਕਾਂ ਮੰਗਾਂ ਲਈ ਸੰਘਰਸ਼ ਤੋਂ ਬਗੈਰ ਕੋਈ ਚਾਰਾ ਨਹੀਂ ਰਿਹਾ। ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਮਸ਼ੀਨੀਕਰਨ ਦੇ ਦੌਰ ਕਾਨੂੰਨ ਕੰਮ ਦਿਹਾੜੀ ਛੇ ਘੰਟੇ ਕੀਤੀ ਜਾਵੇ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾ ਸਕੇ ਤੇ ਮਸ਼ੀਨੀਕਰਨ ਦਾ ਫਾਇਦਾ ਮਜ਼ਦੂਰਾਂ ਨੂੰ ਵੀ ਹੋ ਸਕੇ। ਇਸ ਮੌਕੇ ਮਜ਼ਦੂਰ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਦਾ ਠੋਸ ਹੱਲ ਨਾ ਕੱਢਿਆ ਤਾਂ ਸੰਘਰਸ਼ ਹੋਰ ਤਿੱਖਾ ਤੇ ਵਿਆਪਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬਲਵਿੰਦਰ ਕੌਰ ਸਿਧਵਾਂ ਬੇਟ, ਗੰਗਾ ਸਿੰਘ, ਜਗਰੂਪ ਸਿੰਘ, ਬੇਅੰਤ ਸਿੰਘ, ਪੰਚ ਹਰਬੰਸ ਕੌਰ, ਕਮਲਜੀਤ ਕੌਰ, ਬੱਬਲਜੀਤ ਕੌਰ ਸਲੇਮਪੁਰ, ਹਰਿੰਦਰ ਸਿੰਘ, ਰਛਪਾਲ ਕੌਰ, ਰਮਨਦੀਪ ਕੌਰ ਤੇ ਲਖਵੀਰ ਕੌਰ ਲੀਲਾਂ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਐੱਸ ਡੀ ਐੱਮ ਗੁਰਵੀਰ ਸਿੰਘ ਕੋਹਲੀ ਨੇ ਮੰਗ ਪੱਤਰ ਲੈਂਦੇ ਹੋਏ ਵਫਦ ਨੂੰ ਵਿਸ਼ਵਾਸ ਦਿਆਇਆ ਕਿ ਜਿਹੜੀਆਂ ਕੰਪਨੀਆਂ ਗਰੀਬ ਔਰਤਾਂ ਨਾਲ ਕਿਸ਼ਤਾਂ ਲੈਣ ਨੂੰ ਧੱਕਾ ਕਰ ਰਹੀਆਂ ਹਨ, ਉਨ੍ਹਾਂ ਖਿਲਾਫ਼ ਸਖ਼ਤੀ ਕਰਦੇ ਹੋਏ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਵੇਟ ਲਿਫ਼ਟਿੰਗ ਮੁਕਾਬਲਿਆਂ 'ਚ ਗੁਰੂ ਨਾਨਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਹੋਣਹਾਰ ਵਿਦਿਆਰਥੀ-ਖਿਡਾਰੀ ਨੇ ਆਲ ਇੰਡੀਆ ਅੰਤਰਯੂਨੀਵਰਸਿਟੀ ਵੇਟ ਲਿਫ਼ਟਿੰਗ ਮੁਕਾਬਲਿਆਂ ਵਿੱਚ ਭਾਗ ਲੈ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਤੇ ਡੀਨ ਆਫ਼ ਸਪੋਰਟਸ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਵਿਖੇ 26 ਤੋਂ 29 ਜਨਵਰੀ 2024 ਤੱਕ ਲੜਕਿਆਂ ਦੇ ਵੇਟ ਲਿਫ਼ਟਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵੱਖ ਵੱਖ ਯੂਨੀਵਰਸਿਟੀਆਂ ਦੇ 33 ਖਿਡਾਰੀਆਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਚੰਦਨ ਐੱਮ. ਏ. ਸਮਾਜ ਸ਼ਾਸਤਰ ਸਮੈਸਟਰ ਚੌਥਾ ਨੇ ਲੜਕਿਆਂ ਦੇ 55 ਕਿੱਲੋ ਭਾਰ ਵਰਗ ਗਰੁੱਪ ਏ ਵਿੱਚ ਭਾਗ ਲੈਂਦਿਆਂ 33 ਖਿਡਾਰੀਆਂ ਵਿੱਚੋਂ ਪਹਿਲੇ 13 ਖਿਡਾਰੀਆਂ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਕਾਲਜ ਦੀ ਪ੍ਰਤਿਸ਼ਠਾ ਵਿੱਚ ਵਾਧਾ ਕੀਤਾ ਹੈ। ਜ਼ਿਕਰਯੋਗ ਹੈ ਕਿ ਵਿਦਿਆਰਥੀ ਚੰਦਨ ਨੇ ਪਹਿਲਾਂ ਅੰਤਰ-ਕਾਲਜ ਮੁਕਾਬਲਿਆਂ ਵਿੱਚ ਗੋਲਡ ਮੈਡਲ ਹਾਸਲ ਕੀਤਾ ਤੇ ਫਿਰ ਉਸ ਦੀ ਚੋਣ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਲਈ ਹੋਣ ਉਪਰੰਤ ਉਸ ਨੇ ਆਲ ਇੰਡੀਆ ਅੰਤਰ-ਯੂਨੀਵਰਸਿਟੀ ਵੇਟ ਲਿਫ਼ਟਿੰਗ ਮੁਕਾਬਲਿਆਂ ਵਿੱਚ ਬਿਹਤਰੀਨ ਪ੍ਰਦਰਸ਼ਨ ਕੀਤਾ ਹੈ।

ਇਸ ਸ਼ਾਨਦਾਰ ਪ੍ਰਦਰਸ਼ਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਰੀਰਕ ਸਿੱਖਿਆ ਵਿਭਾਗ ਪ੍ਰਾਧਿਆਪਕ ਪ੍ਰੋ. ਮਨਿੰਦਰ ਸਿੰਘ ਤੇ ਵਿਦਿਆਰਥੀ ਨੂੰ ਮੁਬਾਰਕਬਾਦ ਦਿੱਤੀ।

# ਡਾ. ਅੰਬੇਡਕਰ ਭਵਨ ਵਿਖੇ ਤ੍ਰੈ-ਭਾਸ਼ੀ ਕਵੀ ਦਰਬਾਰ ਲਗਾਇਆ



**ਮਾਨਸਾ (ਆਤਮਾ ਸਿੰਘ ਪਮਾਰ, ਅਵਤਾਰ ਜਟਾਣਾ)**-ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਭਾਸ਼ਾ ਦਫਤਰ ਮਾਨਸਾ ਵੱਲੋਂ ਡਾ. ਬੀ ਆਰ ਅੰਬੇਡਕਰ ਭਵਨ ਵਿਖੇ ਤ੍ਰੈ-ਭਾਸ਼ੀ ਕਵੀ ਦਰਬਾਰ ਲਗਾਇਆ ਗਿਆ, ਜਿਸ ਦੀ ਪ੍ਰਧਾਨਗੀ ਕਵੀ ਸੁਖਚਰਨ ਸੱਦੇਵਾਲੀਆ ਤੇ ਮੁੱਖ ਮਹਿਮਾਨ ਵਜੋਂ ਸਮਾਜ ਸੇਵੀ ਬਿੱਕਰ ਮਘਾਣੀਆਂ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ. ਗੁਰਮੇਲ ਕੌਰ ਜੋਸ਼ੀ ਸ਼ਾਮਲ ਹੋਏ।

ਹਾਜ਼ਰੀਨ ਦਾ ਸੁਆਗਤ ਕਰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਨੇ ਭਾਸ਼ਾ ਵਿਭਾਗ ਦੇ ਕਾਰਜਾਂ ਤੇ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਕਵੀ ਦਰਬਾਰ ਵਿੱਚ ਬਲਰਾਜ ਨੰਗਲ, ਅੰਮ੍ਰਿਤ ਸਮਿਤੋਜ, ਕੁਲਵਿੰਦਰ ਬੱਛੋਆਣਾ, ਸੁਖਵਿੰਦਰ ਰਾਜ, ਹੰਸ ਰਾਜ ਮੋਫਰ, ਯੋਗਿਤਾ ਜੋਸ਼ੀ, ਜਸਵਿੰਦਰ ਚਾਹਲ, ਗੁਰਜੰਟ ਚਾਹਲ, ਰਾਜਿੰਦਰ ਹੈਪੀ, ਜਗਤਾਰ ਲਾਡੀ, ਸਿੰਮੀ ਬਾਂਸਲ, ਪ੍ਰੇਮ ਕੁਮਾਰ ਸ਼ਰਮਾ, ਬਲਵੀਰ ਅਗਰੋਹੀਆ, ਦਿਲਬਾਗ ਰਿਉਂਦ, ਕੁਲਦੀਪ ਦਾਤੇਵਾਸ, ਬੂਟਾ ਸਿੰਘ ਮਾਨ, ਕੁਲਦੀਪ ਚੌਹਾਨ, ਜੋਗਿੰਦਰ ਕੌਰ ਅਗਨੀਹੋਤਰੀ, ਵੀਰਪਾਲ ਕੌਰ, ਬੂਟਾ ਸਿੰਘ ਮਾਨ ਇਕਬਾਲ ਉੱਭਾ ਤੇ ਦਰਸ਼ਨ ਜੋਗਾ, ਮਨਜਿੰਦਰ ਮਾਖਾ ਨੇ ਆਪੋ ਆਪਣੀਆਂ ਕਵਿਤਾਵਾਂ ਨਾਲ ਸਰੋਤਿਆਂ ਨੂੰ ਕੀਲਿਆ।

ਕਵੀ ਦਰਬਾਰ ਦਾ ਮੰਚ ਸੰਚਾਲਨ ਜਗਜੀਵਨ ਆਲੀਕੇ ਨੇ ਕੀਤਾ। ਸਭ ਦਾ ਧੰਨਵਾਦ ਕਰਦਿਆਂ ਵਿਭਾਗ ਦੇ ਖੋਜ ਅਫ਼ਸਰ ਸ਼ਾਇਰ ਗੁਰਪ੍ਰੀਤ ਨੇ ਕਿਹਾ ਕਿ ਕਵਿਤਾ ਮਨੁੱਖ ਦੇ ਦੁੱਖ ਸੁੱਖ ਨੂੰ ਦਰਸਾਉਂਦੀ ਹੋਈ ਸਮਾਜ ਨੂੰ ਸੰਵੇਦਨਸ਼ੀਲ ਬਣਾਉਂਦੀ ਹੈ। ਇਸ ਕਵੀ ਦਰਬਾਰ ਵਿੱਚ ਆਪ ਦੇ ਇਸਤਰੀ ਵਿੰਗ ਦੇ ਪ੍ਰਧਾਨ ਸ੍ਰੀਮਤੀ ਪਰਮਜੀਤ ਕੌਰ, ਇੰਦਰਜੀਤ ਉੱਭਾ, ਜਗਤਾਰ ਔਲਖ, ਅਮਨਦੀਪ ਵਾਂਦਰ, ਅਮੋਲਕ ਡੇਲੂਆਣਾ, ਪਰਾਗ ਰਾਜ, ਹਰਦੀਪ ਸਿੱਧੂ, ਅੰਮ੍ਰਿਤਪਾਲ ਸਿੰਘ, ਤਰਸੇਮ ਸੇਮੀ ਤੇ ਜੀਤ ਦਹੀਆ ਨੇ ਵੀ ਸ਼ਿਰਕਤ ਕੀਤੀ।

# ਕੈਬਨਿਟ ਮੰਤਰੀ ਪਹੁੰਚੇ ਦੋਸਤ ਰਮਨ ਮਿੱਤਲ ਰਿੰਪੀ ਦੇ ਘਰ

## ਸ਼ਹਿਰ ਦੀਆਂ ਸਮੱਸਿਆਵਾਂ ਬਾਰੇ ਕਰਾਇਆ ਜਾਣੂ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਕੈਬਨਿਟ ਮੰਤਰੀ ਬਲਕਾਰ ਸਿੰਘ ਪੰਜਾਬ ਟ੍ਰੇਡ ਵਿੰਗ ਦੇ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸੂਬਾ ਸੀਨੀਅਰ ਆਗੂ ਰਿੰਪੀ ਮਿੱਤਲ ਦੇ ਗ੍ਰਹਿ ਵਿਖੇ ਪੁੱਜਣ 'ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਬਲਕਾਰ ਸਿੰਘ ਨਾਲ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਦਵਿੰਦਰਜੀਤ ਸਿੰਘ ਲਾਡੀ ਢੋਸ ਵਿਧਾਇਕ ਧਰਮਕੋਟ, ਡਾ. ਅਮਨਦੀਪ ਕੌਰ ਅਰੋੜਾ ਵਿਧਾਇਕ ਮੋਗਾ, ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਹਲਕਾ ਨਿਹਾਲ ਸਿੰਘ ਵਾਲਾ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਹਰਮਨਦੀਪ ਸਿੰਘ ਦੀਦਾਰੇਵਾਲਾ ਅਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ ਵੀ ਸ਼ਾਮਲ ਸਨ।ਇਸ ਮੌਕੇ ਕੈਬਨਿਟ ਮੰਤਰੀ ਬਲਕਾਰ ਸਿੰਘ ਨੂੰ ਪੰਜਾਬ ਟ੍ਰੇਡ ਵਿੰਗ ਦੇ ਪ੍ਰਧਾਨ ਰਿੰਪੀ ਮਿੱਤਲ ਵੱਲੋਂ ਸ਼ਹਿਰ ਬਾਘਾਪੁਰਾਣਾ ਵਿਚ ਹੋਣ ਵਾਲੇ ਕੰਮਾਂ ਤੇ ਸਮੱਸਿਆਵਾਂ ਸਬੰਧੀ ਜਾਣੂ ਕਰਾਇਆ।ਉਨ੍ਹਾਂ ਸਰਕਾਰਾਂ ਮੰਤਰੀ ਨੂੰ ਸ਼ਹਿਰ ਵਿੱਚ ਬੰਦ ਪਏ ਸੀਵਰੇਜ ਦੀ ਸਮੱਸਿਆ ਸਬੰਧੀ, ਸ਼ਹਿਰ 'ਚ ਨੌਜਵਾਨਾਂ ਦੇ ਲਈ ਸਟੇਡੀਅਮ ਬਣਾਉਣ, ਸ਼ਹਿਰ ਵਿੱਚ ਵੱਡੇ ਸ਼ਾਨਦਾਰ ਪਾਰਕ ਦੀ ਰੜਕਦੀ ਘਾਟ, ਸਥਾਨਕ ਸ਼ਹਿਰ ਵਿੱਚ ਵੱਡਾ ਬਾਈਪਾਸ ਨਾ ਹੋਣ ਕਾਰਣ ਰੋਜ਼ਾਨਾ ਲੱਗਦੇ ਜਾਮ ਕਾਰਣ ਲੋਕਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਸਬੰਧੀ ਤੇ ਹੋਰ ਕਈ ਅਹਿਮ ਮੁੱਦਿਆਂ ਬਾਰੇ ਜਾਣੂ ਕਰਵਾਇਆ ਤਾਂ ਜੋ ਸ਼ਹਿਰ ਵਾਸੀਆਂ ਦੀਆਂ ਪਿਛਲੇ ਲੰਮੇ ਸਮੇਂ ਤੋਂ ਲਟਕਦੀਆਂ ਉਕਤ ਮੰਗਾਂ ਨੂੰ ਪੂਰਾ ਕਰਾਇਆ ਜਾ ਸਕੇ।ਇਸ ਮੌਕੇ ਬਲਕਾਰ ਸਿੰਘ ਮੂਹਰੇ ਰਿੰਪੀ ਮਿੱਤਲ ਵੱਲੋਂ ਰੱਖੀਆਂ ਮੰਗਾਂ ਨੂੰ ਉਨ੍ਹਾਂ ਧਿਆਨ ਨਾਲ ਸੁਣਿਆ ਅਤੇ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਉਨ੍ਹਾਂ ਨੂੰ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕੋ ਇਕ ਸੁਪਨਾ ਹੈ ਕਿ ਸੂਬੇ ਦਾ ਸਰਬਪੱਖੀ ਵਿਕਾਸ ਕਰਨਾ ਹੈ ਅਤੇ ਸੂਬਾ ਸਰਕਾਰ ਵੱਲੋਂ ਆਏ ਦਿਨ ਲਏ ਜਾ ਰਹੇ ਲੋਕ ਪੱਖੀ ਲਈ ਜਾ ਰਹੇ ਫੈਸਲਿਆਂ ਤੋਂ ਪੰਜਾਬ ਦਾ ਹਰ ਵਰਗ ਖੁਸ਼ ਹੈ।ਅੰਤ ਵਿੱਚ ਕੈਬਨਿਟ ਮੰਤਰੀ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

# ਸ਼ਿਵ ਮਲਹੋਤਰਾ ਨਮਿਤ ਰਸਮ ਕਿਰਿਆ 9 ਨੂੰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਪਣਾ ਸਮੁੱਚਾ ਜੀਵਨ ਲੋੜਵੰਦਾਂ ਦੀ ਮੱਦਦ 'ਚ ਬਤੀਤ ਕਰਨ ਵਾਲੇ ਸੁਪਰੀਮ ਕੋਰਟ ਦੇ ਉੱਘੇ ਵਕੀਲ ਸ਼ਿਵ ਮਲਹੋਤਰਾ 81 ਸਾਲ ਦੀ ਉਮਰ ਭੋਗ ਕੇ ਇੱਕ ਸੰਖੇਪ ਬਿਮਾਰੀ ਉਪਰੰਤ ਬੀਤੇ ਦਿਨ ਇਸ ਸੰਸਾਰ ਨੂੰ ਅਲਵਿਦਾ ਆਖ ਗਏ।ਐਡਵੋਕੇਟ ਸ਼ਿਵ ਮਲਹੋਤਰਾ ਬਸੀ ਪਠਾਣਾਂ ਤੋਂ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਤੇ ਮੀਡੀਆ ਕਲੱਬ ਫ਼ਤਹਿਗੜ੍ਹ ਸਾਹਿਬ ਦੇ ਸਾਬਕਾ ਪ੍ਰਧਾਨ ਅਜੈ ਮਲਹੋਤਰਾ ਦੇ ਵੱਡੇ ਭਰਾ ਸਨ, ਜੋ ਖੇਡ ਸੰਸਥਾਵਾਂ ਤੋਂ ਇਲਾਵਾ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਸਨ।ਐਡਵੋਕੇਟ ਸ਼ਿਵ ਮਲਹੋਤਰਾ ਦੇ ਚਲਾਣੇ ਦੀ ਖਬਰ ਸੁਣ ਕੇ ਇਲਾਕਾ ਵਾਸੀਆਂ ਤੋਂ ਇਲਾਵਾ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਡਾ. ਗੁਰਬਚਨ ਜਗਤ, ਸਾਬਕਾ ਡੀ.ਜੀ.ਪੀ. ਐੱਨ.ਪੀ.ਐੱਸ. ਔਲਖ, ਵਿਧਾਇਕ ਰੁਪਿੰਦਰ ਸਿੰਘ ਹੈਪੀ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੀ.ਪੀ., ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ, ਸਾਬਕਾ ਆਈ.ਏ.ਐੱਸ. ਅਧਿਕਾਰੀ ਦਰਬਾਰਾ ਸਿੰਘ ਗੁਰੂ, ਸੀਨੀਅਰ ਕਾਂਗਰਸੀ ਆਗੂ ਡਾ. ਸਿਕੰਦਰ ਸਿੰਘ, ਭਾਜਪਾ ਆਗੂ ਦੀਪਕ ਜੋਤੀ ਤੇ ਕੁਲਦੀਪ ਸਿੰਘ ਸਿੱਧੂਪੁਰ ਤੋਂ ਇਲਾਵਾ ਵੱਖ-ਵੱਖ ਸ਼ਖਸੀਅਤਾਂ ਵੱਲੋਂ ਇਸ ਮੌਕੇ ਮਲਹੋਤਰਾ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ।ਅਜੈ ਮਲਹੋਤਰਾ ਨੇ ਦੱਸਿਆ ਕਿ ਐਡਵੋਕੇਟ ਸ਼ਿਵ ਮਲਹੋਤਰਾ ਜੀ ਦੀ ਰਸਮ ਕਿਰਿਆ 9 ਫਰਵਰੀ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਭਗਤ ਨਾਮਦੇਵ ਮੰਦਰ ਬਸੀ ਪਠਾਣਾਂ ਵਿਖੇ ਹੋਵੇਗੀ।

# ਸੜਕ ਹਾਦਸੇ 'ਚ ਨੌਜਵਾਨ ਦੀ ਮੌਤ



**ਬਰੇਟਾ (ਰੀਤਵਾਲ)**-ਇੱਥੋਂ ਥੋੜ੍ਹੀ ਦੂਰ ਪਿੰਡ ਦਾਤੇਵਾਸ ਵਿਖੇ ਇੱਕ ਸਵੀਫਟ ਕਾਰ ਦੀ ਮੋਟਰਸਾਈਕਲ ਨਾਲ ਸਿੱਧੀ ਟੱਕਰ ਹੋਣ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਥਾਣਾ ਬੁਢਲਾਡਾ ਦੇ ਸਹਾਇਕ ਥਾਣੇਦਾਰ ਨਾਜਰ ਸਿੰਘ ਨੇ ਦੱਸਿਆ ਕਿ ਪਿੰਡ ਦਾਤੇਵਾਸ ਨਜ਼ਦੀਕ ਬੁਢਲਾਡਾ ਤੋਂ ਬਰੇਟਾ ਨੂੰ ਜਾ ਰਹੇ ਮੋਟਰਸਾਈਕਲ ਸਵਾਰ ਮਲਕੀਤ ਸਿੰਘ ਵਾਸੀ ਬਰੇਟਾ ਦੀ ਸਾਹਮਣੋਂ ਆ ਰਹੀ ਸਵੀਫਟ ਕਾਰ ਨਾਲ ਸਿੱਧੀ ਟੱਕਰ ਹੋ ਗਈ, ਜਿਸ 'ਚ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕ ਦੇ ਪਿਤਾ ਜਸਵਿੰਦਰ ਸਿੰਘ ਦੇ ਬਿਆਨ 'ਤੇ ਕਾਰ ਚਾਲਕ ਖਿਲਾਫ ਧਾਰਾ 337, 338, 304 ਏ. ਤਹਿਤ ਮਾਮਲਾ ਦਰਜ ਕਰਕੇ ਕਾਰ ਕਬਜ਼ੇ ਵਿੱਚ ਲੈ ਲਈ ਹੈ ਅਤੇ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ।

# ਵਿਧਾਇਕ ਪੰਡੋਰੀ ਬਣੇ 'ਆਪ' ਐੱਸ ਸੀ ਵਿੰਗ ਦੇ ਸੂਬਾ ਪ੍ਰਧਾਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਪੰਜਾਬ ਵਿਧਾਨ ਸਭਾ ਨੂੰ ਪਾਰਟੀ ਹਾਈ ਕਮਾਂਡ ਵੱਲੋਂ ਐੱਸ.ਸੀ. ਵਿੰਗ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਸ਼ੁਰੂਆਤੀ ਦੌਰ ਤੋਂ 'ਆਪ' ਨਾਲ ਜੁੜੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵਿਸ਼ਵਾਸਪਾਤਰ ਆਗੂਆਂ 'ਚੋਂ ਇਕ ਹਨ। ਉਨ੍ਹਾਂ ਸਾਲ 2017 ਦੌਰਾਨ ਪਹਿਲੀ ਵਾਰ ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਚੋਣ ਜਿੱਤੀ ਸੀ। ਉਨ੍ਹਾਂ ਦੀ ਹਰਮਨ ਪਿਆਰੀ ਸ਼ਖਸੀਅਤ ਦੇ ਸਦਕਾ ਸਾਲ 2022 ਦੀਆਂ ਚੋਣਾਂ 'ਚ ਹਲਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਮੁੜ ਤੋਂ ਜਿਤਾ ਕੇ ਵਿਧਾਨ ਸਭਾ 'ਚ ਭੇਜਿਆ। ਵਿਧਾਇਕ ਪੰਡੋਰੀ ਦੀ ਇਸ ਨਿਯੁਕਤੀ 'ਤੇ ਸਮੂਹ ਆਗੂਆਂ/ਵਰਕਰਾਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਨਿਯੁਕਤੀ ਸਬੰਧੀ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ, ਮੈਂਬਰ ਰਾਜ ਸਭਾ ਸੰਦੀਪ ਪਾਠਕ, ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦੁਆਇਆ ਕਿ ਉਹ ਪੰਜਾਬ ਤੇ ਪਾਰਟੀ ਦੀ ਬਿਹਤਰੀ ਵਾਸਤੇ ਹਮੇਸ਼ਾ ਦੀ ਤਰ੍ਹਾਂ ਲਗਨ, ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਦੇ ਰਹਿਣਗੇ।

# ਖਾਲਸਾ ਪਬਲਿਕ ਸਕੂਲ ਵਿਖੇ ਜਾਗਰੂਕਤਾ ਕੈਂਪ ਲਗਾਇਆ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਖਾਲਸਾ ਪਬਲਿਕ ਹਾਈ ਸੈਕੰਡਰੀ ਸਕੂਲ ਨੂਰਪੁਰ ਬੇਟ ਵਿਖੇ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ (ਐੱਨਜੀਓ) ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਦੇ ਸਹਿਯੋਗ ਨਾਲ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਨਸ਼ਿਆਂ, ਟ੍ਰੈਫਿਕ ਨਿਯਮਾਂ, ਕਾਲ 112 ਤੇ ਜੰਕ ਫੂਡ ਬਾਰੇ ਜਾਗਰੂਕ ਕੀਤਾ ਗਿਆ।

ਰਾਵੀ ਕੌਸ਼ਲ ਨੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਣ ਲਈ ਸਿੱਖਿਆ ਦਿੰਦਿਆਂ ਕਿਹਾ ਕਿ ਜੇਕਰ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਨਜ਼ਦੀਕੀ ਨਸ਼ੇ ਦਾ ਆਦੀ ਹੈ ਤਾਂ ਉਸ ਨੂੰ ਨਸ਼ਾ ਛੁਡਾਓ ਕੇਂਦਰ ਸਮਰਾਲਾ ਵਿਖੇ ਦਾਖਲ ਕਰਵਾ ਕੇ ਉਸ ਦਾ ਇਲਾਜ ਕਰਵਾਉਣ ਜਿੱਥੇ ਕਿ ਸਾਰੀਆਂ ਸੁਵਿਧਾਵਾਂ ਮੁਫ਼ਤ ਹਨ। ਨਿਧੀ ਸ਼ਰਮਾ ਵੱਲੋਂ ਜੰਕ ਫੂਡ ਤੋਂ ਬਚਣ ਲਈ ਬੱਚਿਆਂ ਨੂੰ ਅਪੀਲ ਕੀਤੀ ਗਈ। ਐੱਨਜੀਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਵੱਲੋਂ 112 ਤੇ ਟ੍ਰੈਫਿਕ ਨਿਯਮਾਂ ਸਬੰਧੀ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ ਅਤੇ ਸਾਰਿਆਂ ਨੂੰ ਨਸ਼ੇ ਤੋਂ ਬਚਣ ਲਈ ਸਹੁੰ ਵੀ ਚੁਕਾਈ। ਸਕੂਲੀ ਵਾਹਨਾਂ 'ਤੇ ਰਿਫਲੈਕਟਰ ਵੀ ਲਗਾਏ ਗਏ। ਪ੍ਰਿੰਸੀਪਲ ਬਲਜਿੰਦਰ ਸਿੰਘ ਤੂਰ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਤੇ ਸਨਮਾਨ ਚਿੰਨ੍ਹ ਭੇਟ ਕੀਤੇ। ਇਸ ਮੌਕੇ ਜਗਦੀਸ਼ ਚਾਨਣਾ, ਮਿੰਕੂ ਹੰਸ, ਪਰਮਦੀਪਪਾਲ ਸਿੰਘ, ਜਗਤਾਰ ਸਿੰਘ, ਸਾਂਝ ਕੇਂਦਰ ਇੰਚਾਰਜ ਜਗਵਿੰਦਰ ਸਿੰਘ ਸਮਰਾਲਾ, ਮਹਿਲਾ ਮਿੱਤਰ ਪੂਜਾ ਤੇ ਜਸਪ੍ਰੀਤ ਕੌਰ ਹਾਜ਼ਰ ਸਨ।

# ਦਲਵੀਰ ਸਿੰਘ ਸਿੱਧੂ ਨੇ ਉਪ ਪੁਲਸ ਕਪਤਾਨ ਵਜੋਂ ਚਾਰਜ ਸੰਭਾਲਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਉੱਪ ਪੁਲਸ ਕਪਤਾਨ ਜਸਯਜੋਤ ਸਿੰਘ ਦਾ ਤਬਾਦਲਾ ਹੋ ਜਾਣ ਤੋਂ ਬਾਅਦ ਨਵੇਂ ਆਏ ਉੱਪ ਪੁਲਸ ਕਪਤਾਨ ਦਲਬੀਰ ਸਿੰਘ ਸਿੱਧੂ ਨੇ ਚਾਰਜ ਸੰਭਾਲਦਿਆਂ ਕਿਹਾ ਕਿ ਦਫਤਰ ਵਿੱਚ ਕੰਮ ਲਈ ਕਿਸੇ ਵੀ ਵਿਅਕਤੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਦਫ਼ਤਰੀ ਮੁਲਾਜ਼ਮ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕਰਨ। ਹੱਸਮੁੱਖ ਤੇ ਨਿੱਘੇ ਸੁਭਾਅ ਦੇ ਮਾਲਕ ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਉਹ ਮੈਨੂੰ ਬੇਝਿਜਕ ਮਿਲ ਸਕਦਾ ਹੈ।

ਉਨ੍ਹਾ ਕਿਹਾ ਕਿ ਕਸਬੇ ਅੰਦਰ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਕਿਸੇ ਵੀ ਹਾਲਤ ਵਿੱਚ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਇਲਾਕੇ ਅੰਦਰ ਕਿਸੇ ਵੀ ਵਿਅਕਤੀ ਨੂੰ ਨਸ਼ਿਆਂ ਦਾ ਕਾਰੋਬਾਰ ਬਿਲਕੁਲ ਨਹੀਂ ਕਰਨ ਦਿੱਤਾ ਜਾਵੇਗਾ, ਜਿਹੜਾ ਵਿਅਕਤੀ ਨਸ਼ੇ ਦਾ ਕਾਰੋਬਾਰ ਕਰੇਗਾ, ਉਹ ਪੁਲਸ ਦੇ ਹੱਥੋਂ ਬਚ ਕੇ ਨਹੀਂ ਨਿੱਕਲ ਸਕਦਾ। ਡੀ.ਐੱਸ.ਪੀ. ਦਲਵੀਰ ਸਿੰਘ ਸਿੱਧੂ ਪਹਿਲਾਂ ਥਾਣਾ ਬਾਘਾ ਪੁਰਾਣਾ ਵਿਖੇ ਵੀ ਸੇਵਾਵਾਂ ਨਿਭਾਅ ਚੁੱਕੇ ਹਨ।



31-jan-PAGE-4.qxd 1/30/2024 11:01 PM Page 1



# ਸਿਹਤ ਬਜਟ ਵਧਾਉਣ ਦੀ ਲੋੜ

*ਦੁਨੀਆ ਭਰ ਵਿੱਚ ਉਜਾਗਰ ਹੋ ਰਹੀ ਇੱਕ ਤੋਂ ਬਾਅਦ ਦੂਜੀ ਮਹਾਂਮਾਰੀ ਨੇ ਸਿਹਤ ਸੇਵਾਵਾਂ ਦੇ ਵਿਸਥਾਰ ਦੀ ਲੋੜ ਨੂੰ ਅੱਜ ਮੁੱਖ ਏਜੰਡਾ ਬਣਾ ਦਿੱਤਾ ਹੈ। ਸਾਡੇ ਆਪਣੇ ਦੇਸ਼ ਵਿੱਚ ਮਿਆਰੀ ਜਨਤਕ ਸਿਹਤ ਸੇਵਾਵਾਂ ਦਾ ਬੁਨਿਆਦੀ ਢਾਂਚਾ ਬੇਹੱਦ ਨਾਕਸ ਹੈ। ਅਮੀਰ ਤੇ ਮੱਧਵਰਗੀ ਲੋਕਾਂ ਲਈ ਤਾਂ ਮਹਿੰਗੇ ਇਲਾਜ ਲਈ ਪ੍ਰਾਈਵੇਟ ਹਸਪਤਾਲ ਉਪਲੱਬਧ ਹਨ, ਪਰ ਹੇਠਲੀ ਗਰੀਬ ਜਨਤਾ ਤਾਂ ਜਨਤਕ ਸਿਹਤ ਸੇਵਾਵਾਂ 'ਤੇ ਨਿਰਭਰ ਹੈ।*

*ਭਾਰਤ ਵਿੱਚ ਸਿਹਤ ਸੇਵਾਵਾਂ 'ਤੇ ਕੁੱਲ ਜੀ ਡੀ ਪੀ ਦਾ ਸਿਰਫ਼ 2.9 ਫੀਸਦੀ ਖਰਚ ਕੀਤਾ ਜਾਂਦਾ ਹੈ, ਜੋ ਵਿਕਸਤ ਦੇਸ਼ਾਂ ਦੇ ਮੁਕਾਬਲੇ ਨਿਗੂਣਾ ਹੈ। ਕੋਰੋਨਾ ਮਹਾਂਮਾਰੀ ਨੇ ਸਾਡੇ ਸਿਹਤ ਸੇਵਾ ਢਾਂਚੇ ਨੂੰ ਬੁਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਸੀ। ਇਸ ਸਮੇਂ ਭਾਰਤ ਵਿੱਚ ਬਜ਼ੁਰਗਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਮੁਤਾਬਕ 2050 ਤੱਕ ਭਾਰਤ ਵਿੱਚ ਬਜ਼ੁਰਗ ਅਬਾਦੀ 14 ਸਾਲ ਤੋਂ ਹੇਠਲੀ ਅਬਾਦੀ ਨਾਲੋਂ ਵਧ ਜਾਵੇਗੀ। ਡੇਢ ਅਰਬ ਦੀ ਅਬਾਦੀ ਵਾਲੇ ਦੇਸ਼ ਲਈ ਇਹ ਅੰਕੜਾ ਕਾ.ਫੀ ਵੱਡਾ ਹੈ। ਇਹੋ ਵੱਡੀ ਅਬਾਦੀ ਹੈ, ਜਿਸ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਇਸ ਸਮੱਸਿਆ ਦੇ ਨਿਪਟਾਰੇ ਲਈ ਸਾਡੇ ਖਸਤਾ ਹਾਲ ਸਿਹਤ ਸਿਸਟਮ ਨੂੰ ਓਵਰਹਾਲ ਕਰਨ ਲਈ ਤੁਰੰਤ ਰਣਨੀਤੀ ਬਣਾਉਣ ਦੀ ਲੋੜ ਹੈ। ਜਪਾਨ ਦੇ ਸਿਹਤ ਬੀਮਾ ਮਾਡਲ ਤੇ ਚੀਨ ਦੇ ਪਬਲਿਕ ਸਿਹਤ ਬੀਮਾ ਮਾਡਲ ਦੀ ਕਾਮਯਾਬੀ ਸਾਨੂੰ ਇਸ ਸੰਕਟ ਵਿੱਚੋਂ ਨਿਕਲਣ ਲਈ ਰਾਹ ਦਿਖਾ ਸਕਦੇ ਹਨ।*

*ਦੇਸ਼ ਦੇ ਹੁਕਮਰਾਨ ਕੇਰਲਾ ਸਰਕਾਰ ਵੱਲੋਂ ਬਜ਼ੁਰਗਾਂ ਦੀ ਦੇਖਭਾਲ ਲਈ ਅਪਣਾਈ ਗਈ ਨੀਤੀ ਨੂੰ ਵੀ ਅਪਣਾ ਸਕਦੇ ਹਨ। ਕੇਰਲਾ ਸਿਹਤ ਨੀਤੀ ਤਹਿਤ ਉੱਥੇ ਬਜ਼ੁਰਗਾਂ ਦੀ ਦੇਖਭਾਲ ਲਈ 1550 ਦੇਖਭਾਲ ਕੇਂਦਰ ਸਥਾਪਤ ਕੀਤੇ ਗਏ ਹਨ। ਸ.ਫਲਤਾਪੂਰਵਕ ਚੱਲ ਰਹੇ ਇਨ੍ਹਾਂ ਕੇਂਦਰਾਂ ਵਿੱਚੋਂ 450 ਨੂੰ ਸਮਾਜਸੇਵੀ ਜਥੇਬੰਦੀਆਂ ਚਲਾ ਰਹੀਆਂ ਹਨ। ਇਸ ਨੀਤੀ ਅਧੀਨ ਰਾਜ ਦੀ 26 .ਫੀਸਦੀ ਅਬਾਦੀ ਦੀ ਦੇਖਭਾਲ ਕੀਤੀ ਜਾ ਰਹੀ ਹੈ, ਜੋ ਵਿਸ਼ਵ ਔਸਤ 14 .ਫੀਸਦੀ ਤੋਂ ਕਾ.ਫੀ ਵੱਧ ਹੈ। ਭਾਰਤ ਦੇ ਦੂਜੇ ਰਾਜਾਂ ਵਿੱਚ ਸਿਰ.ਫ 2 .ਫੀਸਦੀ ਅਬਾਦੀ ਨੂੰ ਹੀ ਅਜਿਹੀ ਸੇਵਾ ਮਿਲਦੀ ਹੈ। ਕੇਰਲਾ ਦੇ ਤਜਰਬੇ ਤੋਂ ਸਬਕ ਲੈਂਦਿਆਂ ਕੇਂਦਰ ਨੂੰ ਸਿਹਤ ਬੱਜਟ ਵਿੱਚ ਵਾਧਾ ਕਰਕੇ ਇਸ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ।*

*ਭਾਰਤ ਵਿੱਚ ਹੇਠਲੇ ਮੱਧਵਰਗੀ ਲੋਕਾਂ ਵੱਲੋਂ ਪੱਲਿਓਂ ਖ਼ਰਚ ਕਰਕੇ ਇਲਾਜ ਕਰਾਉਣਾ ਮਾਰੂ ਸਾਬਤ ਹੋ ਰਿਹਾ ਹੈ। ਇਸ ਨਾਲ ਹਰ ਸਾਲ 5.5 ਕਰੋੜ ਮੱਧਵਰਗੀ ਲੋਕ ਗਰੀਬਾਂ ਵਿੱਚ ਸ਼ਾਮਲ ਹੋ ਰਹੇ ਹਨ। ਹਰ ਸਾਲ 17 .ਫੀਸਦੀ ਲੋਕਾਂ ਨੂੰ ਸਿਹਤ ਖਰਚਿਆਂ ਕਾਰਨ ਬਰਬਾਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀ ਜੇਬ ਵਿੱਚੋਂ ਖਰਚ ਕਰਨ ਵਾਲੇ ਲੋਕਾਂ ਵਿੱਚ ਉੱਤਰ ਪ੍ਰਦੇਸ਼, ਝਾਰਖੰਡ, ਆਂਧਰਾ, ਬਿਹਾਰ, ਪੰਜਾਬ, ਮੱਧ ਪ੍ਰਦੇਸ਼ ਤੇ ਓਡੀਸ਼ਾ ਮੋਹਰੀ ਹਨ। ਕੇਰਲਾ ਆਪਣੀ ਸਿਹਤ ਨੀਤੀ ਕਾਰਨ ਇੱਕ ਵੱਖਰੀ ਮਿਸਾਲ ਪੇਸ਼ ਕਰਦਾ ਹੈ।*

*ਭਾਰਤ ਵਿੱਚ 2018 ਵਿੱਚ ਲਾਂਚ ਕੀਤੀ ਗਈ ਆਯੁਸ਼ਮਾਨ ਯੋਜਨਾ ਕਾ.ਫੀ ਹੱਦ ਤੱਕ ਬੀਮਾ ਕਵਰੇਜ ਨਾਲ ਸਿਹਤ ਸੇਵਾਵਾਂ ਦਿੰਦੀ ਹੈ, ਪਰ ਇਸ ਵਿੱਚ ਵੀ ਕੁਝ ਖਾਮੀਆਂ ਹਨ। ਇਸ ਦਾ ਹੱਲ ਕੱਢਣ ਲਈ ਰਾਜਸਥਾਨ ਦੀ ਗਹਿਲੋਤ ਸਰਕਾਰ ਨੇ ਸਿਹਤ ਅਧਿਕਾਰ ਕਾਨੂੰਨ ਪਾਸ ਕੀਤਾ ਸੀ। ਇਹ ਕਾਨੂੰਨ ਰਾਜਸਥਾਨ ਨਿਵਾਸੀਆਂ ਨੂੰ ਜ਼ਰੂਰਤ ਪੈਣ ਉਤੇ ਬਿਨਾਂ ਭੁਗਤਾਨ ਦੇ ਐਮਰਜੈਂਸੀ ਇਲਾਜ ਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮੁ.ਫਤ ਇਲਾਜ ਦੀ ਗਰੰਟੀ ਦਿੰਦਾ ਹੈ। ਇਹ ਕਾਨੂੰਨ ਸਰਕਾਰੀ ਸਿਹਤ ਯੋਜਨਾਵਾਂ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਇੱਕ ਆਦਰਸ਼ ਦੇ ਰੂਪ ਵਿੱਚ ਅਪਣਾਇਆ ਜਾ ਸਕਦਾ ਹੈ। ਜਨਤਕ ਸਿਹਤ ਸੇਵਾਵਾਂ ਦੇ ਵਿਸਥਾਰ ਅਤੇ ਮਿਆਰੀ ਇਲਾਜ ਉਪਲਬਧ ਕਰਾਉਣ ਲਈ ਕੇਂਦਰ ਦੀ ਨਿਰੰਤਰ ਪ੍ਰਤੀਬੱਧਤਾ ਤੇ ਕਾਰਵਾਈ ਦੀ ਜ਼ਰੂਰਤ ਹੈ। ਇਸ ਲਈ ਜ਼ਰੂਰੀ ਹੈ ਕਿ ਸਿਹਤ ਬੱਜਟ ਨੂੰ ਵਧਾ ਕੇ ਇਸ ਨੂੰ ਲੋੜ ਦੇ ਹਾਣ ਦਾ ਬਣਾਇਆ ਜਾਵੇ।*

# ਭਾਰਤੀ ਰਾਜਨੀਤੀ ਮੌਕਾਪ੍ਰਸਤੀ ਦਾ ਸ਼ਿਕਾਰ



ਪਵਨ ਕੁਮਾਰ ਕੌਸ਼ਲ

ਭਾਰਤ ਅੰਦਰ ਪਾਰਲੀਮਾਨੀ ਚੁਣਾਵੀ ਪ੍ਰਣਾਲੀ ਅਤੇ ਰਾਜਨੀਤੀ ਮੌਕਾਪ੍ਰਸਤੀ ਦੇ ਸਿਰੇ ਪਹੁੰਚੀ, ਸੱਤਾ ਪ੍ਰਾਪਤੀ ਲਈ ਲੋਕਾਂ ਨਾਲ ਧੋਖਾ । ਮੌਕਾਪ੍ਰਸਤੀ ਨੂੰ ਅੰਜ਼ਾਮ ਦਿੰਦੇ ਹੋਏ ਗੈਰ ਭਾਜਪਾ ਪਾਰਟੀਆਂ ਦਾ ਗਠਬੰਧਨ ਬਣਾਉਣ 'ਚ ਮੋਹਰੀ ਭੂਮਿਕਾ ਨਿਭਾਈ, ਉਸੇ ਗੱਠਬਧਨ ਦੀ ਪਿੱਠ'ਚ ਛੁਰਾ ਮਾਰ ਕੇ ਮੁੜ ਐਨ ਡੀ ਏ ਨਾਲ ਹੱਥ ਮਿਲਾ ਲਿਆ।

1967 ਵਿੱਚ ਹਰਿਆਣਾ ਦੇ ਇੱਕ ਐੱਮ ਐੱਲ ਏ 'ਗਿਆ ਲਾਲ' ਨੇ ਇੱਕ ਦਿਨ ਵਿੱਚ ਤਿੰਨ ਵਾਰ ਪਾਰਟੀਆਂ ਬਦਲ ਕੇ ਭਾਰਤੀ ਸਿਆਸਤ ਨੂੰ 'ਦਲ-ਬਦਲੀ' ਦਾ ਨਿਆਬ ਤੋਹਫਾ ਦਿੱਤਾ। ਇਸ ਤੋਂ ਬਾਅਦ ਇੱਕ ਪਿੰਡ ਦੇ ਸਰਪੰਚ ਤੋਂ ਮੁੱਖ ਮੰਤਰੀ ਬਣੇ ਭਜਨ ਲਾਲ ਨੇ ਇੱਕ ਹੋਰ ਰਾਜਨੀਤਕ ਸਟੰਟ ਖੇਡਿਆ, ਜਿਸ ਦਾ ਕੋਈ ਵੀ ਮੁਕਬਲਾ ਨਹੀਂ, ਆਪਣੇ ਨਾਲ 37 ਐੱਮ ਐੱਲ ਏ ਨਾਲ ਜਨਤਾ ਪਾਰਟੀ ਛੱਡ ਕੇ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਿਆ ਅਤੇ ਹਰਿਆਣਾ ਦਾ ਮੁੱਖ ਮੰਤਰੀ ਬਣ ਗਿਆ। ਓਦੋਂ ਤੋਂ 'ਆਇਆ ਰਾਮ, ਗਿਆ ਰਾਮ' ਮਸ਼ਹੂਰ ਹੋ ਗਿਆ।

ਇਸ ਰਵਾਇਤ ਨੂੰ ਜ਼ਿੰਦਾ ਰੱਖਣ ਲਈ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਮੈਦਾਨ ਵਿੱਚ ਨਿਤਰ ਆਏ ਹਨ। ਨਿਤੀਸ਼ ਕੁਮਾਰ ਦਾ ਯੂ-ਟਰਨ: 2024 'ਚ ਹੋਣ ਵਾਲੀਆਂ ਚੋਣਾਂ ਸਾਲ 'ਚ ਫਿਰ ਬੀ ਜੇ ਪੀ ਨਾਲ ਪਾਈ ਜੱਫੀ, ਭਾਰਤੀ ਸਮੂਹ ਦੀ ਏਕਤਾ ਨੂੰ ਵੱਡਾ ਝਟਕਾ ! ਨਿਤੀਸ਼ ਕੁਮਾਰ (ਜਨਮ 1 ਮਾਰਚ 1951) ਇੱਕ ਭਾਰਤੀ ਸਿਆਸਤਦਾਨ ਹੈ, ਜੋ 22 ਫਰਵਰੀ 2015 ਤੋਂ ਬਿਹਾਰ ਦੇ 22ਵੇਂ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਰਿਹਾ ਹੈ।

ਉਸ ਨੇ 1972 ਵਿੱਚ ਬਿਹਾਰ ਕਾਲਜ ਆਫ਼ ਇੰਜੀਨੀਅਰਿੰਗ (ਹੁਣ ਐਨਆਈਟੀ ਪਟਨਾ) ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਡਿਗਰੀ ਹਾਸਲ ਕੀਤੀ ਹੈ। ਉਹ ਬਿਹਾਰ ਰਾਜ ਬਿਜਲੀ ਬੋਰਡ ਵਿੱਚ ਅੱਧੇ ਦਿਲ ਨਾਲ ਸ਼ਾਮਲ ਹੋਇਆ, ਅਤੇ ਬਾਅਦ ਵਿੱਚ ਰਾਜਨੀਤੀ ਵਿੱਚ ਆ ਗਿਆ। ਉਨ੍ਹਾਂ ਦਾ ਵਿਆਹ ਮੰਜੂ ਕੁਮਾਰੀ ਸਿਨਹਾ (1955-2007) ਨਾਲ 22 ਫਰਵਰੀ 1973 ਨੂੰ ਹੋਇਆ ਅਤੇ ਇਸ ਜੋੜੇ ਦਾ ਇੱਕ ਪੁੱਤਰ ਹੈ।

ਨਿਤੀਸ਼ ਕੁਮਾਰ 2013 ਤੋਂ ਭਾਜਪਾ, ਕਾਂਗਰਸ ਅਤੇ ਆਰ.ਐੱਲ.ਡੀ ਦੇ ਵਿਚਕਾਰ ਇਸ ਕਦਰ ਕੁੱਦ ਪਏ ਹਨ ਕਿ ਉਨ੍ਹਾ ਨੇ 'ਪਲਟੂ ਰਾਮ' ਦਾ ਨਾਂਅ ਲੈ ਲਿਆ ਹੈ। 2022 ਵਿੱਚ ਭਾਜਪਾ ਤੋਂ ਵੱਖ ਹੋਣ ਤੋਂ ਬਾਅਦ ਉਸ ਨੇ ਇਸ ਸਾਲ ਦੀਆਂ ਆਮ ਚੋਣਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਮੁਕਾਬਲਾ ਕਰਨ ਲਈ ਸਾਰੀਆਂ ਵਿਰੋਧੀ ਤਾਕਤਾਂ ਨੂੰ ਇਕਜੁੱਟ ਕਰਨ ਦੀ ਪਹਿਲ ਕੀਤੀ ਸੀ। ਕਿਵੇਂ ਨਿਤੀਸ਼ ਕੁਮਾਰ ਨੇ ਆਪਣੇ ਲੰਮੇ ਸਿਆਸੀ ਕੈਰੀਅਰ ਨੂੰ ਵਾਰ-ਵਾਰ 'ਯੂ-ਟਰਨ' ਲੈ ਕੇ ਨੈਵੀਗੇਟ ਕੀਤਾ ਹੈ।

3 ਮਾਰਚ, 2000 ਨੂੰ ਨਿਤੀਸ਼ ਕੁਮਾਰ ਨੇ ਲਾਲੂ ਪ੍ਰਸਾਦ ਯਾਦਵ ਦੇ ਕਹੇ ਜਾਂਦੇ 'ਜੰਗਲ-ਰਾਜ' ਵਿਰੁੱਧ ਜ਼ੋਰਦਾਰ ਪ੍ਰਚਾਰ ਕਰਨ ਤੋਂ ਬਾਅਦ ਪਹਿਲੀ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। 2000 ਤੋਂ 2022 ਤੱਕ ਕੁਮਾਰ ਅੱਠ ਮੌਕਿਆਂ 'ਤੇ ਬਿਹਾਰ ਦੇ ਮੁੱਖ ਮੰਤਰੀ ਬਣੇ ਅਤੇ ਉਨ੍ਹਾ ਦੇ ਆਖਰੀ ਸਹੁੰ ਚੁੱਕ ਸਮਾਗਮ ਦੌਰਾਨ ਲਾਲੂ ਯਾਦਵ ਦੇ ਪੁੱਤਰ, ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਨੇਤਾ ਤੇਜਸਵੀ ਯਾਦਵ ਨੇ ਵੀ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਇੱਕ ਵਾਰ ਨਾ ਸਿਰਫ਼ ਬਿਹਾਰ, ਬਲਕਿ ਭਾਰਤ ਦੇ ਸਭ ਤੋਂ ਹੋਣਹਾਰ ਨੇਤਾਵਾਂ ਵਿੱਚੋਂ ਇੱਕ ਵਜੋਂ ਜਾਣੇ ਜਾਂਦੇ ਸਨ, ਬਹੁਤ ਸਾਰੇ ਲੋਕ ਉਸ ਨੂੰ 'ਸੁਸ਼ਾਸਨ ਬਾਬੂ' ਕਹਿੰਦੇ ਸਨ - ਇੱਕ ਵਧੀਆ ਸ਼ਾਸਨ ਵਾਲਾ ਆਦਮੀ, ਪਰ ਨਿਤੀਸ਼ ਨੇ ਕਈ ਮੌਕਿਆਂ 'ਤੇ ਆਪਣੀ ਰਾਜਨੀਤਕ ਵਫ਼ਾਦਾਰੀ ਬਦਲੀ ਹੈ ਕਿ ਬਹੁਤ ਸਾਰੇ ਹੁਣ ਉਸ ਨੂੰ 'ਪਲਟੂ ਕੁਮਾਰ' ਕਹਿੰਦੇ ਹਨ, ਕੋਈ ਅਜਿਹਾ ਵਿਅਕਤੀ ਜੋ ਸਥਿਤੀ ਦੇ ਅਨੁਸਾਰ ਪੱਖ ਬਦਲਦਾ ਹੈ। ਇਕ ਵਾਰ ਫਿਰ ਕਿਆਸ-ਅਰਾਈਆਂ ਜ਼ੋਰਾਂ 'ਤੇ ਹਨ ਕਿ ਨਿਤੀਸ਼ ਕੁਮਾਰ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਲੂ ਯਾਦਵ ਦਾ ਪੱਖ ਬਦਲਣ ਲਈ ਤਿਆਰ ਹਨ।

1996 ਵਿੱਚ ਜਾਰਜ ਫਰਨਾਂਡੇਜ਼ ਦੇ ਨਾਲ ਸਮਤਾ ਪਾਰਟੀ ਦੀ ਸਥਾਪਨਾ ਦੇ ਦੋ ਸਾਲ ਬਾਅਦ ਨਿਤੀਸ਼ ਨੇ ਭਾਜਪਾ ਪ੍ਰਤੀ ਵਫ਼ਾਦਾਰੀ ਬਦਲੀ ਅਤੇ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨ ਡੀ ਏ ਸਰਕਾਰ ਵਿੱਚ ਮੰਤਰੀ ਬਣਾਇਆ ਗਿਆ।

2003 ਵਿੱਚ ਲਾਲੂ ਪ੍ਰਸਾਦ ਯਾਦਵ ਨੇ ਸ਼ਰਦ ਯਾਦਵ ਨਾਲੋਂ ਵੱਖ ਹੋਣ ਤੋਂ ਬਾਅਦ ਆਰ ਜੇ ਡੀ ਦਾ ਗਠਨ ਕਰਨ ਦੇ ਸਾਲਾਂ ਬਾਅਦ ਨਿਤੀਸ਼ ਕੁਮਾਰ ਨੇ ਆਪਣੀ ਸਮਤਾ ਪਾਰਟੀ ਨੂੰ ਜਨਤਾ ਦਲ ਵਿੱਚ ਵਿਲੀਨ ਕਰਨ ਦਾ ਫੈਸਲਾ ਕੀਤਾ। ਨਵੇਂ ਗਠਜੋੜ ਦਾ ਨਾਂਅ ਜਨਤਾ ਦਲ (ਯੂਨਾਈਟਿਡ) ਰੱਖਿਆ ਗਿਆ।

2013 ਵਿੱਚ ਉਸ ਨੇ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਨਰਿੰਦਰ ਮੋਦੀ ਦੀ ਘੋਸ਼ਣਾ ਤੋਂ ਬਾਅਦ 17 ਸਾਲਾਂ ਦੇ ਗਠਜੋੜ ਤੋਂ ਬਾਅਦ ਐੱਨ ਡੀ ਏ ਨਾਲ ਸਬੰਧ ਤੋੜ ਲਏ। ਕੁਮਾਰ, ਜਿਸ ਨੇ ਖੁਦ ਪ੍ਰਧਾਨ ਮੰਤਰੀ ਦੀ ਇੱਛਾ ਰੱਖੀ ਸੀ, ਨੇ ਮੋਦੀ ਨੂੰ ਚੋਟੀ ਦੇ ਅਹੁਦੇ ਲਈ ਨਾਮਜ਼ਦ ਕਰਨ 'ਤੇ ਭਾਜਪਾ ਨੂੰ ਨਾਰਾਜ਼ ਕੀਤਾ।

2024 ਦੀਆਂ ਲੋਕ ਸਭਾ ਚੋਣਾ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਐਨ ਡੀ ਏ ਵਿਰੁੱਧ ਇੱਕ ਗੱਠਜੋੜ ਬਣਾਉਣ ਲਈ ਉਹ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਦੇ ਨੇਤਾਵਾਂ ਨੂੰ ਇੱਕ ਪਲੇਟਫਾਰਮ 'ਤੇ ਲਿਆਉਣ ਵਿੱਚ ਸਫਲ ਸਾਬਤ ਹੋਇਆ ਸੀ ਅਤੇ ਪਿਛਲੇ ਸਾਲ ਜੂਨ 2023 ਵਿੱਚ ਪਟਨਾ ਵਿੱਚ 'ਇੰਡੀਆ' ਗਠਜੋੜ ਦੀ ਪਹਿਲੀ ਮੀਟਿੰਗ ਦੀ ਮੇਜ਼ਬਾਨੀ ਕੀਤੀ ਸੀ।

ਇਸ ਤੋਂ ਇਲਾਵਾ ਨਿਤੀਸ਼ ਕੁਮਾਰ ਨੂੰ ਇੰਡੀਆ ਗਠਜੋੜ ਵਿੱਚ ਇੱਕ ਵੱਡੀ ਭੂਮਿਕਾ ਦੀ ਉਮੀਦ ਸੀ, ਜਾਣਕਾਰ ਲੋਕਾਂ ਦਾ ਕਹਿਣਾ ਹੈ। ਉਨ੍ਹਾ ਕਿਹਾ ਕਿ ਹਰ ਮੀਟਿੰਗ ਤੋਂ ਪਹਿਲਾਂ ਉਸ ਨੂੰ ਗਠਜੋੜ ਦਾ ਕਨਵੀਨਰ ਨਿਯੁਕਤ ਕੀਤੇ ਜਾਣ ਦੀਆਂ ਕਿਆਸਅਰਾਈਆਂ ਅਤੇ ਮੀਟਿੰਗਾਂ ਵਿੱਚ ਇਸ ਬਾਰੇ ਕੋਈ ਚਰਚਾ ਨਾ ਹੋਣ ਕਾਰਨ ਉਹ ਨਾਰਾਜ਼ ਹੋ ਗਏ।

ਜੇਕਰ ਨਿਤੀਸ਼ ਕੁਮਾਰ ਆਰਜੇਡੀ ਨਾਲ ਸਬੰਧ ਤੋੜ ਲੈਂਦੇ ਹਨ, ਤਾਂ ਇਹ ਪਹਿਲੀ ਵਾਰ ਨਹੀਂ ਹੋਵੇਗਾ ਕਿ ਬਿਹਾਰ ਵਿੱਚ ਜਨਤਾ ਦਲ (ਯੂ) ਮੁਖੀ ਨੇ ਪੱਖ ਬਦਲਿਆ ਹੋਵੇ।

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਲਈ 18 ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਇਹ ਦੂਜਾ ਵੋਲਟ ਚਿਹਰਾ ਹੋਵੇਗਾ, ਜੇਕਰ ਉਹ ਰਾਸ਼ਟਰੀ ਜਮਹੂਰੀ ਗਠਜੋੜ (ਐੱਨ ਡੀ ਏ) ਵਿੱਚ ਵਾਪਸੀ ਕਰ ਗਏ ਹਨ, ਜਿਸ ਨੂੰ ਉਨ੍ਹਾ ਦੇ ਮੌਜੂਦਾ ਕਾਰਜਕਾਲ ਦੌਰਾਨ ਮੌਜੂਦਾ ਗਠਜੋੜ ਤੋਂ ਅਜਿਹਾ ਦੂਜਾ ਵਾਕਆਊਟ ਮੰਨਿਆ ਜਾਵੇਗਾ। ਰਾਜ ਵਿਧਾਨ ਸਭਾ ਵਿੱਚ 2022 ਵਿੱਚ ਕੁਮਾਰ ਨੇ ਰਾਸ਼ਟਰੀ ਜਨਤਾ ਜਨਤਾ ਦਲ (ਆਰ ਜੇ ਡੀ) ਅਤੇ ਕਾਂਗਰਸ ਦੇ ਨਾਲ 'ਮਹਾਗਠਬੰਧਨ' ਗੱਠਜੋੜ ਵਿੱਚ ਸਰਕਾਰ ਬਣਾਉਣ ਲਈ ਐੱਨ ਡੀ ਏ ਨੂੰ ਛੱਡ ਦਿੱਤਾ, ਭਾਜਪਾ 'ਤੇ ਉਸ ਦੀ ਪਾਰਟੀ ਜਨਤਾ ਦਲ (ਯੂਨਾਈਟਿਡ) ਵਿੱਚ ਫੁੱਟ ਪਾਉਣ ਦਾ ਦੋਸ਼ ਲਗਾਉਂਦੇ ਹੋਏ।

ਨਿਤੀਸ਼ ਕੁਮਾਰ ਇੱਕ ਮੌਕਾਪ੍ਰਸਤ ਹੈ, ਜੋ ਸੱਤਾ ਨੂੰ ਪਿਆਰ ਕਰਦਾ ਹੈ ਅਤੇ ਜਾਣਦਾ ਹੈ ਕਿ ਇਸ ਨਾਲ ਕਿਵੇਂ ਜੁੜੇ ਰਹਿਣਾ ਹੈ। ਉਹ ਪੱਖ ਬਦਲ ਸਕਦਾ ਹੈ ਅਤੇ ਵਿਰੋਧੀਆਂ ਨਾਲ ਏਨੀ ਆਸਾਨੀ ਨਾਲ ਐਡਜਸਟ ਕਰ ਸਕਦਾ ਹੈ ਕਿ 'ਆਯਾ ਰਾਮ, ਗਿਆ ਰਾਮ' ਵੀ ਸ਼ਰਮਸਾਰ ਹੋ ਜਾਵੇਗਾ। ਉਹ ਕਿਸੇ ਵੀ ਕੀਮਤ 'ਤੇ ਸੱਤਾ 'ਤੇ ਬਣੇ ਰਹਿਣ ਲਈ ਬੇਸ਼ਰਮੀ ਨਾਲ ਸਿਧਾਂਤਾਂ ਅਤੇ ਵਿਚਾਰਧਾਰਾ ਨੂੰ ਉਲਟਾ ਸਕਦਾ ਹੈ।

ਜਦੋਂ ਇਹ ਨਿਤੀਸ਼ ਕੁਮਾਰ ਦੇ ਅਨੁਕੂਲ ਸੀ, ਉਸ ਨੇ 'ਆਰ ਐੱਸ ਐੱਸ ਮੁਕਤ ਭਾਰਤ" ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਕਿਵੇਂ ਬਦਲ ਗਿਆ ਅਤੇ ਐਲਾਨ ਕਰ ਰਿਹਾ ਸੀ: 'ਮੈਂ ਚੰਗੇ ਪ੍ਰਸ਼ਾਸਨ ਅਤੇ ਨਿਆਂ ਲਈ ਕਿਸੇ ਨਾਲ ਵੀ ਜੁੜਨ ਲਈ ਤਿਆਰ ਹਾਂ।'

ਉਹ ਵਿੰਟੇਜ ਨਿਤੀਸ਼ ਹੈ। ਧਰਮ-ਨਿਰਪੱਖ ਪਹਿਰੇਦਾਰ ਦੀ ਸੰਗਤ ਵਿੱਚ 'ਆਰ ਐੱਸ ਐੱਸ-ਮੁਕਤ ਭਾਰਤ' ਬਾਰੇ ਬੋਲੋ ਅਤੇ ਫਿਰ ਭਗਵਾ ਬ੍ਰਿਗੇਡ ਦੇ ਨਾਲ ਮਿਲ ਕੇ ਚੰਗੇ ਸ਼ਾਸਨ ਦੇ ਤਖ਼ਤੇ ਨੂੰ ਘੁਮਾਓ।

ਜਦੋਂ 2002 ਵਿੱਚ ਮੋਦੀ ਦੇ ਸ਼ਾਸਨ ਵਿੱਚ ਗੁਜਰਾਤ ਸੜ ਗਿਆ ਤਾਂ ਨਿਤੀਸ਼ ਕੁਮਾਰ ਅਟਲ ਬਿਹਾਰੀ ਵਾਜਪਾਈ ਦੇ ਰੇਲ ਮੰਤਰੀ ਸਨ। ਗੁਜਰਾਤ ਵਿੱਚ 2,000 ਤੋਂ ਵੱਧ ਲੋਕਾਂ ਦਾ ਕਤਲੇਆਮ ਹੋਣ ਦੇ ਬਾਵਜੂਦ ਨਿਤੀਸ਼ ਦੀ ਜ਼ਮੀਰ ਨੂੰ ਕੋਈ ਸਮੱਸਿਆ ਨਹੀਂ ਸੀ। ਉਸ ਨੇ ਕਦੇ ਵੀ ਧਰਮ ਨਿਰਪੱਖਤਾ ਦੀ ਪਰਵਾਹ ਨਹੀਂ ਕੀਤੀ, ਨਾ ਹੀ ਜਦੋਂ ਉਹ ਵਾਜਪਾਈ ਸਰਕਾਰ ਵਿੱਚ ਕੇਂਦਰੀ ਮੰਤਰੀ ਸਨ, ਨਾ ਹੀ ਜਦੋਂ ਉਹ ਭਾਜਪਾ ਦੀ ਕੰਪਨੀ ਵਿੱਚ ਬਿਹਾਰ ਦੇ ਮੁੱਖ ਮੰਤਰੀ ਸਨ। ਇਹ ਨਿਤੀਸ਼ ਦੇ ਚਰਿੱਤਰ ਨੂੰ ਦਰਸਾਉਂਦਾ ਹੈ।

**# ਸੰਪਰਕ : 98550-04500**

ਸੇਵਾ ਮੁਕਤੀ 'ਤੇ ਵਿਸ਼ੇਸ਼

# ਖੱਬੇ ਪੱਖੀ ਸੋਚ ਦੀ ਲਾਇਬ੍ਰੇਰੀ-ਕਾਮਰੇਡ ਸਰਬਜੀਤ ਸਿੰਘ ਕੰਗਣੀਵਾਲ

**ਇੰਜੀ. ਸਤਨਾਮ ਸਿੰਘ ਮੱਟੂ**
**ਨਰਿੰਦਰ ਦੱਤ ਸ਼ਰਮਾ**



*ਮਿੱਤਰਾਂ ਨੂੰ ਬੋਲਣੇ ਦੀ ਲੋੜ ਕੋਈ ਨਾ*
*ਸਾਡੇ ਬੱਲਿਆ ਰਿਕਾਰਡ ਬੋਲਦੇ*

ਪੰਜਾਬੀ ਗੀਤ ਦੀਆਂ ਇਹ ਸਤਰਾਂ ਉਸ ਇਨਸਾਨ 'ਤੇ ਢੁਕਦੀਆਂ ਹਨ, ਜੋ ਚੁੱਪ-ਚਪੀਤੇ ਬੁਲੰਦ ਹੌਸਲੇ, ਦ੍ਰਿੜ੍ਹ ਇਰਾਦੇ ਨਾਲ ਔਖਿਆਲੇ ਪੰਧ 'ਤੇ ਚੱਲਦਿਆਂ ਮਿਹਨਤ ਦਾ ਪੱਲਾ ਫੜੀ ਰੱਖਣ 'ਚ ਵਿਸ਼ਵਾਸ ਰੱਖਦੇ ਹਨ ਅਤੇ ਮੰਜ਼ਲ ਇੱਕ ਦਿਨ ਆਪ ਛੱਤ 'ਤੇ ਚੜ੍ਹ ਕੇ ਰੌਲਾ ਪਾ ਦਿੰਦੀ ਹੈ । ਉਹਨਾਂ ਹੀ ਮਿਹਨਤੀ ਅਤੇ ਬੁਲੰਦੀਆਂ ਹਾਸਲ ਕਰਨ ਵਾਲੇ ਇਨਸਾਨਾਂ 'ਚ ਕਾਮਰੇਡ ਸਰਬਜੀਤ ਸਿੰਘ ਕੰਗਣੀਵਾਲ ਦਾ ਨਾਂਅ ਵੀ ਸ਼ੁਮਾਰ ਹੈ।

ਉਹਨਾਂ ਨਾਲ ਮੇਰੀ ਪਹਿਲੀ ਮਿਲਣੀ ਰੋਜ਼ਾਨਾ ਦੇਸ਼ ਸੇਵਕ ਚੰਡੀਗੜ੍ਹ ਦੇ ਦਫ਼ਤਰ 'ਚ ਹੋਈ ਸੀ ।ਉਹ ਬਹੁਤ ਹੀ ਘੱਟ ਬੋਲਦੇ ਹਨ, ਯਾਰਾਂ ਦੇ ਯਾਰ ਹਨ । ਉਹਨਾਂ ਨੂੰ ਇੱਕ ਵਾਰ ਮਿਲਿਆ ਇਨਸਾਨ ਉਹਨਾਂ ਦੇ ਜ਼ਿਹਨ 'ਚੋਂ ਕਦੇ ਮਨਫੀ ਨਹੀਂ ਹੋਇਆ । ਉਹਨਾਂ ਇੱਕ ਖੋਜੀ ਪੱਤਰਕਾਰ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ ਸੀ । ਕਾਮਰੇਡ ਸਰਬਜੀਤ ਸਿੰਘ ਕੰਗਣੀਵਾਲ ਦਾ ਜਨਮ 17 ਜਨਵਰੀ 1964 ਨੂੰ ਪਿਤਾ ਸ੍ਰ. ਪ੍ਰੇਮ ਸਿੰਘ ਦੇ ਘਰ ਜਲੰਧਰ ਜ਼ਿਲ੍ਹੇ ਦੇ ਪਿੰਡ ਕੰਗਣੀਵਾਲ ਨੇੜੇ ਹਜ਼ਾਰਾ ਵਿਖੇ ਹੋਇਆ । ਘਰਦਿਆਂ ਦਾ ਲਾਡਲਾ ਪਿੰਡਾਂ ਦੇ ਸਕੂਲਾਂ 'ਚ ਪੜ੍ਹਦਾ 1981 'ਚ ਦਸਵੀਂ ਪਾਸ ਕਰ ਗਿਆ । ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 1986 'ਚ ਬੀ ਏ ਅਤੇ 1988 'ਚ ਪੋਲੀਟੀਕਲ ਸਾਇੰਸ ਵਿਸ਼ੇ 'ਚ ਐੱਮ ਏ ਕੀਤੀ ।ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1999 'ਚ ਐੱਮ ਏ ਪੰਜਾਬੀ ਅਤੇ 2001 'ਚ ਐੱਮ ਏ ਹਿੰਦੀ 'ਚ ਪਾਸ ਕਰਕੇ ਆਪਣੀ ਯੋਗਤਾ 'ਚ ਵਾਧਾ ਕੀਤਾ 'ਚ ਸਾਲ 1993 'ਚ ਉਹਨਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੈਚੂਲਰ ਆਫ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਕੀਤੀ ਅਤੇ ਫਿਰ ਇੱਥੋਂ ਹੀ 1994 'ਚ ਉਸ ਨੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ 'ਚ ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ।ਇੱਥੇ ਹੀ ਨਾ ਰੁਕਦਿਆਂ 2013 'ਚ 'ਆਰਥਿਕ ਉਦਾਰਵਾਦ ਦਾ ਪੱਤਰਕਾਰੀ 'ਤੇ ਪ੍ਰਭਾਵ' ਵਿਸ਼ੇ 'ਤੇ ਪੀ ਐੱਚ ਡੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕਰਕੇ ਜੀਵਨ ਦੇ ਅਗਲੇ ਪੰਧ 'ਤੇ ਤੁਰ ਪਿਆ। ਉਹਨਾ ਆਪਣੀ ਪੜ੍ਹਾਈ ਦੌਰਾਨ ਗਦਰ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ, 'ਕਿਰਤੀ ਅਖ਼ਬਾਰ ਅਤੇ ਪੰਜਾਬੀ ਪੱਤਰਕਾਰੀ' ਆਦਿ ਵਿਸ਼ਿਆਂ ਨੂੰ ਗਹਿਰੀ ਅਤੇ ਸੂਖਮ ਸੋਚ ਨਾਲ ਵਾਚਿਆ ਅਤੇ ਵਿਸ਼ਿਆਂ ਦੇ ਅਨੁਭਵਾਂ 'ਤੇ ਵਿਸ਼ੇਸ਼ ਖੋਜ ਕੀਤੀ, ਜਿਸ ਨੇ ਉਸ ਦੇ ਕਾਮਰੇਡੀ ਅਤੇ ਵਿਗਿਆਨਕ ਦ੍ਰਿਸ਼ਟੀਕੋਣ 'ਚ ਪ੍ਰਪੱਕਤਾ ਬਣਾਈ।

ਉਸ ਨੇ ਆਪਣਾ ਪੱਤਰਕਾਰੀ ਸਫ਼ਰ ਜੁਲਾਈ 1988 'ਚ ਰੋਜ਼ਾਨਾ ਲੋਕ ਲਹਿਰ ਦੇ ਉੱਪ ਸੰਪਾਦਕ ਤੋਂ ਸ਼ੁਰੂ ਕੀਤਾ ।ਬਸ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ, ਨਵਾਂ ਜ਼ਮਾਨਾ 'ਚ ਉੱਪ ਸੰਪਾਦਕੀ, ਮਈ 1995 'ਚ ਸ਼ੁਰੂ ਹੋਏ ਰੋਜ਼ਾਨਾ ਦੇਸ਼ ਸੇਵਕ ਚੰਡੀਗੜ੍ਹ 'ਚ ਨਿਊਜ਼ ਐਡੀਟਰ ਬਣੇ, ਉਹ ਇਸ ਅਖ਼ਬਾਰ ਦਾ ਫਾਊਂਡਰ ਨਿਊਜ਼ ਐਡੀਟਰ ਸੀ ।ਇਸੇ ਸਮੇਂ ਦੌਰਾਨ ਫਰਵਰੀ 2002 'ਚ ਉਸ ਦੀ ਚੋਣ ਬਤੌਰ ਏ ਪੀ ਆਰ ਓ ਹੋ ਗਈ ।ਉਸ ਨੇ ਪੰਜਾਬ ਸਰਕਾਰ ਦੇ ਵੱਖ-ਵੱਖ ਕੈਬਨਿਟ ਮੰਤਰੀਆਂ ਨਾਲ ਬਤੌਰ ਏ ਪੀ ਆਰ ਓ ਕੰਮ ਕੀਤਾ ਹੈ, ਇਸ ਦੇ ਨਾਲ-ਨਾਲ ਉਸ ਨੇ ਪੰਜਾਬ ਸਰਕਾਰ ਦੇ ਛਪਦੇ ਮੈਗਜ਼ੀਨ ਜਾਗ੍ਰਿਤੀ ਵਿਕਾਸ ਪੰਜਾਬੀ ਅਤੇ ਹਿੰਦੀ ਦੇ ਸੰਪਾਦਕ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ ।

ਉਸ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਬਤੌਰ ਜ਼ਿਲ੍ਹਾ ਲੋਕ ਸੰਪਰਕ ਅਫਸਰ ਵਜੋਂ ਵੀ ਕੁਝ ਸਮਾਂ ਕੰਮ ਕੀਤਾ ਹੈ । ਉਸ ਨੇ ਸੂਚਨਾ ਅਤੇ ਲੋਕ ਸੰਪਰਕ ਅਧਿਕਾਰੀ, ਡਾਇਰੈਕਟੋਰੇਟ ਆਫ ਇਨਫੋਰਮੇਸ਼ਨ ਅਤੇ ਲੋਕ ਸੰਪਰਕ ਪੰਜਾਬ ਅਤੇ ਲੋਕ ਸੰਪਰਕ ਅਫਸਰ ਵਜੋਂ ਸੈਕਟਰੀਏਟ ਚੰਡੀਗੜ੍ਹ ਵਿਖੇ ਪੰਜਾਬ ਦੇ ਵੱਖ-ਵੱਖ ਮੁੱਖ ਮੰਤਰੀਆਂ, ਕੈਬਨਿਟ ਮੰਤਰੀਆਂ, ਵਿਧਾਨ ਸਭਾ ਸਪੀਕਰ ਅਤੇ ਡਿਪਟੀ ਸਪੀਕਰ ਦੇ ਲੋਕ ਸੰਪਰਕ ਅਫਸਰ ਵਜੋਂ ਕਰਦੇ ਕੰਮ ਰਹੇ ਹਨ ।

ਉਹਨਾਂ ਪੱਤਰਕਾਰੀ ਵਿਸ਼ੇ ਨੂੰ ਚੁਣ ਕੇ ਸਮਾਜਿਕ ਸਰੋਕਾਰਾਂ, ਕਾਮਰੇਡੀ ਵਿਚਾਰਧਾਰਾਵਾਂ, ਸਮਾਜਿਕ ਚੁਣੌਤੀਆਂ, ਸਮੱਸਿਆਵਾਂ ਆਦਿ ਵਿਸ਼ਿਆਂ ਉੱਪਰ ਨਿੱਠ ਕੇ ਲਿਖਿਆ ਹੈ । ਦੇਸ਼ ਸੇਵਕ ਅਖ਼ਬਾਰ 'ਚ ਬਹੁਤ ਸਾਰੇ ਆਡੀਟੋਰੀਅਲ, ਬਹੁ-ਗਿਣਤੀ 'ਚ ਲੇਖ ਵੱਖ-ਵੱਖ ਅਖ਼ਬਾਰਾਂ 'ਚ ਲਿਖੇ । ਉਸ ਨੇ ਸਾਲ 2000 'ਚ ਸੰਪਾਦਕੀ ਪੰਨਾ ਅਤੇ ਮਿਡਲ ਕਿਤਾਬ ਛਾਪੀ, ਉਸ ਤੋਂ ਬਾਅਦ ਸਾਲ 2002 'ਚ ਉਸ ਨੇ ਦੂਸਰੀ ਪੁਸਤਕ 'ਪੰਜਾਬੀ ਪੱਤਰਕਾਰੀ ਦੀਆਂ ਬੁਨਿਆਦੀ ਸਮੱਸਿਆਵਾਂ' ਛਪਵਾਈ ਅਤੇ ਸਾਲ 2005 ਅਗਲੀ ਕਿਤਾਬ ਪੱਤਰਕਾਰੀ, ਸਮਾਜ ਅਵਮ ਬਜ਼ਾਰ ਲਿਖ ਕੇ ਸਾਹਿਤਕ ਖੇਤਰ 'ਚ ਆਪਣੀ ਮਜ਼ਬੂਤ ਪਕੜ ਦਾ ਅਹਿਸਾਸ ਕਰਾਇਆ।

ਇਸ ਤੋਂ ਇਲਾਵਾ ਉਸ ਦੀਆਂ ਖੋਜ ਭਰਪੂਰ ਪੁਸਤਕਾਂ ਛਪਾਈ ਅਧੀਨ ਹਨ, ਜਿਨ੍ਹਾਂ 'ਚੋਂ 'ਪੰਜਾਬ ਦੀ ਖੱਬੀ ਲਹਿਰ' (ਆਰੰਭ ਤੋਂ 1947 ਤੱਕ), ਪੰਜਾਬ ਦੀ ਖੱਬੀ ਲਹਿਰ (ਆਜ਼ਾਦੀ ਤੋਂ 1991 ਤੱਕ), ਪੰਜਾਬ ਦੀ ਖੱਬੀ ਲਹਿਰ (1991 ਤੋਂ ਬਾਅਦ), ਪੰਜਾਬ ਦੀ ਖੱਬੀ ਲਹਿਰ (ਪੱਤਰਕਾਰੀ, ਸਾਹਿਤ ਅਤੇ ਕਲਾ ਦੇ ਸੰਦਰਭ 'ਚ), ਪੰਜਾਬ ਦੀ ਖੱਬੀ ਲਹਿਰ (ਅਵਾਮੀ ਜਥੇਬੰਦੀਆਂ ਦੇ ਸੰਦਰਭ 'ਚ) ਆਦਿ ।

ਉਹ ਯਾਰਾਂ ਦਾ ਯਾਰ, ਮੁਸ਼ਕਿਲਾਂ 'ਚ ਵੀ ਹਰ ਇੱਕ ਨੂੰ ਮੁਸਕਰਾ ਕੇ ਮਿਲਣ ਵਾਲਾ, ਪਰ ਘੱਟ ਅਤੇ ਹੌਲੀ-ਹੌਲੀ ਵਿਚਾਰਾਂ ਕਰਨ ਵਾਲਾ ਇਨਸਾਨ ਹੈ । ਸਾਰੇ ਉਸ ਦੇ ਅਧੀਨ ਕਰਮਚਾਰੀ, ਅਧਿਕਾਰੀ ਉਸ ਦੇ ਵਿਵਹਾਰ ਤੋਂ ਵਾਰੇ ਜਾਂਦੇ ਹਨ।ਖੱਬੇ ਪੱਖੀ ਲਹਿਰ ਦਾ ਮੁੱਦਈ ਅਤੇ ਪੰਜਾਬੀਅਤ ਦਾ ਸਪੂਤ ਕਾਮਰੇਡ ਸਰਬਜੀਤ ਸਿੰਘ ਕੰਗਣੀਵਾਲ 31 ਜਨਵਰੀ 2024 ਨੂੰ ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋ ਰਿਹਾ ਹੈ। ਉਹਨਾਂ ਦੀ ਸੇਵਾ-ਮੁਕਤੀ 'ਤੇ ਉਹਨਾਂ ਨੂੰ ਮੁਬਾਰਕਬਾਦ।

**# ਸੰਪਰਕ : 98151-23698,**
**97797-08257,**
**(ਸੰਪਾਦਕ ਵਿਕਾਸ ਜਾਗ੍ਰਿਤੀ ਮੈਗਜ਼ੀਨ)**

# ਚੀਨ ਨੇ ਨਸ਼ਿਆਂ 'ਤੇ ਫ਼ਤਿਹ ਕਿਵੇਂ ਪਾਈ



ਜਗਤਾਰ ਸਿੰਘ ਭੁੰਗਰਨੀ

ਸਦੀਆਂ ਪਹਿਲਾਂ ਚੀਨ ਇੱਕ ਗੁਲਾਮ ਮੁਲਕ ਸੀ । ਇਸ ਕਾਰਨ ਉੱਥੇ ਅਤਿ ਦੀ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਸੀ ਅਤੇ ਲੋਕ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕੇ ਸਨ। ਸੰਤਾਪ ਭੋਗ ਰਹੇ ਲੋਕ ਅਕਸਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਕੇ ਆਪਣੇ ਦੁੱਖ-ਦਰਦ ਭੁੱਲਣ ਦੀ ਕੋਸ਼ਿਸ਼ ਕਰਦੇ । ਅਜਿਹੇ ਨਸ਼ੇੜੀਆਂ ਦੀ ਗਿਣਤੀ ਤਕਰੀਬਨ ਸੱਤ ਕਰੋੜ ਸੀ । ਇੱਥੋਂ ਤੱਕ ਕਿ ਨਸ਼ੇ ਖ਼ਰੀਦਣ ਖ਼ਾਤਰ ਆਪਣੇ ਸਾਰੇ ਹੀਲੇ-ਵਸੀਲੇ ਖ਼ਤਮ ਹੁੰਦੇ ਦੇਖ ਕੇ ਕਈ ਨਸ਼ੇੜੀਆਂ ਨੇ ਆਪਣੇ ਬੱਚੇ ਵੇਚਣੇ ਸ਼ੁਰੂ ਕਰ ਦਿੱਤੇ। ਬਹੁਤ ਸਾਰੀਆਂ ਔਰਤਾਂ ਦੇਹ ਵਪਾਰ 'ਚ ਪੈ ਕੇ ਬਿਮਾਰੀਆਂ ਦਾ ਸ਼ਿਕਾਰ ਹੁੰਦੀਆਂ ਗਈਆਂ।

ਐਸ਼ਪ੍ਰਸਤ ਹਾਕਮਾਂ ਅਤੇ ਪੂੰਜੀ ਨਿਵੇਸ਼ਕਾਂ ਨੇ ਨਸ਼ੇ ਵਾਲੀਆਂ ਗੋਲੀਆਂ ਬਣਾਉਣ ਵਾਲੇ ਪਦਾਰਥਾਂ ਦਾ ਰੱਜ ਕੇ ਧੰਦਾ ਕੀਤਾ। ਭੋਲੀ-ਭਾਲੀ ਮੁਸੀਬਤਾਂ ਝੱਲਦੀ ਜਨਤਾ ਦਾ ਪੇਟ ਭਰਨ ਦੀ ਬਜਾਏ ਨਸ਼ਿਆਂ ਦਾ ਰੁਝਾਨ ਪੈਦਾ ਹੋਇਆ। ਮਕਸਦ ਇਹ ਸੀ ਕਿ ਚੀਨੀ ਲੋਕ ਨਸ਼ੇ ਲੈ ਕੇ ਸੁੱਤੇ ਹੀ ਰਹਿਣ ਅਤੇ ਆਪਣੇ ਹੱਕਾਂ ਦੀ ਗੱਲ ਨਾ ਕਰਨ । ਬਸਤੀਵਾਦੀਆਂ ਨੂੰ ਹਕੂਮਤ ਕਰਨ ਵਾਸਤੇ ਪੈਸੇ ਦੀ ਲੋੜ ਸੀ, ਇਸ ਲਈ ਉਨ੍ਹਾਂ ਨੇ ਪੂੰਜੀਪਤੀਆਂ ਦੀ ਵਰਤੋਂ ਕੀਤੀ। ਚੀਨ ਦੇ ਬਹੁਤ ਸਾਰੇ ਭ੍ਰਿਸ਼ਟ ਅਧਿਕਾਰੀਆਂ ਨੇ ਵੀ ਮੁਨਾ.ਫਾਖੋਰੀ ਹਿੱਤ ਵਿਦੇਸ਼ੀ ਨਿਵੇਸ਼ਕਾਂ ਦਾ ਸਾਥ ਦਿੱਤਾ ਅਤੇ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ 'ਚ ਜਕੜਿਆ ਗਿਆ।

ਅਮਰੀਕੀ ਅਤੇ ਯੂਰਪੀ ਬਸਤੀਵਾਦੀਆਂ ਵੱਲੋਂ ਨਸ਼ਿਆਂ ਨੂੰ ਜ਼ਬਰਦਸਤੀ ਚੀਨ ਉਪਰ ਥੋਪਿਆ ਜਾਂਦਾ ਰਿਹਾ ਹੈ । ਇੱਥੋਂ ਤੱਕ ਕਿ ਸੰਨ 1839 ਵਿੱਚ ਬਰਤਾਨਵੀ ਹਾਕਮਾਂ ਨੇ ਨਸ਼ੀਲੇ ਪਦਾਰਥਾਂ ਦੇ ਜਹਾਜ਼ ਭਰ ਕੇ ਚੀਨ ਵੱਲ ਭੇਜਣੇ ਸ਼ੁਰੂ ਕਰ ਦਿੱਤੇ ਤਾਂ ਕਿ ਪੂੰਜੀਵਾਦੀ ਇਸ ਕਿਸਮ ਦੇ ਕਾਰੋਬਾਰ ਕਰਕੇ ਵਾਧੂ ਕਮਾਈ ਕਰ ਸਕਣ । ਇਸ ਤਰ੍ਹਾਂ ਅਮਰੀਕਾ ਦੇ ਹੁਕਮਰਾਨਾਂ ਨੇ ਵੀ ਨਸ਼ਿਆਂ ਦੇ ਵਪਾਰ ਨੂੰ ਹਰ ਪੱਧਰ 'ਤੇ ਉਤਸ਼ਾਹਿਤ ਕੀਤਾ। ਪਹਿਲਾਂ ਸੀ ਆਈ ਏ ਨੇ 1960 ਦੇ ਦਹਾਕੇ 'ਚ ਸਮਾਜ ਅੰਦਰ ਚੋਖੀ ਮਾਤਰਾ ਵਿੱਚ ਹੈਰੋਇਨ ਦੀ ਭਰਮਾਰ ਕਰ ਦਿੱਤੀ, ਕਿਉਂਕਿ ਉਨ੍ਹਾਂ ਨੂੰ ਲਾਓਸ ਦੀ ਜੰਗ ਵਾਸਤੇ ਧਨ ਦੀ ਲੋੜ ਸੀ ।ਇਉਂ ਹੀ 1980 ਦੇ ਦਹਾਕੇ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਰੀਗਨ ਨੇ ਨਿਕਾਰਾਗੂਆ ਖ਼ਿਲਾ.ਫ ਬਾਗੀਆਂ ਦੀ ਮਦਦ ਹਿੱਤ ਪੈਸੇ ਦੀ ਥੁੜ ਪੂਰੀ ਕਰਨ ਖ਼ਾਤਰ ਰੱਜ ਕੇ ਨਸ਼ਿਆਂ ਦਾ ਧੰਦਾ ਕੀਤਾ। ਪਹਿਲਾਂ ਹਾਕਮ ਭਜਾਓ, ਫਿਰ ਨਸ਼ੇ ਛੁਡਾਓ, ਚੀਨ ਦੇ ਮਹਾਨ ਆਗੂ ਮਾਓ ਜੇ ਤੁੰਗ ਨੇ ਮਹਿਸੂਸ ਕੀਤਾ ਕਿ ਵਿਦੇਸ਼ੀ ਸ਼ਕਤੀਆਂ ਵੱਲੋਂ ਮੁਲਕ ਨੂੰ ਨਸ਼ੱਈ ਬਣਾ ਕੇ ਤੇ ਦਾਸ-ਪ੍ਰਥਾ ਪ੍ਰਫੁੱਲਤ ਕਰਕੇ ਦੇਸ਼ ਵਾਸੀਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ।ਉਸ ਨੇ ਆਮ ਜਨਤਾ ਨੂੰ ਗੁਰਬਤ ਦੀ ਦਲਦਲ 'ਚੋਂ ਕੱਢਣ ਲਈ ਪੂਰੇ ਮੁਲਕ 'ਚ ਅੰਦੋਲਨ ਸ਼ੁਰੂ ਕਰ ਦਿੱਤਾ । ਇਸ ਸਦਕਾ ਪੀਪਲਜ਼ ਲਿਬਰੇਸ਼ਨ ਆਰਮੀ (ਪੀ ਐੱਲ ਏ) ਦੀ ਸਥਾਪਨਾ ਹੋਈ, ਜਿਸ ਨੇ ਦਮਨਕਾਰੀ ਫ਼ੌਜ ਨੂੰ ਸੰਨ 1949 ਵਿੱਚ ਸ਼ਿਕਸਤ ਦੇ ਕੇ ਪਹਿਲੀ ਵਾਰ ਲੋਕਾਂ ਦੀ ਆਪਣੀ ਸਰਕਾਰ ਸਥਾਪਤ ਕੀਤੀ।ਇਸ ਸਰਕਾਰ ਅਤੇ ਕ੍ਰਾਂਤੀਕਾਰੀਆਂ ਦੀ ਯੋਗ ਅਗਵਾਈ ਕਮਿਊਨਿਸਟ ਪਾਰਟੀ ਆਫ਼ ਚਾਈਨਾ (ਸੀ ਪੀ ਸੀ) ਵੱਲੋਂ ਕੀਤੀ ਗਈ। ਉਸ ਸਮੇਂ ਚੀਨ ਵਿੱਚ ਅਨੇਕ ਤਰ੍ਹਾਂ ਦੀਆਂ ਸਮੱਸਿਆਵਾਂ ਸਨ, ਪਰ ਦੇਸ਼ ਵਾਸੀਆਂ ਨੇ ਦਮਨਕਾਰੀਆਂ ਵੱਲੋਂ ਕੁਚਲੇ ਸਮਾਜ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਖ਼ੁਦ ਕਰਨਾ ਸੀ । ਮਾਓ ਨੇ ਸਭ ਤੋਂ ਪਹਿਲਾਂ ਵੱਡੇ ਪੱਧਰ 'ਤੇ ਨਸ਼ਿਆਂ ਖ਼ਿਲਾ.ਫ ਮੁਹਿੰਮ ਦੀ ਸ਼ੁਰੂਆਤ ਕੀਤੀ ।ਕ੍ਰਾਂਤੀਕਾਰੀਆਂ ਨੇ ਅਮਲੀਆਂ ਨੂੰ ਅਪੀਲ ਕੀਤੀ ਕਿ ਉਹ ਨਵੇਂ ਸਮਾਜ ਦੀ ਸਿਰਜਣਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣ । ਫਿਰ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਸੰਗਠਿਤ ਕਰਨ ਦੇ ਨਾਲ-ਨਾਲ ਨਸ਼ੇੜੀਆਂ ਨੂੰ ਪ੍ਰਿਤ ਕਰ ਕੇ ਕ੍ਰਾਂਤੀਕਾਰੀ ਟੀਮਾਂ 'ਚ ਸ਼ਾਮਲ ਕੀਤਾ ਗਿਆ ।ਫਿਰ ਸਾਬਕਾ ਅਮਲੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਨਾਲ ਲੈ ਕੇ ਵੱਡੇ-ਵੱਡੇ ਰੋਡ ਸ਼ੋਅ, ਜਲਸੇ-ਜਲੂਸ ਕੱਢ ਕੇ ਮੀਟਿੰਗਾਂ ਕੀਤੀਆਂ ਗਈਆਂ ।ਅਜਿਹਾ ਵੋਟਾਂ ਬਟੋਰਨ ਖ਼ਾਤਰ ਨਹੀਂ, ਸਗੋਂ ਸੁਧਾਰ ਲਹਿਰ ਨੂੰ ਸਫ਼ਲ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ । ਸਕੂਲੀ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਤੋਂ ਜਾਣੂ ਕਰਵਾਉਣ ਖ਼ਾਤਰ ਜਾਗਰੂਕਤਾ ਲਹਿਰ ਪੈਦਾ ਕੀਤੀ ਗਈ । ਲੋਕਾਂ ਅੰਦਰ ਨਵੀਂ ਸ਼ਕਤੀ ਪੈਦਾ ਕਰਨ ਦੇ ਉਦੇਸ਼ ਨਾਲ ਰੇਡੀਓ, ਅਖ਼ਬਾਰਾਂ ਤੇ ਰਸਾਲਿਆਂ ਆਦਿ ਨੂੰ ਨਾਲ ਜੋੜਿਆ ਗਿਆ।ਇਸ ਲੋਕ ਲਹਿਰ ਦਾ ਮੁੱਖ ਕਾਰਜ ਸੀ ਪੀ ਸੀ ਨੂੰ ਸੌਂਪਿਆ ਗਿਆ।

ਮਾਓ ਨੇ ਐਲਾਨ ਕੀਤਾ ਕਿ ਜੋ ਲੋਕ ਅਸਲੀ ਦੁਸ਼ਮਣਾਂ ਖ਼ਿਲਾ.ਫ ਜੰਗ ਲੜਨਾ ਚਾਹੁੰਦੇ ਹਨ, ਉਨ੍ਹਾਂ ਨੂੰ ਇਕੱਠਾ ਕੀਤਾ ਜਾਵੇ। ਉਸ ਨੇ ਸਪੱਸ਼ਟ ਕੀਤਾ ਕਿ ਭ੍ਰਿਸ਼ਟ ਅਧਿਕਾਰੀਆਂ, ਨਸ਼ੀਲੇ ਪਦਾਰਥਾਂ ਦੇ ਵਪਾਰੀਆਂ ਅਤੇ ਉਨ੍ਹਾਂ ਦੇ ਮਦਦਗਾਰਾਂ ਨੂੰ ਦੁਸ਼ਮਣ ਸਮਝਿਆ ਜਾਵੇ, ਪਰ ਨਸ਼ੱਈਆਂ ਨੂੰ ਸਿਸਟਮ ਦੇ ਪੀੜਤ ਵਿਅਕਤੀ ਸਮਝਿਆ ਜਾਵੇ ਤੇ ਉਨ੍ਹਾਂ ਨਾਲ ਦੁਰ-ਵਿਹਾਰ ਨਾ ਕੀਤਾ ਜਾਵੇ । ਸ਼ੁਰੂ-ਸ਼ੁਰੂ 'ਚ ਰੁਕਾਵਟਾਂ ਤਾਂ ਪੈਦਾ ਹੋਈਆਂ। ਕੁਝ ਕ੍ਰਾਂਤੀਕਾਰੀਆਂ ਨੇ ਨਸ਼ੀਲੇ ਪਦਾਰਥਾਂ ਦੇ ਭੰਡਾਰਾਂ ਨੂੰ ਵੀ ਤਬਾਹ ਕਰਨਾ ਸ਼ੁਰੂ ਕਰ ਦਿੱਤਾ । ਜਦੋਂ ਜਨਤਾ ਦੇ ਅਸਲੀ ਦੁਸ਼ਮਣਾਂ ਅਤੇ ਅਮਲੀਆਂ ਦਰਮਿਆਨ ਫ਼ਰਕ ਉਜਾਗਰ ਹੋਇਆ ਤਾਂ ਨਸ਼ੇੜੀਆਂ ਨੇ ਖੁੱਲ੍ਹੇ ਰੂਪ 'ਚ ਜਨਤਾ ਸਾਹਮਣੇ ਆਉਣਾ ਸ਼ੁਰੂ ਕਰ ਦਿੱਤਾ । ਉਨ੍ਹਾਂ ਨੂੰ ਕੈਦ ਕਰਨ ਦੀ ਥਾਂ ਉਨ੍ਹਾਂ ਦੇ ਕ੍ਰਾਂਤੀਕਾਰੀ ਕਦਮ ਦੀ ਸ਼ਲਾਘਾ ਕੀਤੀ ਗਈ । ਨਸ਼ੱਈਆਂ ਨੂੰ ਨਸ਼ੇ ਛੱਡਣ ਵਾਸਤੇ ਕੁਝ ਮਹੀਨਿਆਂ ਦਾ ਸਮਾਂ ਦਿੱਤਾ ਗਿਆ । ਇਸ ਦੌਰਾਨ ਉਨ੍ਹਾਂ ਨੂੰ ਆਪਣੇ ਪਾਸ ਬਹੁਤ ਘੱਟ ਮਾਤਰਾ 'ਚ ਅਫ਼ੀਮ ਰੱਖਣ ਦੀ ਛੋਟ ਦਿੱਤੀ ਗਈ ਅਤੇ ਅਮਲੀਆਂ ਦਾ ਇਲਾਜ ਵੀ ਨਾਲ ਚੱਲਦਾ ਰਿਹਾ । ਨਸ਼ੀਲੇ ਪਦਾਰਥਾਂ ਦੇ ਤਸਕਰਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਜੋ ਮੁਸੀਬਤ ਮਾਰੇ ਲੋਕਾਂ ਪਾਸੋਂ ਬੇਅੰਤ ਧਨ-ਦੌਲਤ ਇਕੱਠੀ ਕਰਕੇ ਵੱਡੇ-ਵੱਡੇ ਧਨਾਢ ਬਣ ਗਏ ਸਨ, ਵਾਸਤੇ ਵੱਖਰੀ ਨੀਤੀ ਤਿਆਰ ਕੀਤੀ ਗਈ। ਦੁਸ਼ਮਣ ਐਲਾਨੇ ਗਏ ਅਪਰਾਧੀਆਂ ਨੂੰ ਲੋਕਾਂ ਸਾਹਮਣੇ ਖੜ੍ਹੇ ਕਰ ਕੇ ਉਨ੍ਹਾਂ ਖ਼ਿਲਾ.ਫ ਮੁਕੱਦਮੇ ਚਲਾਏ ਗਏ ।ਨਸ਼ਿਆਂ ਕਾਰਨ ਤਬਾਹ ਹੋ ਚੁੱਕੇ ਲੋਕਾਂ ਨੂੰ ਗਵਾਹੀਆਂ ਦੇਣ ਵਾਸਤੇ ਕਿਹਾ ਗਿਆ । ਦੋਸ਼ੀ ਸਿੱਧ ਹੋਏ ਮਨੁੱਖਤਾ ਦਾ ਘਾਣ ਕਰਨ ਵਾਲਿਆਂ ਨੂੰ ਜਾਂ ਤਾਂ ਉਮਰ ਕੈਦ ਜਾਂ ਫ਼ਿਰ ਹਜ਼ਾਰਾਂ ਲੋਕਾਂ ਸਾਹਮਣੇ ਫ਼ਾਂਸੀ ਦਿੱਤੀ ਗਈ । ਇਸ ਕਿਸਮ ਦੇ ਅਪਰਾਧੀਆਂ ਦੀ ਗਿਣਤੀ ਹਰ ਵੱਡੇ ਸ਼ਹਿਰ 'ਚ 5 ਤੋਂ 10 ਦੇ ਦਰਮਿਆਨ ਸੀ ।

ਮਾਓ ਦੀ ਕ੍ਰਾਂਤੀਕਾਰੀ ਸਰਕਾਰ ਨੇ ਇਹ ਐਲਾਨ ਵੀ ਕੀਤਾ ਕਿ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਤਿਆਗ ਕੇ ਸਰਕਾਰ ਦੀ ਮਦਦ ਕਰਨ ਵਾਲੇ ਛੋਟੇ ਦੁਕਾਨਦਾਰਾਂ ਨੂੰ ਲੋਕਾਂ ਦਾ ਦੁਸ਼ਮਣ ਨਹੀਂ ਮੰਨਿਆ ਜਾਵੇਗਾ ।ਸਿਰਫ਼ ਕੁਝ ਸਮੇਂ ਵਾਸਤੇ ਇਹ ਵਪਾਰਕ ਸਮਝੌਤਾ ਵੀ ਕੀਤਾ ਗਿਆ ਕਿ ਜੋ ਛੋਟੇ ਵਪਾਰੀ ਨਸ਼ਿਆਂ ਦਾ ਧੰਦਾ ਬੰਦ ਕਰ ਦੇਣਗੇ, ਸਰਕਾਰ ਉਨ੍ਹਾਂ ਦੇ ਨਸ਼ੀਲੇ ਪਦਾਰਥਾਂ ਦੇ ਜ਼ਖੀਰੇ ਨੂੰ ਖ਼ਰੀਦ ਲਵੇਗੀ । ਇਸ ਧੰਦੇ ਨੂੰ ਬੰਦ ਕਰਨ ਦੀ ਮੁਖ਼ਾਲਫ਼ਤ ਜਾਂ ਸਮਝੌਤੇ ਦੀ ਉਲੰਘਣਾ ਕਰਨ ਵਾਲੇ ਛੋਟੇ ਦੁਕਾਨਦਾਰਾਂ ਨੂੰ ਜਨਤਾ ਦੇ ਦਰਬਾਰ 'ਚ ਪੇਸ਼ ਕਰਕੇ ਸਜ਼ਾਵਾਂ ਵੀ ਦਿੱਤੀਆਂ ਗਈਆਂ ਅਤੇ ਸਮਝਾਇਆ ਵੀ ਗਿਆ । ਕੁਝ ਹੋਰ ਫ਼ੈਸਲੇ ਵੀ ਲਾਗੂ ਕੀਤੇ ਗਏ।

ਸੰਨ 1951 ਦੇ ਅਖੀਰ ਤੱਕ ਨਸ਼ਿਆਂ ਦੀ ਲਾਹਨਤ ਨੂੰ ਪਹਿਲਾਂ ਉੱਤਰੀ ਚੀਨ ਵਿੱਚੋਂ ਜੜ੍ਹੋਂ ਖ਼ਤਮ ਕਰ ਦਿੱਤਾ ਗਿਆ । ਦੱਖਣੀ ਚੀਨ, ਜੋ ਅਫ਼ੀਮ ਪੈਦਾ ਕਰਨ ਵਾਲਾ ਖੇਤਰ ਸੀ, ਦੀ ਸਫਾਈ ਵਾਸਤੇ ਤਕਰੀਬਨ ਇੱਕ ਸਾਲ ਹੋਰ ਲੱਗਿਆ।ਅਗਲੇ 20 ਸਾਲ ਤੱਕ ਮਾਓ ਦੇ ਦੇਸ਼ ਚੀਨ ਵਿੱਚ ਕੋਈ ਵੀ ਅਮਲੀ ਦਿਖਾਈ ਨਹੀਂ ਸੀ ਦਿੰਦਾ, ਪਰ ਬਾਅਦ ਵਿੱਚ ਸਾਮਰਾਜਵਾਦੀਆਂ ਨੇ ਨਸ਼ਿਆਂ ਵੱਲ ਕੋਈ ਖ਼ਾਸ ਧਿਆਨ ਨਾ ਦਿੱਤਾ। ਪੜਚੋਲਵੀਂ ਨਜ਼ਰ ਬੀਤੇ 'ਤੇ ਝਾਤ ਮਾਰਨ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਭ੍ਰਿਸ਼ਟ ਰਾਜਸੀ ਨੇਤਾ, ਮਾੜੀ ਪ੍ਰਸ਼ਾਸਨਿਕ ਪ੍ਰਣਾਲੀ ਤੇ ਅਯੋਗ ਅਫ਼ਸਰਸ਼ਾਹੀ ਮੁੱਖ ਤੌਰ 'ਤੇ ਨਸ਼ਿਆਂ ਦੇ ਪਸਾਰ ਲਈ ਜ਼ਿੰਮੇਵਾਰ ਹਨ, ਜਿਸ ਕਾਰਨ ਆਮ ਜਨਤਾ ਨੂੰ ਸੰਤਾਪ ਭੋਗਣਾ ਪੈ ਰਿਹਾ ਹੈ। ਭਾਵੇਂ ਪਿਛਲੇ ਸਮਿਆਂ ਦੌਰਾਨ ਪੰਜਾਬ ਦੀ ਪੁਲਸ ਦੇ ਅੰਕੜਿਆਂ ਮੁਤਾਬਿਕ 22,000 ਤੱਕ ਨਸ਼ੇੜੀ ਨਜ਼ਰਬੰਦ ਕੀਤੇ ਗਏ ਹਨ । ਜੇ ਇਨ੍ਹਾਂ ਦੀ ਗਿਣਤੀ ਦੁੱਗਣੀ ਵੀ ਹੋ ਜਾਵੇ ਤਾਂ ਵੀ ਸੂਬਾ ਉਦੋਂ ਤੱਕ ਨਸ਼ਾ-ਮੁਕਤ ਨਹੀਂ ਹੋ ਸਕਦਾ, ਜਦੋਂ ਤੱਕ ਹਾਕਮਾਂ ਦੇ ਇਰਾਦੇ ਨੇਕ ਨਾ ਹੋਣ। ਸਰਕਾਰ ਅਤੇ ਸਿਆਸੀ ਆਗੂਆਂ ਨੂੰ ਚਾਹੀਦਾ ਹੈ ਕਿ ਦ੍ਰਿੜ੍ਹ ਇਰਾਦੇ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਨਸ਼ਿਆਂ ਦੇ ਸਮੁੰਦਰ 'ਚੋਂ ਪਹਿਲਾਂ ਮਗਰਮੱਛਾਂ ਨੂੰ ਫੜਨ, ਮੱਛੀਆਂ ਤਾਂ ਜਾਲ 'ਚ ਆਪੇ ਫਸ ਜਾਣਗੀਆਂ। ਸੁਆਲ ਇਹ ਪੈਂਦਾ ਹੁੰਦਾ ਹੈ ਕਿ ਮਗਰਮੱਛਾਂ ਦੀ ਪਛਾਣ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਹੱਥ ਕੌਣ ਪਾਵੇਗਾ ? ਨਸ਼ਿਆਂ ਦਾ ਧੰਦਾ ਮੁਲਕ ਦੀ ਅੰਦਰੂਨੀ ਸੁਰੱਖਿਆ ਪੱਖੋਂ ਵੀ ਇੱਕ ਵੱਡੀ ਚੁਣੌਤੀ ਬਣ ਚੁੱਕਿਆ ਹੈ । ਬਾਹਰਲੇ ਦੇਸ਼ਾਂ ਦੀਆਂ ਖ਼ੁਫੀਆ ਏਜੰਸੀਆਂ ਇੱਕ ਗਹਿਰੀ ਸਾਜ਼ਿਸ਼ ਤਹਿਤ ਸਾਡੇ ਮੁਲਕ ਅੰਦਰ ਨਸ਼ਿਆਂ ਦਾ ਜਾਲ ਵਿਛਾ ਕੇ ਦੋ ਵੱਡੇ ਟੀਚੇ ਹਾਸਲ ਕਰ ਸਕਦੀਆਂ ਹਨ ।

ਪਹਿਲਾਂ ਇਹ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ੱਈ ਬਣਾ ਕੇ ਇੰਨਾ ਕਮਜ਼ੋਰ ਕਰ ਦਿੱਤਾ ਜਾਵੇ ਕਿ ਉਹ ਫ਼ੌਜ/ਅਰਧ ਸੈਨਿਕ ਬਲਾਂ 'ਚ ਭਰਤੀ ਹੋਣ ਦੇ ਕਾਬਲ ਹੀ ਨਾ ਰਹਿਣ। ਜੇ ਲੰਮ-ਸਲੰਮੇ, ਸੋਹਣੇ-ਸੁਨੱਖੇ ਤੇ ਫੜਕਦੇ ਡੋਲਿਆਂ ਵਾਲੇ ਨੌਜਵਾਨ ਹੀ ਹਥਿਆਰਬੰਦ ਸੈਨਾਵਾਂ ਵਾਸਤੇ ਨਹੀਂ ਮਿਲਣਗੇ ਤਾਂ ਫਿਰ ਜੰਗ ਲੜੇਗਾ ਕੌਣ ਅਤੇ ਜਿੱਤੇਗਾ ਕਿਹੜਾ ? ਦੂਜਾ ਪਹਿਲੂ ਇਹ ਹੈ ਕਿ ਵਿਦੇਸ਼ੀ ਖ਼ੁਫੀਆ ਤੰਤਰ ਅਕਸਰ ਇਸ ਕਿਸਮ ਦੇ ਅਨਸਰਾਂ ਦੀ ਤਲਾਸ਼ 'ਚ ਰਹਿੰਦੀ ਹੈ, ਜਿਨ੍ਹਾਂ ਅੰਦਰ ਨਸ਼ਿਆਂ, ਧਨ-ਦੌਲਤ ਅਤੇ ਔਰਤ ਵਰਗ ਵਾਸਤੇ ਕਮਜ਼ੋਰੀ ਹੋਵੇ । ਨੌਜਵਾਨ ਵਰਗ ਨੂੰ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਜਦੋਂ ਚੀਨ ਨਸ਼ਿਆਂ ਦੀ ਦਲਦਲ 'ਚ ਫਸਿਆ ਹੋਇਆ ਸੀ, ਪਰ ਅੱਜ ਤਾਂ ਉੱਥੋਂ ਦੇ ਨੌਜਵਾਨ ਖੇਡ ਮੁਕਾਬਲਿਆਂ ਅਤੇ ਬਾਕੀ ਖੇਤਰਾਂ 'ਚ ਦੁਨੀਆ ਭਰ ਅੰਦਰ ਨਾਮਣਾ ਖੱਟ ਰਹੇ ਹਨ ।

ਡਾ. ਇਕਬਾਲ ਦੇ ਸ਼ਬਦਾਂ ਵਿੱਚ:-

*ਖ਼ੁਦਾ ਨੇ ਭੀ ਆਜ ਤਕ, ਕਿਸੀ ਕੌਮ ਕੀ ਤਕਦੀਰ ਨਹੀਂ ਬਦਲੀ,*
*ਨਾ ਹੋ ਅਹਿਸਾਸ ਜਿਸ ਕੋ, ਅਪਨੇ ਹਾਲਾਤ ਬਦਲਨੇ ਕਾ।*

**(ਨਸ਼ਿਆਂ ਦੇ ਛੇਵੇਂ ਦਰਿਆ ਬੁੱਕ 'ਚੋਂ ਧੰਨਵਾਦ ਸਹਿਤ ਇਕੱਤਰ ਕੀਤੇ ਕੁਝ ਅੰਸ਼ ਪਾਠਕਾਂ ਲਈ ਪੇਸ਼)**

**# ਸੰਪਰਕ : 98153-06402**



31-JAN-PAGE-5.qxd 1/30/2024 10:19 PM Page 1



# ਡੀ ਐੱਸ ਪੀ ਦਫ਼ਤਰ ਅੱਗੇ ਪੱਕਾ ਮੋਰਚਾ 25ਵੇਂ ਦਿਨ ਨੂੰ ਟੱਪਿਆ



ਬੁਢਲਾਡਾ (ਅਸ਼ੋਕ ਲਾਕੜਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਿੰਡ ਕੁੱਲਰੀਆਂ ਦੇ ਆਬਾਦਕਾਰਾਂ ਦੇ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਡੀਐੱਸਪੀ ਦਫਤਰ ਬੁਢਲਾਡਾ ਅੱਗੇ ਪੱਕਾ ਮੋਰਚਾ 25ਵੇਂ ਦਿਨ ਕੜਾਕੇ ਦੀ ਠੰਢ ਵਿੱਚ ਧਰਨੇ ਵਿੱਚ ਪਹੁੰਚੇ ਕਿਸਾਨਾਂ ਨੂੰ ਸੰਬੋਧਨ ਕਰਦੇ ਸੂਬਾ ਸਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਤੇ ਮਾਨਸਾ ਜ਼ਿਲ੍ਹੇ ਦੇ ਜਨਰਲ ਸਕੱਤਰ ਬਲਵਿੰਦਰ ਸ਼ਰਮਾ ਖਿਆਲਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਰੜੇ ਹੱਥੀ ਲੈਂਦੇ ਕਿਹਾ ਕਿ ਪੰਜਾਬ ਸਰਕਾਰ ਯੂਪੀ ਦੀ ਬੀਜੇਪੀ ਸਰਕਾਰ ਦੀ ਤਰਜ ਤੇ ਕਿਸਾਨਾਂ ਨੂੰ ਮਾਰਨ ਦੇ ਇਰਾਦੇ ਨਾਲ ਜਖਮੀ ਕੀਤੇ ਕਿਸਾਨਾਂ ਦੇ ਦੋਸ਼ੀਆਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਅੱਗੇ ਬੋਲਦੇ ਕਿਹਾ ਕਿ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਆਪਣੇ ਕੀਤੇ ਵਾਅਦੇ ਤੋਂ ਭੱਜ ਗਿਆ ਹੈ।ਇਸ ਲਈ ਮਜਬੂਰ ਹੋ ਕੇ ਜਥੇਬੰਦੀ ਡਕੌਂਦਾ ਵੱਲੋਂ 6 ਜਨਵਰੀ 2024 ਤੋਂ ਲਗਾਤਾਰ ਦਿਨ-ਰਾਤ ਦਾ ਪੱਕਾ ਮੋਰਚਾ ਡੀਐੱਸਪੀ ਬੁਢਲਾਡਾ ਦਫ਼ਤਰ ਅੱਗੇ ਚੱਲ ਰਿਹਾ ਹੈ। ਉਨ੍ਹਾਂ ਸਰਕਾਰ 'ਤੇ ਤੰਜ ਕਸਦੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਸਰਕਾਰ ਨੂੰ ਬੜੇ ਚਾਅ ਨਾਲ ਵੋਟਾਂ ਪਾ ਕੇ ਰਾਜ ਦੀ ਗੱਦੀ ਸੌਂਪੀ ਸੀ, ਪਰ ਅੱਜ ਇਹ ਸਰਕਾਰ ਦਾ ਅਸਲੀ ਚਿਹਰਾ ਦਿਨੋਂ ਦਿਨ ਨੰਗਾ ਹੋ ਰਿਹਾ ਹੈ।ਇਸ ਲਈ ਲੋਕ ਠੱਗੇ ਠੱਗੇ ਮਹਿਸੂਸ ਕਰ ਰਹੇ ਹਨ।ਜ਼ਿਕਰਯੋਗ ਹੈ ਕਿ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਦੇ ਵਿੱਚ 71 ਏਕੜ ਜੁਮਲਾ ਮੁਸ਼ਤਰਕਤਾ ਜ਼ਮੀਨ ਨੂੰ ਲੈ ਕੇ ਪਿਛਲੇ 9-10 ਮਹੀਨਿਆਂ ਤੋਂ ਵਿਵਾਦ ਚੱਲ ਰਿਹਾ ਹੈ, ਇਸ 71 ਏਕੜ ਜ਼ਮੀਨ ਦੇ ਲਗਭਗ 100 ਪਰਿਵਾਰ ਕਾਬਜ਼ ਹਨ। ਕੁਝ ਜ਼ਮੀਨ ਦੇ ਵਿੱਚ ਮਕਾਨ ਵੀ ਬਣੇ ਹੋਏ ਹਨ ਇਸ ਜ਼ਮੀਨ ਨੂੰ ਹਥਿਆਉਣ ਲਈ ਭੂ ਮਾਫੀਆ ਤੇ ਹਲਕੇ ਦੇ ਐਮਐਲਏ ਆਪਣਾ ਪੂਰਾ ਜ਼ੋਰ ਲਾ ਰਿਹਾ ਹੈ, ਦੂਸਰੇ ਪਾਸੇ ਜਥੇਬੰਦੀ ਡਕੌਂਦਾ ਤੇ ਕਿਸਾਨ ਧਿਰਾਂ ਕਿਸਾਨਾਂ ਤੋਂ ਜ਼ਮੀਨ ਕਿਸੇ ਵੀ ਕੀਮਤ 'ਤੇ ਨਹੀਂ ਜਾਣ ਦੇਣਗੀਆਂ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਬਲਕਾਰ ਸਿੰਘ ਚਹਿਲਾਂਵਾਲੀ ਨੇ ਕਿਹਾ ਕਿ ਸਰਕਾਰ ਇਸ ਮਸਲੇ ਪ੍ਰਤੀ ਸੰਜੀਦਾ ਨਹੀਂ ਹੈ। ਕੁਲਰੀਆਂ ਦੇ ਕਿਸਾਨ ਸੀਤਾ ਸਿੰਘ ਨੂੰ ਜਾਨੋਂ ਮਾਰਨ ਦੇ ਇਰਾਦੇ ਨਾਲ ਜ਼ਖਮੀ ਕੀਤਾ ਗਿਆ ਜੋ ਕਿ ਅੱਜ ਵੀ ਜ਼ੇਰੇ ਇਲਾਜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਯੂ ਪੀ ਦੇ ਬੀਜੇਪੀ ਦੀ ਸਰਕਾਰ ਦੇ ਰਸਤੇ ਨਾ ਤੁਰੇ ਮਾਨਸਾ ਜ਼ਿਲ੍ਹੇ ਦੀਆਂ ਕਿਸਾਨੀ ਲਈ ਲੜ ਰਹੀ ਰਹੀਆਂ ਜਥੇਬੰਦੀਆਂ ਤੇ ਇਨਸਾਨ ਪਸੰਦ ਲੋਕਾਂ ਤੋਂ ਇਸ ਡੀਐੱਸਪੀ ਦੇ ਪੱਕੇ ਮੋਰਚੇ ਵਿੱਚ ਸਹਿਯੋਗ ਦੇਣ ਦੀ ਮੰਗ ਕੀਤੀ ਅਤੇ ਸੂਬਾਈ ਆਗੂਆਂ ਨੇ ਕਿਹਾ ਕਿ ਕੱਲ੍ਹ ਨੂੰ ਸੂਬਾ ਕਮੇਟੀ ਦੀ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਹੋ ਸਕਦਾ ਹੈ। ਇਸ ਮੌਕੇ ਜਗਦੀਸ਼ ਸਿੰਘ ਰਾਮਪੁਰਾ, ਮਹਿੰਦਰ ਸਿੰਘ ਬਾਲਿਆਂਵਾਲੀ, ਝਨੀਰ ਬਲਾਕ ਦੇ ਆਗੂ ਮੱਖਣ ਸਿੰਘ ਉੱਡਤ, ਜਰਨਲ ਸਕੱਤਰ ਝਨੀਰ ਬਲਾਕ ਹਰਬੰਸ ਟਾਂਡੀਆਂ, ਬਲਾਕ ਪ੍ਰਧਾਨ ਸੱਤਪਾਲ ਸਿੰਘ ਬਰੇ, ਬਲਾਕ ਖਜ਼ਾਨਚੀ ਤਰਨਜੀਤ ਸਿੰਘ ਮੰਦਰਾਂ, ਜਗਜੀਵਨ ਸਿੰਘ ਹਸਨਪੁਰ, ਗੁਰਪ੍ਰੀਤ ਸਿੰਘ ਕੁਲਰੀਆਂ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਚੌਥੀ ਵਾਰ ਪਿੰਡ ਦੋਨਾ ਨਾਨਕਾ 'ਚ ਫੂਕਿਆ ਡੀ ਸੀ ਦਾ ਪੁਤਲਾ

**ਸਰਬ ਭਾਰਤ ਨੌਜਵਾਨ ਸਭਾ ਤੇ ਏ ਆਈ ਐੱਸ ਐੱਫ ਵੱਲੋਂ ਪੁਤਲਾ ਫੂਕ ਪ੍ਰਦਰਸ਼ਨ ਜਾਰੀ**

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਨੇ ਚੌਥੀ ਵਾਰ ਡੀ ਸੀ ਫਾਜ਼ਿਲਕਾ ਦਾ ਪਿੰਡ ਦੋਨਾਂ ਨਾਨਕਾ ਵਿਖੇ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ। ਇਹ ਪੁਤਲਾ ਫੂਕ ਪ੍ਰਦਰਸ਼ਨ ਸੁਬੇਗ ਝੰਗੜ ਭੈਣੀ ਜ਼ਿਲ੍ਹਾ ਸਕੱਤਰ ਫਾਜ਼ਿਲਕਾ ਤੇ ਸੀਨੀਅਰ ਆਗੂ ਗੁਰਦਿਆਲ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ। ਇਸ ਮੌਕੇ ਨੇਤਾਵਾਂ ਨੇ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ ਵਿੱਚ ਪ੍ਰਿੰਸੀਪਲ ਅਤੇ ਸੱਤ ਲੈਕਚਰਾਰ ਦੀਆਂ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਸਕੂਲ ਵਿੱਚ ਇੱਕ ਪੁਰਾਣੀ ਕੰਡਮ ਬਿਲਡਿੰਗ ਨੂੰ ਹਟਾਉਣ 'ਤੇ ਡੀ ਸੀ ਤੇ ਸਰਕਾਰ ਦਾ ਕੋਈ ਧਿਆਨ ਨਹੀਂ ਜਾ ਰਿਹਾ। ਉਨ੍ਹਾਂ ਵੱਲੋਂ ਡੀ ਸੀ ਫਾਜ਼ਿਲਕਾ ਨੂੰ ਦੋ ਵਾਰ ਮੰਗ ਪੱਤਰ ਵੀ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਟੁੱਟੀਆਂ ਸੜਕਾਂ, ਸਕੂਲ ਤੇ ਸਰਕਾਰੀ ਬੱਸਾਂ 'ਤੇ ਵੀ ਅਜੇ ਤੱਕ ਕੋਈ ਗੱਲਬਾਤ ਨਹੀਂ ਕੀਤੀ ਗਈ, ਜਿਸ ਕਾਰਨ ਉਨ੍ਹਾਂ ਵੱਲੋਂ ਅੱਜ ਚੌਥੀ ਵਾਰ ਡੀ ਸੀ ਫਾਜ਼ਿਲਕਾ ਦਾ ਪੁਤਲਾ ਫੂਕਿਆ ਗਿਆ ਹੈ।

ਨੇਤਾਵਾਂ ਨੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਇਨ੍ਹਾਂ ਜਾਇਜ਼ ਮੰਗਾਂ ਦਾ ਹੱਲ ਨਹੀਂ ਹੁੰਦਾ, ਓਦੋਂ ਤੱਕ ਡੀ ਸੀ ਫਾਜ਼ਿਲਕਾ ਦਾ ਲਗਾਤਾਰ ਪਿੰਡਾਂ ਵਿੱਚ ਪੁਤਲਾ ਫੂਕ ਪ੍ਰਦਰਸ਼ਨ ਜਾਰੀ ਰਹੇਗਾ।

ਇਸ ਮੌਕੇ ਇਨ੍ਹਾਂ ਆਗੂਆਂ ਤੋਂ ਇਲਾਵਾ ਸੁਰਿੰਦਰ, ਅਕਾਸ ਬਾਹਮਣੀ ਵਾਲਾ, ਜਸਬੀਰ ਸਿੰਘ ਦੋਨਾਂ ਨਾਨਕਾ, ਪਰਮਜੀਤ ਸਿੰਘ, ਸੀਤਾ ਸਿੰਘ ਪ੍ਰਧਾਨ, ਜਸਬੀਰ ਸਿੰਘ ਸਕੱਤਰ ਤੇਜਾ ਰੁਹੇਲਾ, ਰਾਜਵਿੰਦਰ ਸਿੰਘ ਪ੍ਰਧਾਨ ਨਿਓਲਾਂ, ਜੋਗਿੰਦਰ ਸਿੰਘ, ਭਜਨ ਢਾਣੀ ਸੱਦਾ ਸਿੰਘ, ਸੁਨੀਲ ਪ੍ਰਧਾਨ ਝੰਗੜ ਭੈਣੀ, ਭਗਵਾਨ ਦੋਨਾਂ ਨਾਨਕਾ, ਪਲਕ ਸਿੰਘ ਦੋਨਾਂ ਨਾਨਕਾ ਨੇ ਵੀ ਮੰਗ ਕੀਤੀ ਕਿ ਪ੍ਰਸ਼ਾਸਨ ਤੁਰੰਤ ਸਾਰੀਆਂ ਮੰਗਾਂ ਦਾ ਜਲਦ ਹੱਲ ਕਰੇ।



# 16 ਫਰਵਰੀ ਦੇ ਪੇਂਡੂ ਭਾਰਤ ਬੰਦ ਤੇ ਉਦਯੋਗਿਕ ਹੜਤਾਲ ਲਈ ਤਿਆਰੀਆਂ ਜ਼ੋਰਾਂ 'ਤੇ



ਲੁਧਿਆਣਾ (ਐੱਮ ਐੱਸ ਭਾਟੀਆ)

ਕੇਂਦਰੀ ਟਰੇਡ ਯੂਨੀਅਨਾਂ, ਸੁਤੰਤਰ ਫੈਡਰੇਸ਼ਨਾਂ/ਐਸੋਸੀਏਸ਼ਨਾਂ ਤੇ ਸੰਯੁਕਤ ਕਿਸਾਨ ਮੋਰਚਾ ਨੇ 16 ਫਰਵਰੀ ਨੂੰ ਕੌਮੀ ਪੱਧਰ 'ਤੇ ਉਦਯੋਗਿਕ ਹੜਤਾਲ ਤੇ ਪੇਂਡੂ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਲੋਕ ਦੋਖੀ ਤੇ ਕਾਰਪੋਰੇਟ ਪੱਖੀ ਨੀਤੀਆਂ ਦੇ ਵਿਰੋਧ ਵਿੱਚ ਲੁਧਿਆਣਾ ਵਿੱਚ ਇਸ ਨੂੰ ਕਾਮਯਾਬ ਕਰਨ ਲਈ ਅੱਜ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਏਟਕ, ਸੀਟੂ ਸੀਟੀਯੂ ਪੰਜਾਬ, ਕੁੱਲ ਹਿੰਦ ਕਿਸਾਨ ਸਭਾ 1936, ਆਂਗਣਵਾੜੀ ਵਰਕਰ ਯੂਨੀਅਨ ਪੰਜਾਬ ਤੇ ਪ.ਸ.ਸ.ਫ. ਦੇ ਆਗੂਆਂ ਨੇ ਹਿੱਸਾ ਲਿਆ। ਹਾਜ਼ਰ ਸਾਥੀਆਂ ਨੇ ਇਸ ਸੱਦੇ ਨੂੰ ਲੁਧਿਆਣਾ ਵਿੱਚ ਕਾਮਯਾਬ ਕਰਨ ਲਈ ਇੱਕ ਵੱਡੀ ਰੈਲੀ ਕਰਨ ਦਾ ਪ੍ਰੋਗਰਾਮ ਬਣਾਇਆ ਹੈ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ, ਮੁਲਾਜ਼ਮ, ਨੌਜਵਾਨ, ਵਿਦਿਆਰਥੀ, ਔਰਤਾਂ ਤੇ ਕਿਸਾਨ ਸ਼ਾਮਲ ਹੋਣਗੇ।

ਇਸ ਸੰਘਰਸ਼ ਦੀਆਂ ਮੰਗਾਂ ਜਿਵੇਂ ਕਿ ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨ, ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਚਾਰ ਲੇਬਰ ਕੋਡ ਵਾਪਸ ਲੈਣ, ਕਿਸਾਨਾਂ ਦੀ ਉਪਜ ਲਈ ਐੱਮ.ਐੱਸ.ਪ. 0 ਸੀ 2+50% ਦੇ ਫਾਰਮੂਲੇ ਦੇ ਮੁਤਾਬਕ ਕਾਨੂੰਨੀ ਗਾਰੰਟੀ ਤੇ ਖਰੀਦ ਦੀ ਗਾਰੰਟੀ, ਬੇਲਗਾਮ ਵੱਧ ਰਹੀ ਮਹਿੰਗਾਈ 'ਤੇ ਕਾਬੂ ਪਾਉਣ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ, ਸਾਰਿਆਂ ਨੂੰ ਮੁਫਤ ਤੇ ਵਧੀਆ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ, 60 ਸਾਲ ਦੀ ਉਮਰ ਤੋਂ ਬਾਅਦ ਸਾਰਿਆਂ ਨੂੰ ਘੱਟੋ ਘੱਟ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦੇਣ, ਫੌਜ ਵਿੱਚ ਅਗਨੀਪੱਥ ਸਕੀਮ ਅਧੀਨ ਅਗਨੀ ਵੀਰਾਂ ਦੀ ਆਰਜ਼ੀ ਭਰਤੀ ਨੂੰ ਵਾਪਸ ਲੈਣ ਤੇ ਪਹਿਲਾਂ ਵਾਂਗ ਪੱਕੀ ਭਰਤੀ ਕਰਨ, ਅਮੀਰਾਂ ਪੱਖੀ ਤੇ ਲੋਕ ਵਿਰੋਧੀ ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਨ, ਨਵੀ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ, ਸਮੂਹ ਉਸਾਰੀ ਕਿਰਤੀਆਂ ਨੂੰ ਮੁਫਤ ਸਿਹਤ ਸੁਵਿਧਾ ਲਈ ਈ.ਐੱਸ.ਆਈ. ਸਕੀਮ ਹੇਠ ਲਿਆਉਣ, ਬਿਜਲੀ (ਸੋਧ) ਬਿੱਲ 2022 ਵਾਪਸ ਲੈਣ ਅਤੇ ਪ੍ਰੀ-ਪੇਡ ਸਮਾਰਟ ਮੀਟਰ ਨਾ ਲਾਉਣ, ਕਾਮਿਆਂ ਲਈ ਘੱਟੋ-ਘੱਟ ਉਜ਼ਰਤ 26000/- ਰੁਪਏ ਪ੍ਰਤੀ ਮਹੀਨਾ ਕਰਨ, ਮਨਰੇਗਾ ਅਧੀਨ 200 ਦਿਨ ਪ੍ਰਤੀ ਸਾਲ ਕੰਮ ਦੀ ਗਰੰਟੀ ਤੇ 700/-ਰੁਪਏ ਦਿਹਾੜੀ ਦੇਣ 'ਤੇ ਜ਼ੋਰ ਦਿੱਤਾ ਜਾਵੇਗਾ।ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਪ੍ਰਮੁੱਖ ਆਗੂਆਂ ਵਿੱਚੋਂ ਏਟਕ ਵੱਲੋਂ ਵਿਜੇ ਕੁਮਾਰ ਤੇ ਐੱਮ ਐੱਸ ਭਾਟੀਆ, ਸੀਟੂ ਵੱਲੋਂ ਸੁਖਵਿੰਦਰ ਸਿੰਘ ਲੋਟੇ ਤੇ ਸ਼੍ਰੀਮਤੀ ਸੁਭਾਸ਼ ਰਾਣੀ, ਰਾਮ ਲਾਲ, ਸੀਟੀਯੂ ਪੰਜਾਬ ਵੱਲੋਂ ਜਗਦੀਸ਼ ਚੰਦ, ਪ.ਸ.ਸ.ਫ. ਵੱਲੋਂ ਚਰਨ ਸਰਾਭਾ ਤੇ ਗੁਰਮੇਲ ਮੈਲਡੇ, ਜੋਗਿੰਦਰ ਰਾਮ, ਹਨੂਮਾਨ ਪ੍ਰਸ਼ਾਦ, ਕੇਵਲ ਸਿੰਘ ਤੇ ਕਿਸਾਨ ਆਗੂ ਚਮਕੌਰ ਸਿੰਘ ਸ਼ਾਮਲ ਸਨ, ਮੀਟਿੰਗ ਦੀ ਪ੍ਰਧਾਨਗੀ ਅਮਰ ਨਾਥ ਕੂਮਕਲਾਂ ਨੇ ਕੀਤੀ।

## ਕਾਤਰਾਂ

### ਜਸਪਾਲ ਸਿੰਘ ਮਲੋਟ ਦੇ ਟ੍ਰੈਫਿਕ ਇੰਚਾਰਜ ਨਿਯੁਕਤ



ਮਲੋਟ (ਗੁਰਮੀਤ ਸਿੰਘ ਮੱਕੜ)-ਪਿਛਲੇ ਲੰਮੇਂ ਤੋਂ ਡੀ.ਐੱਸ.ਪੀ. ਮਲੋਟ ਦੇ ਰੀਡਰ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਜਸਪਾਲ ਸਿੰਘ ਨੂੰ ਟ੍ਰੈਫਿਕ ਸਟਾਫ਼ ਮਲੋਟ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਐੱਸ.ਐੱਸ.ਪੀ. ਸ਼੍ਰੀ ਮੁਕਤਸਰ ਸਾਹਿਬ ਵੱਲੋਂ ਬੀਤੇਂ ਦਿਨੀਂ ਵੱਖ-ਵੱਖ ਕੀਤੇ ਤਬਾਦਲਿਆਂ ਦੌਰਾਨ ਕੀਤੀ ਗਈ ਹੈ। ਇਨ੍ਹਾਂ ਤੋਂ ਪਹਿਲਾਂ ਬਲਜਿੰਦਰ ਸਿੰਘ ਟ੍ਰੈਫਿਕ ਇੰਚਾਰਜ ਮਲੋਟ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

### ਸੇਮ ਨਾਲੇ 'ਚ ਟਰੈਕਟਰ ਡਿੱਗਣ ਨਾਲ ਨੌਜਵਾਨ ਦੀ ਮੌਤ



ਮੱਖੂ (ਰਛਪਾਲ ਸਿੰਘ ਸੰਧੂ)-ਬਲਾਕ ਮਖੂ ਦੇ ਪਿੰਡ ਚੱਕ ਮਰਹਾਨਾ ਦੇ ਨੌਜਵਾਨ ਬੁੱਧਵੀਰ ਸਿੰਘ ਉਰਫ ਦਲਜੀਤ ਸਿੰਘ ਪੁੱਤਰ ਮੇਜਰ ਸਿੰਘ ਦੀ ਸੇਮ ਨਾਲੇ 'ਚ ਟਰੈਕਟਰ ਡਿੱਗਣ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ।ਬੁੱਧਵੀਰ ਸਿੰਘ ਦੇ ਭਰਾ ਸ਼ਮਸ਼ੇਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਂ, ਬੁੱਧਵੀਰ ਸਿੰਘ ਉਰਫ ਦਲਜੀਤ ਸਿੰਘ, ਸਾਡੇ ਪਿਤਾ ਮੇਜਰ ਸਿੰਘ, ਮੇਰਾ ਦੋਸਤ ਵਿਸ਼ਾਲ ਕੁਮਾਰ ਟਰੈਕਟਰ ਟਰਾਲੀ 'ਤੇ ਪਿੰਡ ਨਿਜ਼ਾਮਦੀਨ ਵਾਲਾ ਦੀਆਂ ਬਹਿਕਾਂ ਤੋਂ ਡੰਗਰਾਂ ਲਈ ਪਰਾਲੀ ਲੈਣ ਜਾ ਰਹੇ ਸਨ। ਬੁੱਧਵੀਰ ਸਿੰਘ ਉਰਫ ਦਲਜੀਤ ਸਿੰਘ ਟਰੈਕਟਰ ਚਲਾ ਰਿਹਾ ਤੇ ਅਸੀਂ ਤਿੰਨ ਜਾਣੇ ਟਰਾਲੀ ਵਿੱਚ ਬੈਠੇ ਸਨ। ਨਿਜ਼ਾਮਦੀਨ ਵਾਲਾ ਤੋਂ ਬਹਿਕਾਂ ਦੇ ਰਸਤੇ ਵਿੱਚ ਪੈਂਦੇ ਸੇਮ ਨਾਲੇ ਦੇ ਨਜ਼ਦੀਕ ਪਹੁੰਚੇ ਤਾਂ ਕਣਕ ਦੇ ਖੇਤ ਚੋਂ ਨਿਕਲਿਆ ਅਵਾਰਾ ਪਸ਼ੂ ਅਚਾਨਕ ਟਰੈਕਟਰ ਦੇ ਅੱਗੇ ਆ ਗਿਆ ਟਰੈਕਟਰ ਦੀ ਬਰੇਕ ਮਾਰਨ ਨਾਲ ਟਰੈਕਟਰ ਸੇਮ ਨਾਲੇ ਦਾ ਪੁੱਲ ਤੰਗ ਹੋਣ ਕਾਰਨ ਸੇਮ ਨਾਲੇ ਵਿੱਚ ਡਿੱਗ ਪਿਆ ਤੇ ਬੁੱਧਵੀਰ ਸਿੰਘ ਟਰੈਕਟਰ ਦੇ ਥੱਲੇ ਆ ਗਿਆ। ਸਾਡੇ ਰੌਲਾ ਪਾਉਣ 'ਤੇ ਮੌਕੇ 'ਤੇ ਪਹੁੰਚੇ ਲੋਕਾਂ ਦੀ ਮਦਦ ਨਾਲ ਬੁੱਧਵੀਰ ਸਿੰਘ ਨੂੰ ਟਰੈਕਟਰ ਦੇ ਥੱਲਿਓਂ ਕੱਢਿਆ ਅਤੇ ਮਖੂ ਦੇ ਨਿੱਜੀ ਹਸਪਤਾਲ ਵਿੱਚ ਲੈ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

### ਮਾਰਕੁੱਟ ਦੇ ਮਾਮਲੇ 'ਚ ਇੱਕ ਗ੍ਰਿਫਤਾਰ

ਭੀਖੀ (ਧਰਮਵੀਰ ਸ਼ਰਮਾ)-ਪਿਛਲੇ ਦਿਨੀਂ ਸਥਾਨਕ ਵਾਰਡ ਨੰਬਰ 1 ਵਿੱਚ ਵਿਨੋਦ ਕੁਮਾਰ ਪੁੱਤਰ ਪ੍ਰਕਾਸ਼ ਚੰਦ ਨਾਲ ਹੋਈ ਲੜਾਈ ਵਿੱਚ ਇੱਕ ਨੌਜਵਾਨ ਨੂੰ ਪਹਿਲਾਂ ਗ੍ਰਿਫਤਾਰ ਕਰਕੇ ਜਮਾਨਤ 'ਤੇ ਰਿਹਾਅ ਕਰ ਦਿੱਤਾ ਸੀ। ਹੌਲਦਾਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਹੁਣ ਦੂਜੇ ਨੌਜਵਾਨ ਜਿੰਮੀ ਗਰਗ ਨੂੰ ਗ੍ਰਿਫਤਾਰ ਕਰਕੇ ਉਸ ਨੂੰ ਵੀ ਜਮਾਨਤ 'ਤੇ ਰਿਹਾਅ ਕਰ ਦਿੱਤਾ ਹੈ ਤੇ ਉਸ ਪਾਸੋਂ ਵਾਰਦਾਤ ਸਮੇ ਵਰਤਿਆ ਹਥਿਆਰ ਤੇ ਕਾਰ ਬਾਰਮਦ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਤੀਸਰੇ ਨੌਜਵਾਨ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਪੀ ਐੱਸ ਯੂ ਵੱਲੋਂ ਧਾਰਾ 295-1 ਖਿਲਾਫ ਕਾਲਜ 'ਚ ਰੋਸ ਪ੍ਰਦਰਸ਼ਨ



ਮੂਨਕ (ਰਾਜਪਾਲ ਸਿੰਗਲਾ)-ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਇਕਾਈ ਯੂਨੀਵਰਸਿਟੀ ਕਾਲਜ ਮੂਨਕ ਵੱਲੋਂ ਧਾਰਾ 295-1 ਖਿਲਾਫ ਕਾਲਜ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਤ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਵਿਦਿਆਰਥੀ ਆਗੂ ਹੁਸ਼ਿਆਰ ਸਲੇਮਗੜ੍ਹ ਵੱਲੋਂ ਦੱਸਿਆ ਗਿਆ ਕਿ ਧਾਰਾ 295-ਏ ਲੇਖਕਾਂ, ਕਲਾਕਾਰਾਂ ਦੀ ਆਵਾਜ਼ ਨੂੰ ਕੁਚਲਣ ਲਈ ਮੁਲਕ ਦੀ ਹਕੂਮਤ ਵੱਲੋਂ ਹੋ ਰਹੇ ਫਿਰਕੂ ਫਾਸ਼ੀ ਵਰਤਾਰੇ ਦਾ ਹੀ ਅੰਗ ਹੈ।ਉਨ੍ਹਾਂ ਦੱਸਿਆ ਕਿ ਮੁਲਕ ਭਰ 'ਚ ਭਾਜਪਾ ਦੀਆਂ ਸ਼ਿਸ਼ਕਰੀਆਂ ਹੋਈਆਂ ਹਿੰਦੂ ਜਨੂੰਨੀ ਤਾਕਤਾਂ ਨੇ ਲੇਖਕਾਂ ਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਲਈ ਫਾਸ਼ੀ ਹਮਲਾ ਵਿੱਢਿਆ ਹੋਇਆ ਹੈ।ਫਿਰਕੂ, ਫਾਸ਼ੀ ਤੇ ਦੰਭੀ ਰਾਸ਼ਟਰਵਾਦੀ ਨਾਅਰਿਆਂ ਦੀ ਆੜ ਥੱਲੇ ਲੇਖਕਾਂ ਨੂੰ ਸੱਚ ਕਹਿਣ ਤੇ ਲਿਖਣ ਤੋਂ ਵਰਜਣ ਲਈ ਖੌਫਜ਼ਦਾ ਕਰਨ ਦਾ ਹਥਿਆਰ ਵਰਤਿਆ ਜਾ ਰਿਹਾ ਹੈ।ਅਗਾਂਹਵਧੂ ਲੇਖਕਾਂ ਤੇ ਜਮਹੂਰੀ ਕਾਰਕੁੰਨਾਂ ਦੇ ਦਿਨ ਦਿਹਾੜੇ ਕਤਲ ਕੀਤੇ ਗਏ ਹਨ। ਹਮਲੇ ਦਾ ਇੱਕ ਢੰਗ ਸੋਸ਼ਲ ਮੀਡੀਆ 'ਤੇ ਬਕਾਇਦਾ ਧਮਕਾਊ ਮੁਹਿੰਮਾਂ ਚਲਾ ਕੇ, ਲੇਖਕਾਂ ਨੂੰ ਨਿਸ਼ਾਨਾ ਬਣਾ ਕੇ ਤੇ ਜ਼ਲਾਲਤ-ਨੁਮਾ ਪ੍ਰਚਾਰ ਚਲਾ ਕੇ, ਉਨ੍ਹਾਂ ਨੂੰ ਦੜ ਵੱਟ ਲੈਣ ਲਈ ਮਜਬੂਰ ਕਰਨਾ ਹੈ।ਇਸ ਲਈ ਇਹ ਧਾਰਾ ਆਵਾਜ਼ ਉਠਾਉਣ ਵਾਲੇ ਲੋਕਾਂ ਲਈ ਬਹੁਤ ਖਤਰਨਾਕ ਸਿੱਧ ਹੋਈ ਹੈ ਤੇ ਵਿਦਿਆਰਥੀ ਇਸ ਦਾ ਉਹ ਪੁਰਜ਼ੋਰ ਸ਼ਬਦਾਂ ਵਿੱਚ ਵਿਰੋਧ ਕਰਦੇ ਹਨ ਤੇ ਇਸ ਨੂੰ ਰੱਦ ਕਰਨ ਦੀ ਮੰਗ ਕਰਦੇ ਹਨ।ਇਸ ਸਮੇਂ ਲਛਮਣ ਬਖਸ਼ੀਵਾਲਾ, ਪਰਵੀਨ, ਰਿੰਪਲ, ਸਿਮਰਨ ਮੂਨਕ, ਖੁਸ਼ੀ ਬਖੋਰਾ ਤੇ ਹੋਰ ਵਿਦਿਆਰਥੀ ਹਾਜ਼ਰ ਹਨ।

# ਦਲਿਤ ਸਰਪੰਚ ਦੇ ਹੱਕ 'ਚ ਆਇਆ ਭਾਰਤੀਯ ਅੰਬੇਡਕਰ ਮਿਸ਼ਨ

## ਦੋਸ਼ੀਆਂ ਖਿਲਾਫ ਕਾਰਵਾਈ ਨਾ ਕਰਨ 'ਤੇ ਸੰਘਰਸ਼ ਦੀ ਚਿਤਾਵਨੀ

ਸੰਗਰੂਰ (ਪ੍ਰਵੀਨ ਸਿੰਘ)-ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਪਿੰਡ ਮੈਣ ਦੇ ਦਲਿਤ ਸਰਪੰਚ ਦਰਸ਼ਨ ਸਿੰਘ, ਜਿਸ ਨੂੰ ਉਸ ਦੇ ਪਿੰਡ ਦੇ ਹੀ ਕੁਝ ਧਨਾਢ ਲੋਕਾਂ ਵੱਲੋਂ ਜਾਤੀ ਤੌਰ 'ਤੇ ਤੰਗ ਪ੍ਰੇਸ਼ਾਨ ਕਰਨ ਅਤੇ ਕਥਿਤ ਹੁੱਕਾ ਪਾਣੀ ਬੰਦ ਕਰਨ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਸਬੰਧੀ ਪੁਲਸ ਨੂੰ ਕੀਤੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਾ ਕਰਨ 'ਤੇ ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਪੀੜਤ ਸਰਪੰਚ ਦੇ ਹੱਕ ਵਿੱਚ ਉੱਤਰ ਆਈ ਹੈ, ਜਿਸ ਸਬੰਧੀ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦਲਿਤਾਂ ਖਾਸ ਕਰਕੇ ਗਰੀਬਾਂ ਦੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਿਹਾ, ਜਿਸ ਦੇ ਚਲਦਿਆਂ ਪੁਲਸ ਦੀ ਲਾਪ੍ਰਵਾਹੀ ਕਾਰਨ ਕਈ ਦਲਿਤ ਆਗੂ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਸ੍ਰੀ ਦਰਸ਼ਨ ਕਾਂਗੜਾ ਮਿਸ਼ਨ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ ਹਰ ਇੱਕ ਧੱਕੇਸ਼ਾਹੀ, ਜਾਤੀ ਵਿਤਕਰੇ ਦੇ ਸ਼ਿਕਾਰ ਤੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਸਤਾਏ ਲੋਕਾਂ ਦੀ ਪਿੱਠ 'ਤੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਬੜੇ ਸ਼ਰਮ ਦੀ ਗੱਲ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨੂੰ ਖੁਦ ਇਨਸਾਫ ਲੈਣ ਲਈ ਇਸ ਤਰ੍ਹਾਂ ਦਰ ਦਰ ਭਟਕਣਾ ਪੈ ਰਿਹਾ ਹੈ। ਇਹ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ 'ਤੇ ਸਵਾਲੀਆ ਚਿੰਨ੍ਹ ਲਗਾਉਂਦਾ ਹੈ। ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪੁਲਸ ਵੱਲੋਂ ਦਲਿਤ ਸਰਪੰਚ ਦਰਸ਼ਨ ਸਿੰਘ ਮੈਣ ਨੂੰ ਤੰਗ ਪ੍ਰੇਸ਼ਾਨ ਕਰਨ ਵਾਲਿਆਂ ਖਿਲਾਫ ਜਲਦ ਕਾਰਵਾਈ ਨਾ ਕੀਤੀ ਤਾਂ ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਹੋਰ ਜਥੇਬੰਦੀਆਂ ਨੂੰ ਨਾਲ ਲੈ ਕੇ ਵੱਡਾ ਸੰਘਰਸ਼ ਉਲੀਕਿਆ ਜਾਵੇਗਾ।

# ਬਿਜਲੀ ਦਾ ਟਰਾਂਸਫਾਰਮਰ ਫਟਿਆ, ਇੱਕ ਝੁਲਸਿਆ



ਟਰਾਂਸਫਾਰਮਰ ਫਟਣ ਕਾਰਨ ਲੱਗੀ ਅੱਗ ਦਾ ਦ੍ਰਿਸ਼, (ਇਨਸੈੱਟ) ਜ਼ਖਮੀ ਜ਼ੇਰੇ ਇਲਾਜ।

ਭਗਤਾ ਭਾਈ ਕਾ (ਰਾਜੀਵ ਗੋਇਲ)

ਸਥਾਨਕ ਸ਼ਹਿਰ ਦੇ ਦਸ਼ਮੇਸ਼ ਨਗਰ ਦੇ ਮੋੜ 'ਤੇ ਉਸ ਸਮੇਂ ਹਫੜਾ ਦਫੜੀ ਮੱਚ ਗਈ, ਜਦੋਂ ਇੱਕ ਬਿਜਲੀ ਦਾ ਟਰਾਂਸਫਾਰਮਰ ਅਚਾਨਕ ਫਟ ਗਿਆ।

ਧਮਾਕਾ ਇੰਨਾ ਜ਼ਬਰਦਸਤ ਸੀ ਕਿ ਜਿੱਥੇ ਇੱਕ ਕੋਲ ਮੀਟ ਦਾ ਕੰਮ ਕਰ ਰਿਹਾ ਦੁਕਾਨਦਾਰ ਝੁਲਸ ਗਿਆ, ਉੱਥੇ ਹੀ ਭਿਆਨਕ ਅੱਗ ਵੀ ਲੱਗ ਗਈ। ਬਿਜਲੀ ਵਿਭਾਗ ਦੇ ਜੇ ਈ ਹਰਜਿੰਦਰ ਸਿੰਘ ਦੇ ਦੱਸਣ ਮੁਤਾਬਿਕ ਉਨ੍ਹਾਂ ਨੂੰ ਸਪਲਾਈ ਬੰਦ ਹੋਣ ਸੰਬੰਧੀ ਕੋਈ ਸ਼ਿਕਾਇਤ ਮਿਲੀ ਸੀ, ਜਿਸ ਤੋਂ ਬਾਅਦ ਠੇਕੇ 'ਤੇ ਕੰਮ ਕਰਦੇ ਕਰਿੰਦਿਆਂ ਵੱਲੋਂ ਹਾਦਸਾਗ੍ਰਸਤ ਟਰਾਂਸਫਾਰਮਰ ਨੂੰ ਚੈੱਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਚੈਕਿੰਗ ਤੋਂ ਬਾਅਦ ਜਦੋਂ ਮੁੜ ਸਪਲਾਈ ਬਹਾਲ ਕੀਤੀ ਗਈ ਤਾਂ ਕੁਝ ਕੁ ਹੀ ਮਿੰਟਾਂ ਦੇ ਵਕਫੇ ਦਰਮਿਆਨ ਟਰਾਂਸਫਾਰਮਰ ਫਟ ਗਿਆ, ਜਿਸ ਦੇ ਚਲਦਿਆਂ ਕੋਲ ਇੱਕ ਮੀਟ ਦੀ ਦੁਕਾਨ ਚਲਾ ਰਹੇ ਕਰਿੰਦੇ 'ਤੇ ਟਰਾਂਸਫਾਰਮਰ ਦਾ ਗਰਮ ਤੇਲ ਪੈ ਜਾਣ ਕਾਰਨ ਪੀੜਤ ਝੁਲਸ ਗਿਆ, ਜਿਸ ਨੂੰ ਨੇੜੇ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਖ਼ਬਰ ਲਿਖੇ ਜਾਣ ਤੱਕ ਪੀੜਤ ਖਤਰੇ ਤੋਂ ਬਾਹਰ ਸੀ ਤੇ ਬਿਜਲੀ ਮਹਿਕਮੇ ਦੇ ਕਰਮਚਾਰੀਆਂ ਵੱਲੋਂ ਮੁੜ ਸਪਲਾਈ ਚਾਲੂ ਕੀਤੇ ਜਾਣ ਲਈ ਯਤਨ ਕੀਤੇ ਜਾ ਰਹੇ ਸਨ।

# ਅਮਰਜੀਤ ਸਿੰਘ ਸਿੱਧੂ ਨੇ ਡੀ ਐੱਸ ਪੀ ਦਾ ਚਾਰਜ ਸੰਭਾਲਿਆ



ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਧਰਮਕੋਟ ਸ਼ਹਿਰ ਵਿੱਚ ਕਾਨੂੰਨ ਵਿਵਸਥਾ ਨੂੰ ਬਹਾਲ ਰੱਖਣ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਾਉਣ ਲਈ ਪੁਲਸ ਪ੍ਰਸ਼ਾਸਨ ਵਚਨਬੱਧ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸ੍ਰ. ਅਮਰਜੀਤ ਸਿੰਘ ਸਿੱਧੂ ਡੀਐੱਸਪੀ ਧਰਮਕੋਟ ਨੇ ਧਰਮਕੋਟ ਦਾ ਚਾਰਜ ਸੰਭਾਲਣ ਉਪਰੰਤ ਕੀਤਾ। ਉਨ੍ਹਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਇਤਿਹਾਸਕ ਤੇ ਧਾਰਮਿਕ ਸ਼ਹਿਰ ਧਰਮਕੋਟ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ ਤੇ ਧਰਮਕੋਟ ਵਾਸੀਆਂ ਤੇ ਆਸ ਪਾਸ ਦੇ ਇਲਾਕਿਆਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣਗੇ। ਉਨ੍ਹਾਂ ਕਿਹਾ ਕਿ ਹਰ ਸੱਚੇ ਵਿਅਕਤੀ ਨੂੰ ਪੁਲਸ ਵੱਲੋਂ ਪੂਰਾ ਇਨਸਾਫ ਦਿੱਤਾ ਜਾਵੇਗਾ ਤੇ ਸ਼ਹਿਰ 'ਚ ਅਪਰਾਧਕ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣਗੇ ਅਤੇ ਧਰਮਕੋਟ ਸ਼ਹਿਰ ਨੂੰ ਨਸ਼ਾ ਮੁਕਤ ਤੇ ਨਸ਼ਾ ਵੇਚਣ ਵਾਲਿਆਂ ਵਿਅਕਤੀਆਂ ਖਿਲਾਫ ਪੁਲਸ ਆਪਣੀ ਬਣਦੀ ਡਿਊਟੀ ਜ਼ਿੰਮੇਵਾਰ ਨਾਲ ਨਿਭਾਵੇਗੀ। ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਲੋਕਾਂ ਦੀ ਜਾਣ ਮਾਲ ਦੀ ਰਾਖੀ ਲਈ ਵਚਨਬੱਧ ਹੈ ਅਤੇ ਲੋਕਾਂ ਦੀਆਂ ਸੇਵਾ 'ਚ 24 ਘੰਟੇ ਹਾਜ਼ਰ ਹੈ।ਉਨ੍ਹਾ ਦੱਸਿਆ ਕਿ ਐਸਐਸਪੀ ਮੋਗਾ ਦੀ ਨਿਗਰਾਨੀ ਹੇਠ ਨਸ਼ਾ ਤਸਕਰਾਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ, ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਬਿਜਲੀ ਬਿੱਲਾਂ 'ਚ ਪਿਛਲੇ ਰੱਦ ਬਿੱਲ ਪਾ ਕੇ ਭੇਜਣ ਖਿਲਾਫ਼ ਵਫ਼ਦ ਐਕਸੀਅਨ ਨੂੰ ਮਿਲਿਆ



ਜਗਰਾਉਂ (ਸੰਜੀਵ ਅਰੋੜਾ)-ਪੇਂਡੂ ਮਜ਼ਦੂਰ ਯੂਨੀਅਨ (ਮਸ਼ਾਲ) ਦੀ ਅਗਵਾਈ 'ਚ ਮਜ਼ਦੂਰ ਮਰਦ ਔਰਤਾਂ ਦਾ ਵਫ਼ਦ ਪਾਵਰਕਾਮ ਐਕਸੀਅਨ ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਨੂੰ ਮਿਲਿਆ। ਵਫ਼ਦ ਨੇ ਮੰਗ ਕੀਤੀ ਕਿ ਛੇ ਮਹੀਨੇ ਲੰਘ ਜਾਣ ਦੇ ਬਾਵਜੂਦ ਪਾਵਰਕਾਮ ਮੈਨੇਜਮੈਂਟ ਪੰਜਾਬ ਭਰ 'ਚ ਜਾਣਬੁੱਝ ਕੇ ਦਲਿਤ ਕਿਰਤੀ ਮਜ਼ਦੂਰਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਭਾਵੇਂ ਕਿ ਦਲਿਤ ਵਰਗ ਦੇ ਬਿਜਲੀ ਬਿੱਲ ਮੁਆਫ ਹਨ, ਪਰ ਲਗਾਤਾਰ ਪਿਛਲੇ ਬਿੱਲ ਭੇਜ ਕੇ ਗਰੀਬਾਂ ਦੀਆਂ ਦਿਹਾੜੀਆਂ ਤੁੜਵਾਈਆਂ ਜਾ ਰਹੀਆਂ ਹਨ, ਉਪਰੋਂ 31 ਮਾਰਚ ਨੇੜੇ ਹੋਣ ਦੀ ਆੜ 'ਚ ਘਰੇਲੂ ਮੀਟਰ ਪੁੱਟਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਪਾਵਰਕਾਮ ਅਧਿਕਾਰੀ ਨੂੰ ਚਿਤਾਵਨੀ ਦਿੱਤੀ ਕਿ ਜਦੋਂ ਸਾਰੇ ਕਿਰਤੀਆਂ ਨੇ ਅਨੁਸੂਚਿਤ ਜਾਤੀ ਸਰਟੀਫਿਕੇਟ ਜਮ੍ਹਾਂ ਕਰਵਾ ਦਿੱਤੇ ਹਨ ਤਾਂ ਇਹ ਬਿੱਲ ਖਤਮ ਕਰਨ ਦਾ ਵਾਅਦਾ ਕਰਨ ਦੇ ਬਾਵਜੂਦ ਗਰੀਬਾਂ ਨੂੰ ਤੰਗ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਗਰੀਬ ਘਰਾਂ 'ਚੋਂ ਬਿਜਲੀ ਮੀਟਰ ਕਦਾਚਿਤ ਨਹੀਂ ਪੁੱਟਣ ਦਿੱਤੇ ਜਾਣਗੇ ਤੇ ਆਉਣ ਵਾਲੇ ਮੁਲਾਜ਼ਮਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਸਬੰਧੀ ਮਾਮਲਾ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਵੀ ਪਾਵਰਕਾਮ ਮੈਨੇਜਮੈਂਟ ਨਾਲ ਜਲਦੀ ਹੀ ਲਿਆ ਜਾਵੇਗਾ ਤੇ ਪੰਜਾਬ ਪੱਧਰੀ ਸੰਘਰਸ਼ ਛੇੜਿਆ ਜਾਵੇਗਾ। ਵਫ਼ਦ 'ਚ ਮਦਨ ਸਿੰਘ, ਬਲਦੇਵ ਸਿੰਘ ਫ਼ੌਜੀ ਤੇ ਕਰਨੈਲ ਸਿੰਘ ਭੋਲਾ ਆਦਿ ਹਾਜ਼ਰ ਸਨ।

# 1.40 ਕਰੋੜ ਦੇ ਕਰੀਬ ਨਸ਼ਾ ਤਸਕਰਾਂ ਦੀ ਪ੍ਰਾਪਰਟੀ ਕੀਤੀ ਸੀਲ : ਨੇਹਾ ਅਗਰਵਾਲ

**ਮੁਰਾਦਪੁਰਾ ਦੇ ਨਸ਼ਾ ਤਸਕਰਾਂ ਦੇ ਘਰ ਕੀਤੇ ਸੀਲ**



ਡੀ ਐੱਸ ਪੀ ਨੇਹਾ ਅਗਰਵਾਲ ਤੇ ਇੰਸਪੈਕਟਰ ਗੁਰਇਕਬਾਲ ਸਿੰਘ ਸਿਕੰਦ ਪਿੰਡ ਮੁਰਾਦਪੁਰਾ ਵਿਖੇ ਨਸ਼ਾ ਤਸਕਰਾਂ ਦੇ ਘਰ ਸੀਲ ਕਰਦੇ ਹੋਏ।

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸਮਾਣਾ ਪੁਲਸ ਨੇ ਨਸ਼ਾ ਤਸਕਰਾਂ ਦੇ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਪਿੰਡ ਮੁਰਾਦਪੁਰਾ ਦੇ ਨਸ਼ਾ ਤਕਸਰਾ ਦੇ ਨੋਟਿਸ ਲਗਾ ਕੇ ਘਰ ਸੀਲ ਕੀਤੇ। ਮਾਨਯੋਗ ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਸ਼੍ਰੀ ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਡੀ ਐਸ ਪੀ ਨੇਹਾ ਅਗਰਵਾਲ ਤੇ ਥਾਣਾ ਸਿਟੀ ਪੁਲਸ ਦੇ ਇੰਚਾਰਜ ਜੀ ਐੱਸ ਸਿਕੰਦ ਵੱਲੋਂ ਪੁਲਸ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਜਿੱਥੇ ਨਾਕਾਬੰਦੀ ਕੀਤੀ ਤੇ ਸ਼ੱਕੀ ਪੁਰਸ਼ਾਂ 'ਤੇ ਟਿਕਾਣਿਆਂ 'ਤੇ ਸਰਚ ਆਪ੍ਰੇਸ਼ਨ ਚਲਾਇਆ, ਉੱਥੇ ਹੀ ਪੁਲਸ ਟੀਮਾਂ ਵੱਲੋਂ ਪਿੰਡ ਦੇ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਂਦਿਆਂ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਕੀਤੇ ਜਾ ਰਹੇ ਹਨ ਅਤੇ ਨਾਲ ਹੀ ਨਸ਼ੇ ਵੇਚਣ ਵਾਲੇ ਸੌਦਾਗਰਾਂ ਖਿਲਾਫ ਸਖਤ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ।ਇਸੇ ਤਹਿਤ ਤਸਕਰਾਂ ਖਿਲਾਫ ਕਾਰਵਾਈ ਕਰਦਿਆਂ ਕਮਰਸ਼ੀਅਲ ਮਾਤਰਾ ਦੇ ਮੁਜ਼ਰਮਾਂ ਦੇ ਘਰ ਸੀਲ ਕੀਤੇ ਗਏ।ਇਸ ਮੌਕੇ ਡੀ.ਐੱਸ.ਪੀ. ਨੇਹਾ ਅਗਰਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਪਿੰਡ ਮੁਰਾਦਪੁਰਾ ਵਿਖੇ ਸ਼ਰਨੋ ਕੌਰ ਦੀ 16 ਲੱਖ ਰੁਪਏ ਦੀ ਪ੍ਰਾਪਰਟੀ ਸੀਲ ਕੀਤੀ ਗਈ, ਗੁਰਮੀਤ ਕੌਰ ਦੀ 17 ਲੱਖ 50 ਹਜ਼ਾਰ ਰੁਪਏ ਦੀ ਪ੍ਰਾਪਰਟੀ ਸੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਿੰਡ ਗਾਜੇਵਾਸ ਵਿਖੇ ਇੱਕ ਦੁਕਾਨ ਕ੍ਰਿਸ਼ਨਾ ਰਾਣੀ ਦੀ 29 ਲੱਖ ਰੁਪਏ ਦੀ ਪ੍ਰਾਪਰਟੀ ਸੀਲ ਕੀਤੀ ਗਈ ਹੈ। ਨੇਹਾ ਅਗਰਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਵਿਰੋਧੀ ਸ਼ਿਕੰਜਾ ਕੱਸ ਰਹੀ ਹੈ, ਕੋਈ ਵੀ ਨਸ਼ਾ ਤਸਕਰ ਬਖਸ਼ਿਆ ਨਹੀਂ ਜਾਵੇਗਾ। ਸਬ ਡਵੀਜ਼ਨ ਵਿੱਚ ਇਕ ਕਰੋੜ 40 ਲੱਖ ਰੁਪਏ ਦੀ ਹੁਣ ਤੱਕ ਪ੍ਰਾਪਰਟੀ ਸੀਲ ਕਰ ਚੁੱਕੇ ਹਾਂ। ਨਸ਼ਾ ਤਸਕਰਾਂ ਖਿਲਾਫ ਇਹ ਸਖਤਾਈ ਲਗਾਤਾਰ ਜਾਰੀ ਰਹੇਗੀ। ਇਸ ਮੌਕੇ ਥਾਣਾ ਸਦਰ ਦੇ ਇੰਚਾਰਜ ਰੌਣੀ ਸਿੰਘ, ਏ ਐੱਸ ਆਈ ਗੁਰਬਖਸ਼ ਸਿੰਘ ਤੋਂ ਇਲਾਵਾ ਹੋਰ ਵੀ ਪੁਲਸ ਕਰਮਚਾਰੀ ਹਾਜ਼ਰ ਸਨ।

# ਸੰਘਣੀ ਧੁੰਦ ਕਾਰਨ ਪੰਜਾਬ ਰੋਡਵੇਜ਼ ਦੀ ਬੱਸ ਖੰਭੇ ਨਾਲ ਟਕਰਾਈ, ਡਰਾਈਵਰ ਸਮੇਤ 6 ਸਵਾਰੀਆਂ ਜ਼ਖਮੀ



ਜਲਾਲਾਬਾਦ (ਜੀਤ ਕੁਮਾਰ)

ਮੰਗਲਵਾਰ ਸਵੇਰੇ ਸੰਘਣੀ ਧੁੰਦ ਕਹਿਰ ਬਣ ਕੇ ਆਈ ਹੈ, ਇਸੇ ਧੁੰਦ ਦੇ ਚਲਦੇ ਪਿੰਡ ਚੱਕ ਸੈਦੋਕੇ ਦੇ ਨਜ਼ਦੀਕ ਜਲਾਲਾਬਾਦ-ਸ਼੍ਰੀ ਮੁਕਤਸਰ ਸਾਹਿਬ ਨੈਸ਼ਨਲ ਹਾਈਵੇਅ ਨੰਬਰ 754 'ਤੇ ਜਲਾਲਾਬਾਦ ਤੋਂ ਤੜਕੇ 4.40 ਵਜੇ ਦਿੱਲੀ (ਇੰਟਰ ਸਟੇਟ ਬੱਸ ਟਰਮੀਨਲ) ਜਾਣ ਵਾਲੀ ਪੰਜਾਬ ਰੋਡਵੇਜ਼ ਸ੍ਰੀ ਮੁਕਤਸਰ ਸਾਹਿਬ ਡਿੱਪੂ ਦੀ ਬੱਸ ਭਾਰੀ ਧੁੰਦ ਕਾਰਨ ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਉੱਤਰ ਕੇ ਬਿਜਲੀ ਦੇ ਖੰਭੇ ਤੇ ਸੜਕ ਕਿਨਾਰੇ ਲੱਗੇ ਇੱਕ ਸਫੈਦੇ ਦੇ ਦਰੱਖਤ ਨਾਲ ਜਾ ਟਕਰਾਈ ਅਤੇ ਇਹ ਹਾਦਸਾ ਵਾਪਰਿਆ ਹੈ। ਇਸ ਹਾਦਸੇ ਦੌਰਾਨ ਬੱਸ ਵਿੱਚ ਸਵਾਰ 40 ਦੇ ਕਰੀਬ ਸਵਾਰੀਆਂ ਵਾਲ ਵਾਲ ਬਚ ਗਈਆਂ, ਜਦਕਿ ਡਰਾਈਵਰ ਸਮੇਤ 6 ਦੇ ਕਰੀਬ ਸਵਾਰੀਆਂ ਨੂੰ ਸੱਟਾਂ ਲੱਗਣ ਕਾਰਨ ਸਥਾਨਕ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਡੰਕੈਟਰ ਗੁਰਜੰਟ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਜਲਾਲਾਬਾਦ ਤੋਂ ਸ਼੍ਰੀ ਮੁਕਤਸਰ ਸਾਹਿਬ ਰੋਡ 'ਤੇ ਦਿੱਲੀ ਲਈ ਸਵੇਰੇ ਕਰੀਬ 4.40 ਦੇ ਕਰੀਬ ਚੱਲੇ ਸੀ ਤੇ ਰਾਸਤੇ ਵਿਚ ਕਰੀਬ 5 ਵਜੇ ਪਿੰਡ ਚੱਕ ਸੈਦੋਕੇ ਬੱਸ ਅੱਡੇ ਤੋਂ 2 ਸਵਾਰੀਆਂ ਚੜ੍ਹਾਉਣ ਦੇ ਬਾਅਦ ਬੱਸ ਲੈ ਕੇ ਜਾ ਰਹੇ ਸੀ ਅਤੇ ਇਸ ਸਰਕਾਰੀ ਬੱਸ ਨੂੰ ਗੁਰਜੰਟ ਸਿੰਘ ਚਲਾ ਰਿਹਾ ਸੀ, ਇਹ ਹਾਦਸਾ ਅੱਜ ਸਵੇਰੇ ਸੰਘਣੀ ਧੁੰਦ ਹੋਣ ਕਾਰਨ ਵਾਪਰਿਆਂ ਹੈ, ਕਿਉਂਕਿ ਧੁੰਦ ਦੇ ਚਲਦੇ ਬਸ ਬੇਕਾਬੂ ਹੋ ਕੇ ਅਚਾਨਕ ਸੜਕ ਦੇ ਕਿਨਾਰੇ ਉੱਰ ਗਈ ਹੈ ਤੇ ਦਰੱਖਤ ਅਤੇ ਖੰਭੇ ਨਾਲ ਟਕਰਾ ਗਈ।

ਜ਼ਖਮੀਆਂ ਨੂੰ ਐਬੂਲੈਂਸ ਰਾਹੀਂ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਦੀ ਹਾਲਤ ਠੀਕ ਹੈ ਅਤੇ ਇਸ ਹਾਦਸੇ ਵਿੱਚ ਕਿਸੇ ਵੀ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ ਹੈ।

# ਰਾਜ ਪੱਧਰੀ ਸਮਾਗਮ ਮੌਕੇ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਦਾ ਵਿਸ਼ੇਸ਼ ਸਨਮਾਨ

**ਐਸੋਸੀਏਸ਼ਨ ਨੇ ਸਨਮਾਨ ਸਹੂਲਤਾਂ ਸੰਬੰਧੀ ਰਾਜਪਾਲ ਨੂੰ ਦਿੱਤਾ ਮੈਮੋਰੰਡਮ**



ਨਾਭਾ (ਵਰਿੰਦਰ ਵਰਮਾ)-ਪਟਿਆਲਾ ਵਿਖੇ ਰਾਜ ਪੱਧਰੀ ਗਣਤੰਤਰ ਦਿਵਸ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਰਾਜਪਾਲ ਪੰਜਾਬ ਬਨਵਾਰੀ ਲਾਲ ਪੁਰੋਹਿਤ ਨੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਉਪਰੰਤ ਦੇਸ਼ ਦੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਦੇਸ਼ ਭਗਤਾਂ ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਰਾਜਪਾਲ ਪੰਜਾਬ ਨੇ ਆਪਣੇ ਭਾਸ਼ਣ ਦੌਰਾਨ ਵੀ ਆਜ਼ਾਦੀ ਘੁਲਾਟੀਆਂ ਵੱਲੋਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ।ਇਸ ਮੌਕੇ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ. ਨੰ 234 ਦੇ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਪੋਤਰਾ ਬੰਤਾ ਸਿੰਘ ਧਾਲੀਵਾਲ ਸੁਤੰਤਰਤਾ ਸੰਗਰਾਮੀ ਭਾਰਤ ਸਰਕਾਰ ਨੇ ਮਾਨਯੋਗ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀਆਂ ਹੱਕੀ ਸਨਮਾਨ ਸਹੂਲਤਾਂ ਸਬੰਧੀ ਮੈਮੋਰੰਡਮ ਦਿੱਤਾ, ਜਿਸ ਵਿੱਚ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨਾਲ ਵਿਚਾਰਨ ਵਾਲੀਆਂ ਅਹਿਮ ਮੰਗਾਂ ਸ਼ਾਮਲ ਸਨ। ਸੂਬਾ ਜਨਰਲ ਸਕੱਤਰ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਕੋਲ ਆਜ਼ਾਦੀ ਘੁਲਾਟੀਆਂ ਨੂੰ ਸਨਮਾਨ ਸਹੂਲਤਾਂ ਦੇਣ ਸਬੰਧੀ ਫਾਈਲਾਂ ਵਿਚਾਰ ਅਧੀਨ ਹਨ, ਜਿਨ੍ਹਾਂ ਸਬੰਧੀ ਜਲਦ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਰਾਜਪਾਲ ਪੰਜਾਬ ਕੋਲ ਕੀਤੀ ਗਈ।ਸਮਾਗਮ ਦੌਰਾਨ ਜ਼ਿਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ, ਕਮਲਦੀਪ ਸਿੰਘ ਗਿੱਲ, ਗੁਰਇਕਬਾਲ ਸਿੰਘ ਸੰਧੂ, ਪਰਦੁਮਨ ਸਿੰਘ ਢੀਂਡਸਾ, ਸਤਪਾਲ ਕੌਰ ਸੋਹੀ ਆਦਿ ਸੁਤੰਤਰਤਾ ਸੰਗਰਾਮੀ ਪਰਵਾਰਾਂ ਨੂੰ ਸਨਮਾਨਤ ਕੀਤਾ ਗਿਆ।

# ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਕਾਰ ਵੱਲੋਂ 'ਸਕੂਲ ਆਫ ਅਪਲਾਈਡ ਲਰਨਿੰਗ' ਸ਼ੁਰੂ

**ਸਿੱਖਿਆ ਮੰਤਰੀ ਨੇ ਡਾਇਟ ਵਿਖੇ ਚੱਲ ਰਹੀ ਅਧਿਆਪਕ ਟ੍ਰੇਨਿੰਗ 'ਚ ਕੀਤੀ ਸ਼ਮੂਲੀਅਤ**



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪੰਜਾਬ ਸਰਕਾਰ ਦੁਆਰਾ 'ਸਕੂਲ ਆਫ ਅਪਲਾਈਡ ਲਰਨਿੰਗ' ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਲਈ ਸੂਬੇ ਦੇ 40 ਸਕੂਲਾਂ ਨੂੰ ਪਾਇਲਟ ਤੌਰ 'ਤੇ ਚੁਣਿਆ ਗਿਆ ਹੈ ਅਤੇ ਇਸ ਵਿੱਚ 2000 ਦੇ ਕਰੀਬ ਵਿਦਿਆਰਥੀਆਂ ਨੂੰ ਦਾਖਲ ਕੀਤਾ ਜਾਵੇਗਾ।ਇਹ ਜਾਣਕਾਰੀ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ ਫਤਹਿਗੜ੍ਹ ਸਾਹਿਬ ਵਿਖੇ ਪੰਜਾਬ ਸਰਕਾਰ ਦੇ ਇਸ ਪ੍ਰੋਜੈਕਟ ਦੀ ਟ੍ਰੇਨਿੰਗ ਦੇਣ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਤਾ।

ਸਿੱਖਿਆ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਭਵਿੱਖ ਵਿੱਚ ਕੰਮ ਆਉਣ ਵਾਲੇ ਕਿੱਤਾਮੁਖੀ ਕੋਰਸਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਬੱਚਿਆਂ ਨੂੰ ਉਹੋ ਜਿਹੀ ਹੀ ਸਿੱਖਿਆ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਸਕੂਲ ਆਫ ਅਪਲਾਈਡ ਲਰਨਿੰਗ' ਵਿੱਚ ਗਿਆਰਵੀਂ ਕਲਾਸ ਦੇ ਬੱਚਿਆਂ ਨੂੰ ਬੈਕਿੰਗ, ਵਿੱਤੀ ਸੇਵਾਵਾਂ, ਇਸ਼ੋਰੈਂਸ, ਡਿਜੀਟਲ ਡਿਜ਼ਾਇਨ ਤੇ ਵਿਕਾਸ, ਹੈਲਥਕੇਅਰ ਸਾਇੰਸ ਤੇ ਬਿਊਟੀ ਤੇ ਵੈਲਨੈੱਸ ਆਦਿ ਵਿਸ਼ਿਆਂ 'ਤੇ ਪੜ੍ਹਾਈ ਕਰਾਈ ਜਾਵੇਗੀ, ਜਿਸ ਨਾਲ ਬੱਚੇ ਇਸ ਖੇਤਰ ਵਿੱਚ ਆਪਣਾ ਭਵਿੱਖ ਬਣਾ ਸਕਣਗੇ।ਡਾਇਟ ਵਿਖੇ ਸ਼ੁਰੂ ਹੋਈ ਅਧਿਆਪਕ ਟ੍ਰੇਨਿੰਗ ਬਾਰੇ ਸਿੱਖਿਆ ਮੰਤਰੀ ਨੇ ਹੋਰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦਿਲੀ ਖਾਹਿਸ਼ ਹੈ ਕਿ ਪੰਜਾਬ ਦੇ ਹਰ ਨੌਜਵਾਨ ਨੂੰ ਵਧੀਆ ਰੁਜ਼ਗਾਰ ਤੇ ਤਨਖਾਹਾਂ ਹਾਸਲ ਹੋਣ, ਜਿਸ ਕਾਰਨ ਇਹ ਟ੍ਰੇਨਿੰਗ ਸ਼ੁਰੂ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਇੱਕ ਪਾਇਲਟ ਪ੍ਰੋਜੈਕਟ ਦੇ ਰੂਪ ਵਿੱਚ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪਾਇਲਟ ਪ੍ਰੋਜੈਕਟ ਵਿੱਚ ਦੇਸ਼ ਵਿਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ ਦਾ ਸਹਿਯੋਗ ਲੈ ਕੇ ਨੌਜਵਾਨਾਂ ਨੂੰ ਵਧੀਆ ਰੁਜ਼ਗਾਰ ਤੇ ਚੰਗੀਆਂ ਤਨਖਾਹਾਂ ਦਵਾ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਵੇਗਾ।ਇਸ ਮੌਕੇ ਡਾਇਰੈਕਟਰ ਐੱਸਸੀਆਰਟੀ-ਕਮ-ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ ਅਭਿਸ਼ੇਕ ਗੁਪਤਾ, ਡਾਇਰੈਕਟਰ ਸਕੂਲ ਸਿੱਖਿਆ ਪਰਮਜੀਤ ਸਿੰਘ, ਸਹਾਇਕ ਡਾਇਰੈਕਟਰ ਵੋਕੇਸ਼ਨਲ ਸਿੱਖਿਆ ਰਾਜੇਸ਼ ਭਾਰਦਵਾਜ, ਗੁਰਦੀਪ ਸਿੰਘ ਮਾਂਗਟ ਉੱਪ ਜ਼ਿਲ੍ਹਾ ਸਿੱਖਿਆ ਅਫਸਰ, ਪ੍ਰਿੰਸੀਪਲ ਡਾਇਟ ਫਤਹਿਗੜ੍ਹ ਸਾਹਿਬ ਆਨੰਦ ਗੁਪਤਾ, ਜ਼ਿਲ੍ਹਾ ਮੰਡੀ ਬੋਰਡ ਦੇ ਚੇਅਰਮੈਨ ਗੁਰਿੰਦਰ ਸਿੰਘ ਢਿੱਲੋਂ, ਰਾਜੇਸ਼ ਕੁਮਾਰ ਸ਼ਰਮਾ ਜ਼ਿਲ੍ਹਾ ਪ੍ਰਧਾਨ ਸਾਬਕਾ ਕਰਮਚਾਰੀ ਵਿੰਗ ਸਮੇਤ ਵੱਡੀ ਗਿਣਤੀ ਵਿੱਚ ਸਕੂਲ ਪ੍ਰਿੰਸੀਪਲ ਤੇ ਅਧਿਆਪਕ ਹਾਜ਼ਰ ਸਨ।

# ਖੇਤੀਬਾੜੀ ਮੁਲਾਜ਼ਮਾਂ ਦਾ ਧਰਨਾ ਪੰਜਵੇਂ ਦਿਨ 'ਚ ਸ਼ਾਮਲ, ਭੇਜੇ ਨੋਟਿਸ ਵਾਪਸ ਲੈਣ ਦੀ ਮੰਗ



ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)

ਖੇਤੀਬਾੜੀ ਵਿਭਾਗ ਦੇ ਮੁਲਾਜਮਾਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਪੰਜਵੇਂ ਦਿਨ ਵਿੱਚ ਸ਼ਾਮਲ ਹੋ ਗਿਆ ਹੈ, ਪਰ ਸਰਕਾਰ ਜਾਂ ਵਿਭਾਗ ਦੇ ਕਿਸੇ ਉੱਚ ਅਧਿਕਾਰੀ ਵੱਲੋਂ ਗੱਲਬਾਤ ਲਈ ਸੱਦਾ ਨਹੀਂ ਮਿਲਿਆ, ਜਿਸ ਤੋਂ ਇਉਂ ਪ੍ਰਤੀਤ ਹੁੰਦਾ ਕਿ ਸਰਕਾਰ ਇਸ ਮਾਮਲੇ ਦੇ ਹੱਲ ਲਈ ਸੁਹਿਰਦ ਨਹੀਂ ਹੈ। ਵਰਨਣਯੋਗ ਹੈ ਕਿ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਕਰੀਬ 9 ਸੌ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਨੋਟਿਸ ਕੱਢੇ ਗਏ ਹਨ ਕਿ ਉਨ੍ਹਾਂ ਸਬਸਿਡੀ 'ਤੇ ਦਿੱਤੀ ਮਸ਼ੀਨਰੀ ਦੀ ਪੁਲਸੀਆ ਨਜ਼ਰ ਨਾਲ ਨਿਗਰਾਨੀ ਨਹੀਂ ਕੀਤੀ। ਇਹ ਨੋਟਿਸ ਰੱਦ ਕਰਵਾਉਣ ਲਈ ਹੀ ਮੁਲਾਜ਼ਮਾਂ ਵੱਲੋਂ ਪੰਜਾਬ ਭਰ 'ਚ ਧਰਨੇ ਦਿੱਤੇ ਜਾ ਰਹੇ ਹਨ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਮੁਲਾਜ਼ਮਾਂ ਨੇ ਸਬਸਿਡੀ 'ਤੇ ਦਿੱਤੀ ਜਾਣ ਵਾਲੀ ਮਸ਼ੀਨਰੀ ਦੀ ਸਹੀ ਵੈਰੀਫਿਕੇਸ਼ਨ ਕੀਤੀ ਸੀ। ਅਧਿਕਾਰੀਆਂ ਜਾਂ ਕਰਮਚਾਰੀਆਂ ਵੱਲੋਂ ਵਿਭਾਗ ਦੇ ਨਿਰਦੇਸ਼ਾਂ ਵਿੱਚ ਕੋਈ ਕੁਤਾਹੀ ਨਹੀਂ ਕੀਤੀ। ਕਰੀਬ ਚਾਰ ਸਾਲਾਂ ਬਾਅਦ ਦੁਬਾਰਾ ਵੈਰੀਫਿਕੇਸ਼ਨ ਕਰਨ 'ਤੇ ਮੁਲਾਜ਼ਮਾਂ ਨੇ ਸਿਰਫ਼ ਦਸ ਫੀਸਦੀ ਮਸ਼ੀਨਰੀ ਨਾ ਮਿਲਣ ਦੀ ਰਿਪੋਰਟ ਭੇਜੀ, ਪਰ ਵਿਭਾਗ ਦੇ ਉੱਚ ਅਧਿਕਾਰੀਆਂ ਨੇ ਆਪਣੇ ਮੁਲਾਜ਼ਮਾਂ ਨੂੰ ਹੀ ਦੋਸ਼ੀ ਮੰਨਦਿਆਂ ਨੋਟਿਸ ਜਾਰੀ ਕਰ ਦਿੱਤੇ ਹਨ। ਜਥੇਬੰਦੀ ਆਗੂਆਂ ਦਾ ਕਹਿਣਾ ਹੈ ਕਿ ਪ੍ਰਬੰਧਨ ਲਈ ਕੁੱਝ ਕਿਸਾਨਾਂ ਨੇ ਨਵੀਂ ਤਕਨੀਕ ਅਪਣਾਉਂਦਿਆਂ ਨਵੀਂ ਮਸ਼ੀਨਰੀ ਲੈਣ ਲਈ ਪੁਰਾਣੀ ਦੀ ਵਿਕਰੀ ਕੀਤੀ। ਹੁਣ ਨੋਟਿਸ ਕੱਢਣ ਨਾਲ ਕਿਸਾਨੀ ਨੂੰ ਉੱਚਾ ਚੁੱਕਣ ਲਈ ਕੰਮ ਕਰਨ ਵਾਲੇ ਅਧਿਕਾਰੀਆਂ ਮੁਲਾਜ਼ਮਾਂ ਦਾ ਮਨੋਬਲ ਡਿੱਗ ਰਿਹਾ ਹੈ, ਇਸ ਲਈ ਭੇਜੇ ਨੋਟਿਸ ਤੁਰੰਤ ਰੱਦ ਕੀਤੇ ਜਾਣ। ਬੁਲਾਰਿਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਸਬੰਧੀ ਗੱਲਬਾਤ ਲਈ ਕਿਸੇ ਉੱਚ ਅਧਿਕਾਰੀ ਜਾਂ ਸਰਕਾਰ ਵੱਲੋਂ ਕੋਈ ਸੱਦਾ ਨਹੀਂ ਮਿਲਿਆ, ਜਿਸ ਤੋਂ ਜਾਪਦਾ ਹੈ ਕਿ ਸਰਕਾਰ ਇਸ ਮੁੱਦੇ ਪ੍ਰਤੀ ਸੁਹਿਰਦ ਨਹੀਂ ਹੈ। ਸਰਕਾਰ ਨੂੰ ਨਾ ਕਿਸਾਨੀ ਦੀ ਕੋਈ ਚਿੰਤਾ ਹੈ ਤੇ ਨਾ ਹੀ ਮੁਲਾਜ਼ਮਾਂ ਦਾ ਦੁੱਖ ਦਰਦ ਸੁਣਨ ਲਈ ਸਮਾਂ ਹੈ।

ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਤੇਜ਼ ਕਰਨ ਲਈ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਬਲਜਿੰਦਰ ਸਿੰਘ, ਮਨਜਿੰਦਰ ਸਿੰਘ, ਵਿਕਰਮ ਸੰਘ, ਪਰਨੂਰ ਸਿੰਘ, ਹਰਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

# ਠੇਕਾ ਕੰਪਨੀਆਂ ਵੱਲੋਂ ਆਊਟ ਸੋਰਸ ਮੁਲਾਜ਼ਮਾਂ ਦਾ ਸ਼ੋਸ਼ਣ ਜਾਰੀ : ਰਾਣਵਾਂ

- ਮੁਲਾਜ਼ਮ-ਪੈਨਸ਼ਨਰ ਮੰਗਾਂ ਤੋਂ ਭਗਵੰਤ ਮਾਨ ਸਰਕਾਰ ਮੁੱਕਰੀ
- 23 ਨੂੰ ਧੂਰੀ 'ਚ ਕੀਤਾ ਜਾਵੇਗਾ ਰੋਸ ਮੁਜ਼ਾਹਰਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਇੱਥੇ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਤਹਿਸੀਲ ਮਾਲੇਰਕੋਟਲਾ ਦੀ ਮੀਟਿੰਗ ਨੇਤਰ ਸਿੰਘ ਮਾਨਵੀ ਤਹਿਸੀਲ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੂਬਾਈ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਚੋਣਾਂ ਦੌਰਾਨ ਕੀਤੇ ਵਾਹਦਿਆਂ ਤੋਂ ਪੂਰੀ ਤਰਾਂ ਮੁੱਕਰ ਗਈ ਹੈ, ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਸਬੰਧੀ ਮਿਤੀ 16-5-23 ਨੂੰ ਜਾਰੀ ਕੀਤਾ ਨੋਟੀਫਿਕੇਸ਼ਨ ਊਣਤਾਈਆਂ ਭਰਪੂਰ ਹੈ, ਆਊਟ ਸੋਰਸ ਅਧੀਨ ਡਿਊਟੀ ਕਰਦੇ ਕਰਮਚਾਰੀਆਂ ਦਾ ਠੇਕਾ ਕੰਪਨੀਆਂ ਵੱਲੋਂ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਆਰਥਿਕ ਸ਼ੋਸ਼ਣ ਜੰਗੀ ਪੱਧਰ 'ਤੇ ਜਾਰੀ ਹੈ, ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਸਫਾਈ ਸੇਵਕਾਂ ਨੂੰ ਕਿਰਤ ਕਾਨੂੰਨਾਂ ਮੁਤਾਬਕ ਬਣਦੀਆਂ ਉਜ਼ਰਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ, ਮਨ-ਮਰਜ਼ੀ ਨਾਲ 5-6 ਹਜ਼ਾਰ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ।ਈ.ਪੀ.ਐੱਫ. ਵੀ ਜਮ੍ਹਾਂ ਨਹੀਂ ਕਰਵਾਇਆ ਜਾ ਰਿਹਾ। ਇਸ ਸਬੰਧੀ ਜਥੇਬੰਦੀ ਵੱਲੋਂ ਐੱਸ ਐੱਮ ਓ ਮਾਲੇਰਕੋਟਲਾ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ।ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਲਾਗੂ ਕਰਨਾ, ਹਰ ਤਰਾਂ ਕੱਚੇ, ਠੇਕਾ ਤੇ ਆਊਟ ਸੋਰਸ ਮੁਲਾਜ਼ਮ ਪੱਕੇ ਕਰਨਾ, ਤਨਖਾਹ ਰਵੀਜ਼ਨ ਦਾ 66 ਮਹੀਨੇ ਦਾ ਬਕਾਇਆ ਤੇ ਡੀ ਏ ਦਾ ਬਕਾਇਆ ਦੇਣਾ, 4-4% ਡੀ ਏ ਦੀਆਂ 2 ਕਿਸ਼ਤਾਂ ਦੇਣਾ.4-9-14 ਸਾਲਾ ਏਸੀਪੀ ਲਾਗੂ ਕਰਨਾ,15-01-2015 ਤੇ 17-7-2020 ਦੇ ਪੱਤਰ ਰੱਦ ਕਰਨਾ ਆਦਿ ਮੰਗਾਂ ਦਾ ਨਿਪਟਾਰਾ ਪੰਜਾਬ ਸਰਕਾਰ ਵੱਲੋਂ ਨਹੀਂ ਕੀਤਾ ਜਾ ਰਿਹਾ, ਇਸੇ ਲਈ ਪੰਜਾਬ ਦੇ ਮੁਲਾਜਮ ਤੇ ਪੈਨਸ਼ਨਰ ਸਾਂਝੇ ਫਰੰਟ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਰੋਸ ਮੁਜਾਹਰੇ ਕੀਤੇ ਜਾ ਰਹੇ ਹਨ,23 ਫਰਵਰੀ ਨੂੰ ਮੁੱਖ ਮੰਤਰੀ ਦੇ ਹਲਕਾ ਧੂਰੀ ਵਿਖੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਸੂਬਾਈ ਮੁਲਾਜ਼ਮ ਆਗੂ ਰਾਣਵਾਂ ਨੇ ਕਿਹਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ 10 ਕੇਂਦਰੀ ਟ੍ਰੇਡ ਯੂਨੀਅਨਾਂ ਦੇ ਸੱਦੇ 'ਤੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਮਾਰੂ ਨੀਤੀਆਂ ਵਿਰੁੱਧ 16 ਫਰਵਰੀ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ 'ਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੌਕੇ ਹਾਕਮ ਸਿੰਘ ਬਾਠਾਂ (ਸਿਵਲ ਹਸਪਤਾਲ), ਬੇਅੰਤ ਸਿੰਘ ਮੋਰਾਂਵਾਲੀ (ਫੂਡ ਸਪਲਾਈ), ਓਮ ਪ੍ਰਕਾਸ (ਉਦਯੋਗ ਵਿਭਾਗ), ਗੁਰਨਾਮ ਸਿੰਘ (ਕਾਲਜ) ਪਿਰਤਪਾਲ ਆਈ ਟੀ ਆਈ, ਪਲਵਿੰਦਰ ਸਿੰਘ ਚੁਪਕਾ, ਬਲਜਿੰਦਰ ਕੌਰ ਸਮੇਤ ਆਗੂ ਹਾਜ਼ਰ ਸਨ।

## ਭੋਗ 'ਤੇ ਵਿਸ਼ੇਸ਼

# ਕਿਰਤੀ ਲੋਕਾਂ ਦੀ ਹਮਦਰਦ ਸੀ ਸਰਦਾਰਨੀ ਹਰਬੰਸ ਕੌਰ ਸੱਗੂ



ਹਮੇਸ਼ਾ ਹੀ ਕਿਰਤੀ ਤੇ ਗਰੀਬ ਅਤੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਯਤਨਸ਼ੀਲ ਰਹਿਣ ਵਾਲੀ ਸ਼ਖ਼ਸੀਅਤ ਸਰਦਾਰਨੀ ਹਰਬੰਸ ਕੌਰ ਸੱਗੂ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ।ਮਾਤਾ ਹਰਬੰਸ ਕੌਰ ਸੱਗੂ ਦਾ ਜਨਮ ਅੱਜ ਤੋਂ 101 ਸਾਲ ਪਹਿਲਾਂ ਮਾਤਾ ਪਨੇਸਰੀ ਕੌਰ ਦੀ ਕੁੱਖੋਂ ਪਿਤਾ ਬਰਿਆਮ ਸਿੰਘ ਪਨੇਸਰ ਦੇ ਘਰ ਪਿੰਡ ਭਾਈ ਕੀ ਪਸ਼ੌਰ ਵਿਖੇ ਹੋਇਆ।ਆਪ ਦੀ ਸ਼ਾਦੀ ਸੁਨਾਮ ਦੇ ਉੱਘੇ ਜਰਨਲਿਸਟ ਤੇ ਸੁਤੰਤਰਤਾ ਸੈਨਾਨੀ ਸਵ. ਸ੍. ਜੰਗੀਰ ਸਿੰਘ ਸੁਤੰਤਰ ਨਾਲ ਹੋਈ।ਜੰਗੀਰ ਸਿੰਘ ਸੁਤੰਤਰ ਦੇ ਨਾਲ ਮਾਤਾ ਹਰਬੰਸ ਕੌਰ ਸੱਗੂ ਦਾ ਪੂਰਾ ਜੀਵਨ ਹੀ ਸੰਘਰਸ਼ਮਈ ਰਿਹਾ।ਮਾਤਾ ਜੀ ਆਪਣੇ ਨਿੱਘੇ ਤੇ ਮਿੱਠੇ ਸੁਭਾਅ ਕਾਰਨ ਨਾ ਕੇਵਲ ਆਪਣੇ ਪਰਿਵਾਰ ਜਾਂ ਰਿਸ਼ਤੇਦਾਰਾਂ, ਬਲਕਿ ਸਮਾਜ ਵਿੱਚ ਵੀ ਸਰਾਹੇ ਜਾਂਦੇ ਸਨ।ਪ੍ਰਮਾਤਮਾ ਵਿੱਚ ਅਟੁੱਟ ਵਿਸ਼ਵਾਸ ਰੱਖਣ ਵਾਲੇ ਮਾਤਾ ਹਰਬੰਸ ਕੌਰ ਸੱਗੂ ਇਕ ਸਮਾਜ ਸੇਵੀ ਦੇ ਨਾਲ ਇਕ ਧਾਰਮਿਕ ਸ਼ਖਸੀਅਤ ਦੇ ਮਾਲਕ ਵੀ ਸਨ। ਮਾਤਾ ਜੀ ਨੇ ਆਪਣੀ ਲੰਮੀ ਉਮਰ ਵਿੱਚ ਹਮੇਸ਼ਾ ਹੀ ਸਰਬਤ ਦੇ ਭਲੇ ਦੀ ਹੀ ਕਾਮਨਾ ਕੀਤੀ ਤੇ ਹਰ ਕਿਸੇ ਦਾ ਭਲਾ ਹੀ ਕਰਨ ਦਾ ਯਤਨ ਕੀਤਾ।ਮਾਤਾ ਹਰਬੰਸ ਕੌਰ ਸੱਗੂ ਕੋਲ ਕਈ ਦੇਸੀ ਨੁਕਸੇ ਵੀ ਸਨ, ਜਿਸ ਨਾਲ ਉਨ੍ਹਾ ਨੇ ਹਮੇਸ਼ਾ ਫਰੀ ਵਿਚ ਲੋਕਾਂ ਦਾ ਇਲਾਜ ਕੀਤਾ।ਇਸ ਦੇ ਨਾਲ ਹੀ ਆਪ ਨੇ ਆਪਣੇ ਸਾਰੇ ਬੱਚਿਆਂ ਨੂੰ ਲਾਡ ਪਿਆਰ ਤੇ ਚਾਵਾਂ ਨਾਲ ਪਰਵਰਿਸ਼ ਕਰਨ ਦੇ ਨਾਲ ਨਾਲ ਜੀਵਨ ਵਿੱਚ ਬੁਲੰਦੀਆਂ ਛੂਹਣ ਦੇ ਸਮਰੱਥ ਵੀ ਬਣਾਇਆ। ਮਾਤਾ ਜੀ ਦੇ ਜਾਣ ਨਾਲ ਸੱਗੂ ਪਰਿਵਾਰ ਤੇ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਜਿਸ ਨੂੰ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।ਮਾਤਾ ਹਰਬੰਸ ਕੌਰ ਸੱਗੂ ਪ੍ਰਮਾਤਮਾ ਵੱਲੋਂ ਦਿੱਤੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਬੀਤੀ 22 ਜਨਵਰੀ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਅੱਜ 31 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਸ਼ਿਵ ਨਿਕੇਤਨ ਧਰਮਸ਼ਾਲਾ, ਸੁਨਾਮ ਵਿਖੇ ਹੋਵੇਗੀ।

**-ਸੱਗੂ ਸੁਨਾਮ**

## ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਨੇ ਗਣਤੰਤਰ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਮਸ਼ੀਨਰੀ ਡੀਲਰਜ਼ ਐਸੋਸੀਏਸ਼ਨ ਜਗਰਾਉਂ ਵੱਲੋਂ ਪ੍ਰਧਾਨ ਸੁਮੀਤ ਜੈਨ, ਸੈਕਟਰੀ ਦਮਨਦੀਪ ਸਿੰਘ ਦੀ ਅਗਵਾਈ ਵਿੱਚ 75ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਜਗਰਾਉਂ ਦੇ ਸਨਮਤੀ ਵਿਮਲ ਜੈਨ ਸਕੂਲ ਵਿਖੇ ਕੌਮੀ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਦਿਆਂ ਸਮੂਹ ਦੇਸ਼ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਆਜ਼ਾਦ ਦੇਸ਼ ਦੇ ਨਾਗਰਿਕ ਹਾਂ। ਸੈਕਟਰੀ ਦਮਨਦੀਪ ਸਿੰਘ ਨੇ ਦੁਕਾਨਦਾਰਾਂ ਨੂੰ ਅਜਿਹੇ ਸਮੇਂ ਏਕਤਾ ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਚੇਅਰਮੈਨ ਜੀਵਨ ਗੁਪਤਾ ਨੇ ਆਏ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੈਸ਼ੀਅਰ ਸੋਨੀ ਓਬਰਾਏ, ਅਰੁਣ ਗੁਪਤਾ, ਸਰਵਣ ਸਿੰਘ ਪੀਕੇ, ਅਸ਼ੋਕ ਗੋਇਲ, ਵਰਿੰਦਰ ਜੱਗੀ, ਵਿਨੈ ਸੋਨੀ, ਗੁਲਸ਼ਨ ਕੁਮਾਰ, ਪਵਨ ਕੁਮਾਰ, ਪ੍ਰਸ਼ੋਤਮ ਅੱਗਰਵਾਲ ਆਦਿ ਹਾਜ਼ਰ ਸਨ।

## ਨਗਰ ਕੌਂਸਲ ਵੱਲੋਂ ਦੁਕਾਨਦਾਰਾਂ ਦਾ ਸੜਕਾਂ 'ਤੇ ਰੱਖਿਆ ਨਜਾਇਜ਼ ਸਾਮਾਨ ਜ਼ਬਤ



**ਜਗਰਾਉਂ (ਅਮਿਤ ਖੰਨਾ)**-ਮਾਣਯੋਗ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨਗਰ ਕੌਂਸਲ ਜਗਰਾਉਂ ਤੇ ਕਾਰਜ ਸਾਧਕ ਅਫਸਰ ਸ੍ਰੀ ਸੁਖਦੇਵ ਸਿੰਘ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੈਨਟਰੀ ਇੰਸਪੈਕਟਰ ਸਿਆਮ ਕੁਮਾਰ ਤੇ ਹਰੀਸ਼ ਕੁਮਾਰ ਕਲਰਕ ਵੱਲੋਂ ਦਿਸ਼ਾ-ਨਿਰਦੇਸ਼ਾਂ/ਹਦਾਇਤਾਂ ਅਨੁਸਾਰ ਨਗਰ ਕੌਂਸਲ ਜਗਰਾਉਂ ਦੀ ਟੀਮ ਵੱਲੋਂ ਸ਼ਹਿਰ ਜਗਰਾਉਂ ਕਮਲ ਚੌਕ ਤੇ ਸਬਜ਼ੀ ਮੰਡੀ ਬਜ਼ਾਰ ਵਿੱਚੋਂ ਸੜਕਾਂ 'ਤੇ ਰੱਖਿਆ ਨਜਾਇਜ਼ ਸਾਮਾਨ ਚੁੱਕਿਆ ਗਿਆ। ਕਾਰਜਕਾਰੀ ਪ੍ਰਧਾਨ ਵੱਲੋਂ ਕਈ ਵਾਰ ਬੇਨਤੀਆਂ ਵੀ ਕੀਤੀਆਂ ਗਈਆਂ ਸਨ, ਪ੍ਰੰਤੂ ਦੁਕਨਦਾਰ ਟ੍ਰੈਫਿਕ ਦੀ ਸਮੱਸਿਆ ਨੂੰ ਸਮਝ ਨਹੀਂ ਰਹੇ। ਨਗਰ ਕੌਂਸਲ ਜਗਰਾਓਂ ਦੀ ਟੀਮ ਵੱਲੋਂ ਦੁਕਾਨਦਾਰਾਂ ਵੱਲੋਂ ਸੜਕਾਂ 'ਤੇ ਰੱਖਿਆ ਨਜਾਇਜ਼ ਸਾਮਾਨ ਜਬਤ ਕੀਤਾ ਗਿਆ। ਇਹ ਮੁਹਿੰਮ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗੀ। ਇਸ ਟੀਮ ਵਿੱਚ ਰਜਿੰਦਰ ਕੁਮਾਰ, ਅਨਿਲ ਕੁਮਾਰ, ਸਨਦੀਪ ਕੁਮਾਰ, ਸੁਖਵਿੰਦਰ ਸਿੰਘ, ਸੁਨੀਲ ਕੁਮਾਰ ਸਫਾਈ ਸੇਵਕ ਸਟਾਫ ਨਾਲ ਹਾਜ਼ਰ ਸਨ।

## ਕਾਤਰਾਂ

### ਸੜਕ ਹਾਦਸੇ 'ਚ ਨੌਜਵਾਨ ਦੀ ਮੌਤ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਛਾਜਲੀ ਵਿਖੇ ਇੱਕ ਨੌਜਵਾਨ ਦੀ ਐਕਸੀਡੈਂਟ ਵਿੱਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਿਕਰਮਜੀਤ ਸਿੰਘ ਪੁੱਤਰ ਕਰਮਜੀਤ ਸਿੰਘ (26 ਸਾਲ) ਵਾਸੀ ਪੂੰਨੀਆ ਪੱਤੀ ਛਾਜਲੀ ਦੇ ਰਹਿਣ ਵਾਲਾ ਸੀ।ਸੁਨਾਮ ਤੋਂ ਆਪਣੇ ਪਿੰਡ ਛਾਜਲੀ ਨੂੰ ਕੰਮ ਤੋਂ ਵਾਪਸ ਆਪਣੇ ਮੋਟਰਸਾਈਕਲ 'ਤੇ ਆ ਰਿਹਾ ਸੀ, ਜਦੋਂ ਉਹ ਗੱਤਾ ਫ਼ੈਕਟਰੀ ਨੇੜੇ ਪੁੱਜਾ ਤਾਂ ਅਚਾਨਕ ਲਾਈਟਾਂ ਪੈਣ ਕਰਕੇ ਐਕਸੀਡੈਂਟ ਹੋ ਗਿਆ, ਜਿਸ ਨੂੰ ਤੁਰੰਤ ਸਿਵਲ ਸੁਨਾਮ ਦਾਖਲ ਕਰਾਇਆ ਗਿਆ।ਡਾਕਟਰਾਂ ਨੇ ਮੁਢਲੀ ਸਹਾਇਤਾ ਦੇ ਕੇ ਸਿਵਲ ਹਸਪਤਾਲ ਸੰਗਰੂਰ ਨੂੰ ਰੈਫਰ ਕਰ ਦਿੱਤਾ, ਜੋ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਰਸਤੇ ਵਿੱਚ ਦਮ ਤੋੜ ਗਿਆ।ਥਾਣਾ ਛਾਜਲੀ ਨੇ ਲਾਸ਼ ਦਾ ਪੋਸਟ ਮਾਰਟਮ ਕਰਾ ਕੇ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ, ਜਿਸ ਦਾ ਛਾਜਲੀ ਦੇ ਸ਼ਮਸ਼ਾਨ ਘਾਟ ਵਿਖੇ ਸਸਕਾਰ ਕਰ ਦਿੱਤਾ ਗਿਆ।

### ਐੱਸ ਐੱਮ ਓ ਡਾ. ਤਰਕਜੋਤ ਸਿੰਘ ਸਨਮਾਨਤ



**ਸਮਰਾਲਾ (ਸੁਰਜੀਤ ਸਿੰਘ)**-ਗਣਤੰਤਰ ਦਿਵਸ ਮੌਕੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਸਿੰਘ ਮਾਨ ਵੱਲੋਂ ਪੂਰੇ ਸੂਬੇ ਵਿੱਚੋਂ ਵਧੀਆ ਸਿਹਤ ਸਹੂਲਤਾਂ ਤੇ ਵਧੀਆ ਕਾਰਗੁਜ਼ਾਰੀ ਲਈ ਸਿਵਲ ਹਸਪਤਾਲ ਸਮਰਾਲਾ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਨੂੰ ਸਟੇਟ ਪੱਧਰ 'ਤੇ ਸਨਮਾਨਤ ਕੀਤਾ ਗਿਆ।ਸੀਨੀਅਰ ਮੈਡੀਕਲ ਅਫਸਰ ਸਮਰਾਲਾ ਡਾਕਟਰ ਤਾਰਕਜੋਤ ਸਿੰਘ ਨੂੰ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਮਰੀਜ਼ਾਂ ਨੂੰ ਵਧੀਆ ਸਿਹਤ ਸਹੂਲਤਾਂ ਤੇ ਉਨ੍ਹਾਂ ਦੀ ਕਾਰਗੁਜ਼ਾਰੀ ਵਿੱਚ ਸਬ ਡਵੀਜ਼ਨ ਹਸਪਤਾਲ ਸਮਰਾਲਾ ਦਾ ਸੂਬੇ ਭਰ ਵਿੱਚੋਂ ਕਾਇਆ ਕਲਪ ਰਾਊਂਡ ਵਿੱਚ ਪਹਿਲਾ ਸਥਾਨ ਆਉਣ ਕਰਕੇ ਇਹ ਸਨਮਾਨ ਦਿੱਤਾ ਗਿਆ ਹੈ।ਇਸ ਮੌਕੇ ਸਿਵਲ ਸਰਜਨ ਲੁਧਿਆਣਾ ਡਾਕਟਰ ਜਸਬੀਰ ਸਿੰਘ ਔਲਖ ਨੇ ਉਨ੍ਹਾਂ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸੀਨੀਅਰ ਮੈਡੀਕਲ ਅਫਸਰ ਸਮਰਾਲਾ ਡਾਕਟਰ ਤਾਰਕਜੋਤ ਸਿੰਘ ਮਿਹਨਤੀ ਡਾਕਟਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਸੁਭਾਅ ਵਾਲੇ ਵਿਅਕਤੀ ਹਨ।ਉਨ੍ਹਾਂ ਦੀ ਕਾਰਗੁਜ਼ਾਰੀ ਵਿੱਚ ਹੀ ਸਿਵਲ ਹਸਪਤਾਲ ਸਮਰਾਲਾ ਨੇ ਸੂਬੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਤੇ ਉਹ ਆਸ਼ਾ ਕਰਦੇ ਹਨ ਕਿ ਡਾਕਟਰ ਤਾਰਕਜੋਤ ਸਿੰਘ ਇਸੇ ਤਰ੍ਹਾਂ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਰਹਿਣਗੇ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਸਮਰਾਲਾ ਹੋਰ ਨਵੀਆਂ ਬੁਲੰਦੀਆਂ ਤੱਕ ਪਹੁੰਚੇਗਾ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਚਨਬੱਧ ਹਨ ਤੇ ਉਹ ਆਪਣਾ ਫਰਜ਼ ਇਸੇ ਤਰ੍ਹਾਂ ਨਿਭਾਉਂਦੇ ਰਹਿਣਗੇ। ਇਸ ਮੌਕੇ ਸਿਵਲ ਹਸਪਤਾਲ ਸਮਰਾਲਾ ਦੇ ਸਟਾਫ ਤੇ ਸ਼ਹਿਰ ਦੇ ਪਤਵੰਤੇ ਸੱਜਣਾਂ ਵੱਲੋਂ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਨੂੰ ਇਸ ਸਨਮਾਨ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

### ਮੱਛੀ ਪਾਲਣ ਵਿਭਾਗ ਵੱਲੋਂ ਰਾਜ ਪੱਧਰੀ ਆਊਟਰੀਚ ਪ੍ਰੋਗਰਾਮ 2 ਨੂੰ

**ਮੁਕਤਸਰ/ਮਲੋਟ (ਸ਼ਮਿੰਦਰਪਾਲ, ਚਾਵਲਾ/ਗੁਰਮੀਤ ਸਿੰਘ ਮੱਕੜ)**-ਸ੍ਰੀ ਕੇਵਲ ਕ੍ਰਿਸ਼ਨ ਸਹਾਇਕ ਡਾਇਰੈਕਟਰ ਮੱਛੀ ਪਾਲਣ/ਡੈਮੋਸਟ੍ਰੇਸ਼ਨ ਫਾਰਮ-ਕਮ-ਟ੍ਰੇਨਿੰਗ ਸੈਂਟਰ ਪਿੰਡ ਈਨਾ ਖੇੜਾ, ਬਲਾਕ ਮਲੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ ਮਤੱਸਯ ਸੰਪਦਾ ਜਾਗਰੂਕਤਾ ਅਭਿਆਨ ਤਹਿਤ ਇੱਕ ਰੋਜ਼ਾ ਰਾਜ ਪੱਧਰੀ ਆਊਟਰੀਚ ਪ੍ਰੋਗਰਾਮ 2 ਫਰਵਰੀ ਨੂੰ ਸਵੇਰੇ 10.00 ਵਜੇ ਪਿੰਡ ਈਨਾ ਖੇੜਾ ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸ੍. ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ, ਫੂਡ ਪ੍ਰੋਸੈਸਿੰਗ ਮੰਤਰੀ ਪੰਜਾਬ ਕਰਨਗੇ, ਜਦਕਿ ਡਾ. ਬਲਜੀਤ ਕੌਰ ਸਮਾਜਿਕ ਸਿੱਖਿਆ, ਇਸਤਰੀ ਤੇ ਬਾਲ ਵਿਕਾਸ, ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਪੰਜਾਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। ਉਨ੍ਹਾ ਮੱਛੀ ਪਾਲਣ ਦਾ ਕਿੱਤਾ ਕਰਨ ਵਾਲਿਆਂ ਤੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਵੱਧ ਤੋਂ ਵੱਧ ਲਾਭ ਉਠਾਉਣ।

## ਟ੍ਰਾਂਸਫਾਰਮਰਾਂ 'ਚੋਂ ਤੇਲ ਚੋਰੀ ਕਰਨ ਵਾਲੇ ਗਰੋਹ ਦਾ ਮੈਂਬਰ ਕਾਬੂ

*40 ਲੀਟਰ ਤੇਲ ਵੀ ਬਰਾਮਦ, 3 ਵਿਅਕਤੀ ਨਾਮਜ਼ਦ*

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਬਿਜਲੀ ਦੇ ਟ੍ਰਾਂਸਫਾਰਮਰਾਂ ਵਿੱਚੋਂ ਤੇਲ ਚੋਰੀ ਕਰਨ ਵਾਲੇ ਚੋਰ ਗਰੋਹ ਦੇ ਇੱਕ ਵਿਅਕਤੀ ਨੂੰ 40 ਲੀਟਰ ਟ੍ਰਾਂਸਫਾਰਮਰ ਦੇ ਤੇਲ ਸਮੇਤ ਕਾਬੂ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮਹਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬੱਸ ਅੱਡਾ ਬੁਰਹਾਨਦੀਨ ਵਾਲਾ ਦੇ ਕੋਲ ਪੁੱਜੀ ਤਾਂ ਮੁਖਬਰ ਖਾਸ ਨੇ ਆ ਕੇ ਪੁਲਸ ਪਾਰਟੀ ਦੀ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਉਰਫ ਪਾਛਾ ਵਗੈਰਾ ਜੋਕਿ ਖੇਤਾਂ ਵਿਚ ਲੱਗੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਦੇ ਟ੍ਰਾਂਸਫਾਰਮਰਾਂ ਵਿਚੋਂ ਰਾਤ ਨੂੰ ਤੇਲ ਚੋਰੀ ਕਰਨ ਤੇ ਉਨ੍ਹਾਂ ਵਿੱਚੋਂ ਸਾਮਾਨ ਕੱਢ ਕੇ ਅੱਗੇ ਵੇਚਣ ਦੇ ਆਦੀ ਹਨ, ਜਿਸ 'ਤੇ ਪੁਲਸ ਪਾਰਟੀ ਨੇ ਬੱਸ ਅੱਡਾ ਬੁਰਹਾਨਦੀਨ ਵਾਲਾ ਕੋਲ ਨਾਕਾਬੰਦੀ ਕਰਕੇ 40 ਲੀਟਰ ਟ੍ਰਾਂਸਫਾਰਮਰ ਤੇਲ ਸਮੇਤ ਇਕ ਪਲਾਸਟਿਕ ਕੈਨੀ ਕੀਪ ਟਾਈਪ ਤੇ ਕਰੀਬ 7 ਫੁੱਟ ਲੰਬੀ ਪਾਇਪ ਸਮੇਤ ਗੁਰਮੀਤ ਸਿੰਘ ਉਰਫ ਪਾਛਾ ਪੁੱਤਰ ਬਚਨ ਸਿੰਘ ਵਾਸੀ ਸਰੂਪੇਵਾਲਾ (ਥਾਣਾ ਗੁਰੂ ਹਰਸਹਾਏ) ਨੂੰ ਕਾਬੂ ਕੀਤਾ ਗਿਆ, ਜਦਕਿ 2 ਸਾਥੀ ਮੌਕੇ ਤੋਂ ਫਰਾਰ ਹੋ ਗਏ। ਪੁਲਸ ਨੇ ਗੁਰਮੀਤ ਸਿੰਘ ਉਰਫ ਪਾਛਾ ਸਿੰਘ, ਗੁਰਜੋਤ ਸਿੰਘ ਪੁੱਤਰ ਰਣਜੋਧ ਸਿੰਘ ਵਾਸੀ ਅਦਰਸ਼ ਨਗਰ ਬੀ ਪਟਿਆਲਾ ਹਾਲ ਅਬਾਦ ਚੱਕ ਕੰਧੇ ਸ਼ਾਹ ਤੇ ਬੀਰਾ ਵਾਸੀ ਚੱਕ ਕੰਧੇ ਸ਼ਾਹ (ਥਾਣਾ ਲੱਖੋਕੇ ਬਹਿਰਾਮ) ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਸਾਊਥ ਦੀ ਐਗਜ਼ੈਕਟਿਵ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਬ੍ਰਾਂਚ ਦੀ ਅਗਵਾਈ ਹੇਠ ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਸਾਊਥ ਦੀ ਐਗਜ਼ੈਕਟਿਵ ਦੀ ਇੱਕ ਅਹਿਮ ਮੀਟਿੰਗ ਜਲਾਲਾਬਾਦ ਵਿੱਚ ਕੀਤੀ ਗਈ, ਜਿਸ ਦੀ ਬ੍ਰਾਂਚ ਸਕੱਤਰ ਰੋਸ਼ਨ ਲਾਲ ਅਸੀਜਾ ਨੇ ਸਟੇਜ ਸੰਚਾਲਨ ਦੀ ਕਾਰਵਾਈ ਦੀ ਸ਼ੁਰੂਆਤ ਕੀਤੀ, ਜਦਕਿ ਪ੍ਰਧਾਨਗੀ ਮੰਡਲ 'ਚ ਸ਼੍ਰੀਨਿਵਾਸ ਬਿਹਾਨੀ ਸਰਪ੍ਰਸਤ ਨਾਰਥ-1, ਪੰਜਾਬ ਸਾਊਥ ਪ੍ਰਧਾਨ ਵਿਕਟਰ ਛਾਬੜਾ, ਪੰਜਾਬ ਜਨਰਲ ਸਕੱਤਰ ਮਨੋਜ ਮੋਂਗਾ, ਡਾ. ਰਜੇਸ਼ ਪੁਰੀ, ਸੁਨੀਲ ਜੈਨ, ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਬ੍ਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਸ਼ਾਮਲ ਹੋਏ। ਸਭ ਤੋਂ ਪਹਿਲਾਂ ਜੋਤੀ ਪ੍ਰਜਵਲਿਤ ਕਰਨ ਉਪਰੰਤ ਵੰਦੇ ਮਾਤਰਮ ਗੀਤ ਗਾਇਆ ਗਿਆ। ਬ੍ਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਨੇ ਆਏ ਹੋਏ ਮੁੱਖ ਮਹਿਮਾਨਾਂ ਤੇ ਹਾਜ਼ਰ ਆਏ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਆਖਿਆ। ਪੰਜਾਬ ਜਨਰਲ ਸਕੱਤਰ ਮਨੋਜ ਮੋਂਗਾ ਨੇ ਪੰਜਾਬ ਸਾਊਥ ਦੇ ਸਮੁੱਚੇ ਕੀਤੇ ਗਏ ਕਾਰਜਾਂ ਸਬੰਧੀ ਵਿਸਥਾਰ ਨਾਲ ਦੱਸਿਆ। ਇਸ ਮੌਕੇ ਪੰਜਾਬ ਸਾਊਥ ਪ੍ਰਧਾਨ ਵਿਕਟਰ ਛਾਬੜਾ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ। ਇਸ ਸਮੇਂ ਨਾਰਥ-1 ਸਰਪ੍ਰਸਤ ਸ਼੍ਰੀ ਨਿਵਾਸ ਬਿਹਾਨੀ, ਡਾ. ਰਾਜੇਸ਼ ਪੁਰੀ ਤੇ ਸੁਨੀਲ ਜੈਨ ਨੇ ਕੀਤੇ ਕਾਰਜਾਂ ਬਾਰੇ ਵਿਸਥਾਰ ਪੂਰਵਕ ਦੱਸਿਆ। ਇਸ ਦੇ ਬਾਅਦ ਕੀਤੇ ਗਏ ਕਾਰਜਾਂ ਉੱਪਰ ਹਾਜ਼ਰ ਆਏ ਮੈਂਬਰਾਂ ਵੱਲੋਂ ਉਸਾਰੂ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਆਖੀਰ ਵਿੱਚ ਸ਼ਾਮਲ ਹੋਏ ਮੁੱਖ ਮਹਿਮਾਨਾਂ ਤੇ ਮੈਂਬਰ ਸਾਹਿਬਾਨ ਦਾ ਸੀਨੀਅਰ ਮੀਤ ਪ੍ਰਧਾਨ ਪੰਜਾਬ ਸਾਊਥ ਸੁਰੇਸ਼ ਸ਼ਰਮਾ ਨੇ ਧੰਨਵਾਦ ਪ੍ਰਗਟ ਕੀਤਾ। ਇਸ ਮੀਟਿੰਗ ਦੀ ਪੂਰੀ ਦੇਖ-ਰੇਖ ਬ੍ਰਾਂਚ ਖਜ਼ਾਨਚੀ ਰਮੇਸ਼ ਸਿਡਾਨਾ ਨੇ ਕੀਤੀ। ਇਸ ਮੌਕੇ ਹਾਜ਼ਰ ਆਏ ਕੁਝ ਮੈਂਬਰਜ਼ ਵੱਲੋਂ ਦੇਸ਼ ਭਗਤੀ ਦੇ ਗੀਤ ਗਾ ਕੇ ਮਾਹੌਲ ਨੂੰ ਪੂਰਾ ਸੰਗੀਤਮਈ ਬਣਾ ਦਿੱਤਾ। ਮੀਟਿੰਗ ਵਿੱਚ ਰਮੇਸ਼ ਚੁਚਰਾ, ਸੁਮਨ ਕਾਂਤ ਵਿੱਜ, ਰਜਿੰਦਰ ਪੁਪਨੇਜਾ, ਮਹਿੰਦਰ ਪਾਲ ਬਜਾਜ, ਮਨੋਹਰ ਲਾਲ ਸਾਬੂਆਨਾ, ਪੰਜਾਬ ਐਗਜ਼ੈਕਟਿਵ ਮੈਂਬਰ ਰਾਜੇਸ਼ ਪਰੂਥੀ, ਨਰੇਸ਼ ਕੁੱਕੜ, ਵਿਜੇ ਖੰਨਾ, ਮਦਨ ਲਾਲ ਦੂਮੜਾ, ਇੰਜ. ਫੁੰਮਣ ਸਿੰਘ, ਗੁਰਮੀਤ ਮਦਾਨ, ਵਿਕਾਸ ਸਹਿਗਲ, ਸੁਖਵਿੰਦਰ ਕੰਬੋਜ, ਲਲਿਤ ਗਾਂਧੀ, ਦੀਪਕ ਛਾਬੜਾ, ਐਡਵੋਕੇਟ ਸੰਦੀਪ ਝਾਂਬ, ਪ੍ਰਕਾਸ਼ ਦੋਸ਼ੀ, ਸੁਸ਼ੀਲ ਛਾਬੜਾ, ਅਨੂਪ ਮੈਣੀ, ਪਰੇਮ ਛਾਬੜਾ, ਸੁਰੇਸ਼ ਗਾਬਾ, ਅਰਚਨਾ ਗਾਬਾ, ਰਾਜਨ ਦੂਮੜਾ ਤੇ ਅਕਾਸ਼ ਖੰਨਾ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ 'ਚ 47ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਲਗਾਇਆ ਗਿਆ। ਲਾਲਾ ਲਾਜਪਤ ਰਾਏ ਡੀ. ਏ. ਵੀ. ਕਾਲਜ ਵਿਖੇ ਅਮਰਜੀਤ ਅਗਰਵਾਲ ਤੇ ਉਮੇਸ਼ ਅਗਰਵਾਲ ਯੂਐੱਸਏ ਵਾਲਿਆਂ ਦੇ ਭਰਪੂਰ ਸਹਿਯੋਗ ਨਾਲ ਲਗਾਏ ਇਸ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਦੇ ਡਾਕਟਰ ਰਮਿੰਦਰ ਕੌਰ ਦੀ ਟੀਮ ਨੇ 130 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਜਿੱਥੇ ਲੋੜਵੰਦਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ, ਉੱਥੇ 32 ਮਰੀਜ਼ਾਂ ਦੀ ਚੋਣ ਕੀਤੀ, ਜਿਨ੍ਹਾਂ ਦੇ ਅੱਖਾਂ ਦੇ ਅਪ੍ਰੇਸ਼ਨ ਹਸਪਤਾਲ ਵਿਖੇ ਕਰਵਾਏ ਜਾਣਗੇ। ਇਸ ਕੈਂਪ ਦਾ ਉਦਘਾਟਨ ਕ੍ਰਿਸ਼ਨ ਲਾਲ ਅਗਰਵਾਲ ਤੇ ਕਸਤੂਰੀ ਲਾਲ ਅਗਰਵਾਲ ਨੇ ਕਰਦਿਆਂ ਸੁਸਾਇਟੀ ਨੂੰ ਭਰੋਸਾ ਦਿੱਤਾ ਕਿ ਉਹ ਹਰ ਸਮੇਂ ਸੁਸਾਇਟੀ ਦੇ ਸੇਵੀ ਕੰਮਾਂ ਲਈ ਮਦਦ ਕਰਨ ਵਿੱਚ ਤਿਆਰ ਹਨ। ਇਸ ਮੌਕੇ ਅਗਰਵਾਲ ਪਰਿਵਾਰ ਦੀ ਦਰਸ਼ਨਾ ਰਾਣੀ, ਕ੍ਰਿਸ਼ਨਾ ਰਾਣੀ ਤੇ ਆਸ਼ਾ ਰਾਣੀ ਸਮੇਤ ਸੁਸਾਇਟੀ ਦੇ ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਰਜਿੰਦਰ ਜੈਨ ਕਾਕਾ, ਪ੍ਰੇਮ ਬਾਂਸਲ, ਰਜੀਵ ਮਿੱਤਲ, ਜਸਵੰਤ ਸਿੰਘ, ਗੋਪਾਲ ਗੁਪਤਾ, ਵਿਨੋਦ ਬਾਂਸਲ, ਆਰ. ਕੇ. ਗੋਇਲ, ਅਨਿਲ ਮਲਹੋਤਰਾ, ਮਦਨ ਲਾਲ ਅਰੋੜਾ, ਲਾਕੇਸ਼ ਟੰਡਨ ਤੇ ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ ਆਦਿ ਮੈਂਬਰ ਹਾਜ਼ਰ ਸਨ।

# ਨਗਰ ਕੌਂਸਲ ਹਾਊਸ ਦੀ ਮੀਟਿੰਗ ਸ਼ੁਰੂ ਹੋਣ ਸਾਰ ਹੀ ਰੌਲੇ-ਰੱਪੇ ਦੀ ਭੇਟ ਚੜ੍ਹੀ

- ਪ੍ਰਧਾਨ ਮਾਲਵਾ ਤੇ ਸਾਥੀ ਕੌਂਸਲਰਾਂ ਨੇ ਸਰਬਸੰਮਤੀ ਨਾਲ ਮਤੇ ਕੀਤੇ ਪਾਸ



**ਜਗਰਾਉਂ (ਸੰਜੀਵ ਅਰੋੜਾ)**-ਨਗਰ ਕੌਂਸਲ ਹਾਊਸ ਦੀ ਮੀਟਿੰਗ ਸ਼ੁਰੂ ਹੋਣ ਸਾਰ ਹੀ ਰੌਲੇ ਰੱਪੇ ਦੀ ਭੇਂਟ ਚੜ੍ਹ ਗਈ। ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਦੀ ਅਗਵਾਈ 'ਚ ਸ਼ੁਰੂ ਹੋਈ ਮੀਟਿੰਗ 'ਚ ਸਭ ਤੋਂ ਪਹਿਲਾਂ ਸਾਬਕਾ ਕੌਂਸਲਰ ਪੁਸ਼ਪਾ ਝਾਂਸੀ ਦੀ ਮੌਤ 'ਤੇ ਦੋ ਮਿੰਟ ਦਾ ਮੋਨ ਧਾਰਿਆ ਗਿਆ, ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ। ਕਾਰਵਾਈ ਅਜੇ ਸ਼ੁਰੂ ਹੋਣੀ ਸੀ ਅਤੇ ਏਜੰਡੇ 'ਤੇ ਆਉਣਾ ਸੀ ਤਾਂ ਇਕਦਮ ਕੌਂਸਲਰ ਰਵਿੰਦਰਪਾਲ ਰਾਜੂ ਕਾਮਰੇਡ ਨੇ ਪੰਜ ਨੰਬਰ ਚੂੰਗੀ 'ਤੇ ਸ਼ਹੀਦ ਭਗਤ ਸਿੰਘ ਦੀ ਯਾਦ 'ਚ ਬਣੇ ਕਮਿਊਨਿਟੀ ਹਾਲ ਦੀ ਕੰਧ ਢਾਹੁਣ 'ਤੇ ਸ਼ਹੀਦਾਂ ਦਾ ਅਪਮਾਨ ਕਰਾਰ ਦਿੱਤਾ, ਇਸ ਦੇ ਜਵਾਬ 'ਚ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਨੇ ਦੱਸਿਆ ਕਿ ਕੰਧ ਢਾਹੁਣ ਦੀ ਸਾਡੇ ਕੋਲ ਮਨਜ਼ੂਰੀ ਸੀ ਤੇ ਹੁਣ ਇਸ ਕੰਧ ਨੂੰ ਵਧੀਆ ਢੰਗ ਨਾਲ ਬਣਾ ਦਿੱਤਾ ਜਾਵੇਗਾ। ਮੀਟਿੰਗ 'ਚ ਕਾਰਜਕਾਰੀ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਤੇ ਉਨ੍ਹਾਂ ਦੇ ਸਾਥੀ ਕੌਂਸਲਰਾਂ ਨੇ ਸੂਝਬੂਝ ਨਾਲ ਫੈਸਲਾ ਲੈਂਦੇ ਹੋਏ ਦੱਸਿਆ ਕਿ ਜੋ ਸ਼ਹੀਦ ਭਗਤ ਸਿੰਘ ਕਮਿਊਨਿਟੀ ਹਾਲ ਦੀ ਦੀਵਾਰ ਨੂੰ ਪਿੱਛੇ ਕਰਨ ਦਾ ਫੈਸਲਾ ਲਿਆ ਗਿਆ ਹੈ, ਉਹ ਬਿਲਕੁਲ ਕਾਨੂੰਨੀ ਪ੍ਰਕਿਰਿਆ ਨਾਲ ਹੀ ਕੀਤਾ ਜਾ ਰਿਹਾ ਹੈ। ਮੀਟਿੰਗ ਦੌਰਾਨ ਪ੍ਰਧਾਨ ਅਮਰਜੀਤ ਸਿੰਘ ਮਾਲਵਾ ਵੱਲੋਂ 6 ਏਜੰਡੇ ਰੱਖੇ ਗਏ। ਇਸ ਦੌਰਾਨ ਕੁਝ ਕੌਂਸਲਰਾਂ ਵੱਲੋਂ ਆਪਣੇ ਵਾਰਡਾਂ ਦੀਆਂ ਸਮੱਸਿਆਵਾਂ ਬਾਰੇ ਕਾਰਜਕਾਰੀ ਪ੍ਰਧਾਨ ਅਮਰਜੀਤ ਮਾਲਵਾ ਨੂੰ ਦੱਸਿਆ ਤਾਂ ਪ੍ਰਧਾਨ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਇਸ ਮੌਕੇ ਕਾਰਜ ਸਾਧਕ ਅਫ਼ਸਰ ਸੁਖਦੇਵ ਸਿੰਘ ਰੰਧਾਵਾ, ਕੌਂਸਲਰ ਸਤੀਸ਼ ਕੁਮਾਰ ਦੌਧਰੀਆ, ਕੌਂਸਲਰ ਜਗਜੀਤ ਸਿੰਘ ਜੱਗੀ, ਕੌਂਸਲਰ ਅਨਮੋਲ ਗੁਪਤਾ, ਕੌਂਸਲਰ ਕੰਵਰਪਾਲ ਸਿੰਘ, ਕੌਂਸਲਰ ਰਾਜਿੰਦਰ ਕੌਰ ਠੁਕਰਾਲ, ਕੌਂਸਲਰ ਅਨੀਤਾ ਸੱਭਰਵਾਲ, ਕੌਂਸਲਰ ਸੁਧਾ ਭਾਰਦਵਾਜ, ਕੌਂਸਲਰ ਜਤਿੰਦਰਪਾਲ ਰਾਣਾ, ਕੌਂਸਲਰ ਮੇਸ਼ੀ ਸਹੋਤਾ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਅਮਨ ਕਪੂਰ ਬੌਬੀ, ਕੌਂਸਲਰ ਰਮੇਸ਼ ਕੁਮਾਰ ਮੇਸ਼ੀ ਸਹੋਤਾ, ਮੀਤ ਪ੍ਰਧਾਨ ਸੁਖਦੇਵ ਕੌਰ, ਗੁਰਪ੍ਰੀਤ ਕੌਰ ਤਤਲਾ ਤੇ ਡਿੰਪਲ ਗੋਇਲ ਆਦਿ ਹਾਜ਼ਰ ਸਨ।

## 50 ਲੱਖ ਦੀ ਹੈਰੋਇਨ ਬਰਾਮਦ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਾਰਕੋਟਿਕਸ ਕੰਟਰੋਲ ਬਿਊਰੋ ਦੀ ਸਿਰਸਾ ਯੂਨਿਟ ਨੇ ਦੋ ਨੌਜਵਾਨਾਂ ਨੂੰ 50 ਲੱਖ ਰੁਪਏ ਦੀ 501 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਮੁਲਜ਼ਮਾਂ ਨੂੰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।ਡੀਐੱਸਪੀ ਦਲੀਪ ਸਿੰਘ ਦਾ ਕਹਿਣਾ ਹੈ ਕਿ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਸਿਰਸਾ ਯੂਨਿਟ ਦੇ ਇੰਚਾਰਜ ਸਬ ਇੰਸਪੈਕਟਰ ਤਰਸੇਮ ਸਿੰਘ ਆਪਣੀ ਟੀਮ ਨਾਲ ਨੈਸ਼ਨਲ ਹਾਈਵੇ ਨੰਬਰ 9 'ਤੇ ਗਸ਼ਤ ਕਰ ਰਹੇ ਸਨ ਤਾਂ ਉਨ੍ਹਾਂ ਫਤਿਹਾਬਾਦ ਤੋਂ ਆ ਰਹੀ ਕਾਰ ਨੂੰ ਰੋਕਿਆ ਤਾਂ ਗੱਡੀ ਦੀ ਤਲਾਸ਼ੀ ਲੈਣ 'ਤੇ 501 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਦੀ ਕੀਮਤ ਕਰੀਬ 50 ਲੱਖ ਹੈ। ਡੀ ਐੱਸ ਪੀ ਦਲੀਪ ਸਿੰਘ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੇ ਐੱਚਐੱਨਸੀਬੀ ਨੂੰ ਦੱਸਿਆ ਕਿ ਉਹ ਇਹ ਹੈਰੋਇਨ ਦਿੱਲੀ ਤੋਂ ਲੈ ਕੇ ਆਏ ਸਨ।ਜਾਂਚ ਅਧਿਕਾਰੀ ਸਬ ਇੰਸਪੈਕਟਰ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਰਿਮਾਂਡ ਦੀ ਮਿਆਦ ਦੌਰਾਨ ਸਪਲਾਇਰ ਬਾਰੇ ਜਾਣਕਾਰੀ ਹਾਸਲ ਕਰਕੇ ਅੱਗੇ ਕਾਰਵਾਈ ਕੀਤੀ ਜਾਵੇਗੀ।

## ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲਿਦਾਨ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)**-ਰਾਸ਼ਟਰਪਿਤਾ ਮਹਾਤਮਾ ਗਾਂਧੀ ਦੇ ਬਲਿਦਾਨ ਦਿਵਸ ਮੌਕੇ ਐੱਸ.ਡੀ.ਐੱਮ. ਕੰਵਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਕੰਮ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਉਨ੍ਹਾਂ ਦੇ ਵੱਡੇ ਬਲਿਦਾਨ ਲਈ ਯਾਦ ਕੀਤਾ ਗਿਆ ਅਤੇ ਦੋ ਮਿੰਟ ਦਾ ਮੋਨ ਰੱਖਿਆ ਗਿਆ।ਇਸ ਮੌਕੇ ਐੱਸ.ਡੀ.ਐੱਮ. ਨੇ ਕਿਹਾ ਕਿ ਸਾਨੂੰ ਵੀ ਆਪਣੇ ਸ਼ਹੀਦਾਂ ਤੋਂ ਪ੍ਰੇਰਨਾ ਲੈਂਦਿਆਂ ਆਪਣੇ ਦੇਸ਼ ਦੀ ਤਰੱਕੀ ਲਈ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਾਡਾ ਦੇਸ਼ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਰਹੇ ਅਤੇ ਦੁਨੀਆ ਦੇ ਨਕਸ਼ੇ 'ਤੇ ਸਾਡਾ ਦੇਸ਼ ਇੱਕ ਖ਼ੁਸ਼ਹਾਲ ਦੇਸ਼ ਵਜੋਂ ਜਾਣਿਆ ਜਾ ਸਕੇ।ਇਸ ਮੌਕੇ ਪੰਜਾਬ ਪੁਲਸ ਦੇ ਬੈਂਡ ਨੇ ਮਾਤਮੀ ਧੁਨ ਵਜਾ ਕੇ ਅਤੇ ਹਥਿਆਰ ਉਲਟੇ ਕਰਕੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

## ਸੁਖਜੀਤ ਮਾਹਲਾ ਵੱਲੋਂ ਅਕਾਲੀ ਦਲ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਾਮਿਸਾਲ : ਸਦਿਓੜਾ

*ਕੋਰ ਕਮੇਟੀ 'ਚ ਕੀਤੀ ਨਿਯੁਕਤੀ ਪਾਰਟੀ ਦਾ ਸ਼ਲਾਘਾਯੋਗ ਫੈਸਲਾ*



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਆਦੇਸ਼ ਮੁਤਾਬਿਕ ਤੇ ਬਿਕਰਮ ਸਿੰਘ ਮਜੀਠੀਆ ਸਰਪ੍ਰਸਤ, ਯੂਥ ਵਿੰਗ, ਸ਼੍ਰੋਮਣੀ ਅਕਾਲੀ ਦਲ ਤੇ ਯੂਥ ਵਿੰਗ ਦੇ ਕੋਆਰਡੀਨੇਟਰ ਅਤੇ ਸਾਬਕਾ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਨੂੰ ਯੂਥ ਕੋਰ ਕਮੇਟੀ ਵਿੱਚ ਮੈਂਬਰ ਲਾਏ ਜਾਣ ਦੇ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਸੁਖਜੀਤ ਸਿੰਘ ਮਾਹਲਾ ਨੂੰ ਯੂਥ ਕੋਰ ਕਮੇਟੀ ਦਾ ਮੈਂਬਰ ਬਣਾਏ ਜਾਣ 'ਤੇ ਅਰਸ਼ਪ੍ਰੀਤ ਸਿੰਘ ਸਦਿਓੜਾ ਨੇ ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਸਰਪ੍ਰਸਤ ਯੂਥ ਵਿੰਗ, ਸਾਬਕਾ ਪ੍ਰਧਾਨ ਪਰਮਬੰਸ ਸਿੰਘ ਰੋਮਾਣਾ ਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦਾ ਧੰਨਵਾਦ ਕੀਤਾ, ਉਥੇ ਹੀ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਸੁਖਜੀਤ ਸਿੰਘ ਮਾਹਲਾ ਨੂੰ ਵਧਾਈ ਦਿੱਤੀ।ਅਰਸ਼ ਸਦਿਓੜਾ ਨੇ ਕਿਹਾ ਕਿ ਸੁਖਜੀਤ ਸਿੰਘ ਮਾਹਲਾ ਦੀ ਨਿਯੁਕਤੀ ਨਿਯੁਕਤੀ ਨੂੰ ਲੈ ਕੇ ਦੇਸ਼ਾਂ ਵਿਦੇਸ਼ਾਂ ਦੇ ਵਿੱਚ ਵੀ ਖ਼ੁਸ਼ੀ ਦਾ ਮਾਹੌਲ ਹੈ।ਉਨ੍ਹਾ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦਾ ਸਮੁੱਚਾ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਆਗੂ ਹਨ, ਜਿਨ੍ਹਾਂ ਦੀਆਂ ਸੇਵਾਵਾਂ ਸ਼੍ਰੋਮਣੀ ਅਕਾਲੀ ਦਲ ਲਈ ਲਾਮਿਸਾਲ ਹਨ।ਉਨ੍ਹਾ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਯੋਗ ਅਗਵਾਈ ਹੇਠ ਹਲਕੇ ਦੇ ਵਿਕਾਸ ਕੰਮਾਂ 'ਚ ਵੱਡਮੁੱਲਾ ਯੋਗਦਾਨ ਪਾਇਆ।ਅਰਸ਼ਪ੍ਰੀਤ ਸਦਿਓੜਾ ਨੇ ਕਿਹਾ ਕਿ ਸਾਡਾ ਇੱਕੋ ਇੱਕ ਟੀਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਕੇ ਪੰਜਾਬ ਦੀ ਸੱਤਾ 'ਤੇ ਅਕਾਲੀ ਦਲ ਦੀ ਸਰਕਾਰ ਬਣਾਈ ਜਾਵੇ, ਇਸ ਲਈ ਸਭ ਲੋਕਾਂ ਦਾ ਸਹਿਯੋਗ ਹੋਣਾ ਅਤੀ ਜ਼ਰੂਰੀ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਿਰਧ ਆਸ਼ਰਮ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਮੋਹਾਲੀ ਦੀਆਂ ਹਦਾਇਤਾਂ ਅਨੁਸਾਰ ਬਿਰਧ ਆਸ਼ਰਮ ਜਲਾਲਾਬਾਦ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ ਦੌਰਾ ਕੀਤਾ ਗਿਆ। ਮਾਨਯੋਗ ਸ੍ਰੀ ਰਾਜ ਕੁਮਾਰ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਮਿਸ ਹਰਪ੍ਰੀਤ ਕੌਰ ਸੀ.ਜੇ.ਐੱਮ/ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਨੇ ਦੌਰਾ ਕੀਤਾ। ਇਸ ਮੌਕੇ ਮਿਸ ਹਰਪ੍ਰੀਤ ਕੌਰ ਜੱਜ ਸਾਹਿਬ ਨੇ ਬਜ਼ੁਰਗਾਂ ਨੂੰ ਅਪੀਲ ਕੀਤੀ ਕਿ ਉਹ ਬਹੁਤ ਵਧੀਆ ਆਪਣਾ ਜੀਵਨ ਬਤੀਤ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਬਜ਼ੁਰਗ ਨੂੰ ਕੋਈ ਕਾਨੂੰਨੀ ਸਹਾਇਤਾ ਸਕੀਮ ਦੀ ਲੋੜ ਹੋਵੇ ਤਾਂ ਉਹ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਮੈਡਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਬਜ਼ੁਰਗਾਂ ਨਾਲ ਗੱਲਬਾਤ ਕਰਨ ਤਾਂ ਕਿ ਉਨ੍ਹਾਂ ਨੂੰ ਆਪਣੇ ਪਰਿਵਾਰ ਦੀ ਯਾਦ ਨਾ ਆ ਸਕੇ। ਉਨ੍ਹਾਂ ਨੂੰ ਮਹਿਸੂਸ ਹੋਵੇ ਕਿ ਇਹੀ ਇੱਕ ਸਾਡਾ ਪਰਿਵਾਰ ਹੈ, ਕਿਉਂਕਿ ਬਜ਼ੁਰਗਾਂ ਨੂੰ ਹਮੇਸ਼ਾ ਇਸ ਗੱਲ ਦੀ ਜ਼ਰੂਰਤ ਹੁੰਦੀ ਹੈ ਕਿ ਉਨ੍ਹਾਂ ਕੋਲ ਕੋਈ ਗੱਲਾਂ ਕਰਨ ਵਾਲਾ ਜ਼ਰੂਰ ਹੋਵੇ। ਇਸ ਨਾਲ ਉਨ੍ਹਾਂ ਦਾ ਦਿਲ ਲੱਗਿਆ ਰਹਿੰਦਾ ਹੈ। ਹੋਰ ਵਧੇਰੇ ਜਾਣਕਾਰੀ ਲੈਣ ਲਈ ਟੋਲ ਫ੍ਰੀ ਨੰ. 15100 'ਤੇ ਗੱਲਬਾਤ ਕੀਤੀ ਜਾ ਸਕਦੀ ਹੈ।

## ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਨੇ ਪ੍ਰਸ਼ਾਸਨ ਨੂੰ ਅੰਬਰੇਲਾ ਸਿਲਾਈ ਮਸ਼ੀਨਾਂ ਸੌਂਪੀਆਂ



**ਲੁਧਿਆਣਾ (ਰਾਜ ਸਿੰਗਲਾ)**-ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ ਵੱਖ-ਵੱਖ ਪੇਂਡੂ ਖੇਤਰਾਂ ਦੀਆਂ ਲੜਕੀਆਂ ਅਤੇ ਔਰਤਾਂ ਵਿੱਚ ਹੁਨਰ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੋਟਰ ਵਾਲੀਆਂ 30 ਅੰਬਰੇਲਾ ਸਿਲਾਈ ਮਸ਼ੀਨਾਂ ਸੌਂਪੀਆਂ ਗਈਆਂ। ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ (ਵੀ.ਐਸ.ਐਸ.ਐਲ.) ਦੀ ਪ੍ਰਬੰਧਕ ਟੀਮ ਵੱਲੋਂ ਵਰਧਮਾਨ ਦੇ ਸੀਨੀਅਰ ਮੈਨੇਜਰ ਸੀ.ਐੱਸ.ਆਰ/ਪ੍ਰਬੰਧਕ ਸ਼੍ਰੀ ਅਮਿਤ ਧਵਨ ਦੁਆਰਾ 30 ਮਸ਼ੀਨਾਂ ਸੌਂਪੀਆਂ ਗਈਆਂ। ਮਸ਼ੀਨਾਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ. ਅਨਮੋਲ ਸਿੰਘ ਧਾਲੀਵਾਲ ਨੂੰ ਸ੍ਰੀ ਅਮਿਤ ਧਵਨ ਨੇ ਸੌਂਪੀਆਂ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍. ਅਨਮੋਲ ਸਿੰਘ ਧਾਲੀਵਾਲ ਵੱਲੋਂ ਸ੍ਰੀ ਸਚਿੱਤ ਜੈਨ ਵੀ.ਐਸ.ਐਸ.ਐਲ. ਦੇ ਵਾਈਸ ਚੇਅਰਮੈਨ ਤੇ ਸੌਮਿਆ ਜੈਨ ਈ.ਡੀ. ਵੀ.ਐਸ.ਐਸ.ਐਲ., ਸ਼੍ਰੀ ਆਰ ਕੇ ਰੇਵਾੜੀ ਦੇ ਕਾਰਜਕਾਰੀ ਨਿਰਦੇਸ਼ਕ ਦਾ ਹੁਨਰ ਵਿਕਾਸ ਪ੍ਰਮੋਸ਼ਨ ਲਈ ਸਹਿਯੋਗ ਕਰਨ 'ਤੇ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਬੈਟਰ ਸਕਿੱਲ ਨੇ ਲਵਾਇਆ ਮਨਦੀਪ ਕੌਰ ਦਾ ਕੈਨੇਡਾ ਸਟੱਡੀ ਵੀਜ਼ਾ



**ਕੋਟ ਇਸੇ ਖਾਂ (ਅਰੋੜਾ)**-ਇਲਾਕੇ ਦੀ ਨਾਮਵਰ ਇੰਮੀਗ੍ਰੇਸ਼ਨ ਤੇ ਸਭ ਤੋਂ ਭਰੋਸੇਮੰਦ ਸੰਸਥਾ ਬੈਟਰ ਸਕਿੱਲ ਇੰਮੀਗ੍ਰੇਸ਼ਨ ਧਰਮਕੋਟ ਨੇ ਵੱਖ-ਵੱਖ ਪ੍ਰਕਾਰ ਦੇ ਕੇਨੈਡਾ ਵੀਜ਼ੇ ਲਗਵਾ ਕੇ ਆਪਣੀ ਵੱਖਰੀ ਹੀ ਪਹਿਚਾਣ ਬਣਾ ਲਈ ਹੈ।ਇਸ ਸਬੰਧੀ ਬੈਟਰ ਸਕਿੱਲ ਇੰਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਜਾਣਕਾਰੀ ਦਿੰਦੇ ਹੋਏ ਦੱਸਿਆ ਮਨਦੀਪ ਕੌਰ ਨੇ 2020 ਵਿੱਚ ਆਪਣੀ ਗਰੈਜੂਏਸ਼ਨ ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਮਨਦੀਪ ਦਾ 3 ਸਾਲਾਂ ਦਾ ਗੈਪ ਸੀ ਅਤੇ ਮਨਦੀਪ ਦੀ ਸਟੱਡੀ ਵੀਜ਼ਾ ਵਿੱਚੋਂ 1 ਰਿਫਿਊਜ਼ਲ ਵੀ ਸੀ।ਮਨਦੀਪ ਨੇ ਸਾਨੂੰ ਦੱਸਿਆ ਕਿ ਉਨ੍ਹਾ ਨੂੰ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੇ ਬੈਟਰ ਸਕਿੱਲ ਇੰਮੀਗ੍ਰੇਸ਼ਨ ਬਾਰੇ ਦੱਸਿਆ ਤੇ ਉਸ ਤੋਂ ਬਾਅਦ ਉਨ੍ਹਾ ਨੇ ਸੋਸ਼ਲ ਮੀਡੀਆ 'ਤੇ ਆਏ ਹੋਏ ਸਟੱਡੀ ਵੀਜ਼ਾ ਦੇ ਰਿਜ਼ਲਟਾਂ ਨੂੰ ਦੇਖਦਿਆਂ ਬੈਟਰ ਸਕਿੱਲ ਇੰਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਤੇ 10 ਦਿਨਾਂ ਵਿੱਚ ਆਪਣਾ ਸਟੱਡੀ ਵੀਜ਼ਾ ਹਾਸਲ ਕੀਤਾ।ਅੱਜ ਮਨਦੀਪ ਕੌਰ ਕੈਨੇਡਾ ਪਹੁੰਚ ਗਏ ਹਨ।ਬੈਟਰ ਸਕਿੱਲ ਇੰਮੀਗ੍ਰੇਸ਼ਨ ਨੇ ਮਨਦੀਪ ਕੌਰ ਨੂੰ ਆਉਣ ਵਾਲੇ ਭਵਿੱਖ ਲਈ ਸ਼ੁੱਭ ਦੁਆਵਾਂ ਦਿੱਤੀਆਂ।

## ਬਲੌਜ਼ਮਜ਼ ਕਾਨਵੈਂਟ 'ਚ ਪ੍ਰਿਕਸ਼ਾ ਪੇ ਚਰਚਾ ਨੂੰ ਆਨਲਾਈਨ ਸੁਣਿਆ



**ਜਗਰਾਉਂ (ਸੰਜੀਵ ਅਰੋੜਾ)**

ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿਦਿਆਰਥੀਆਂ ਦੇ ਸਾਲਾਨਾ ਇਮਤਿਹਾਨਾਂ ਦੇ ਮੌਕੇ ਪ੍ਰਿਕਸ਼ਾ ਪੇ ਚਰਚਾ ਨੂੰ ਵਿਦਿਆਰਥੀਆਂ ਵੱਲੋਂ ਆਨਲਾਈਨ ਬਹੁਤ ਹੀ ਸੁਚੱਜੇ ਢੰਗ ਨਾਲ ਸੁਣਿਆ ਗਿਆ। ਸਾਰੀਆਂ ਜਮਾਤਾਂ ਵਿੱਚ ਸਮਾਰਟ ਕਲਾਸਾਂ ਦੁਆਰਾ ਇਹ ਪ੍ਰੋਗਰਾਮ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਆਪਣੀ ਸਿੱਖਿਆ ਨੂੰ ਸੁਚਾਰੂ ਬਣਾਉਣਾ ਸਿੱਖਿਆ ਤੇ ਪੜ੍ਹਾਈ ਦੇ ਦਿਨਾਂ ਦੌਰਾਨ ਆਉਣ ਵਾਲੀਆਂ ਪ੍ਰੇਸ਼ਾਨੀਆਂ ਨੂੰ ਸੌਖੇ ਤਰੀਕੇ ਨਾਲ ਹੱਲ ਕਰਨ ਦੇ ਰਸਤੇ ਵੀ ਲੱਭੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸਰਕਾਰੀ ਹਦਾਇਤਾਂ ਅਨੁਸਾਰ ਅਸੀਂ ਇਹ ਪ੍ਰੋਗਰਾਮ ਸਕੂਲ ਦੇ ਵਿਦਿਆਰਥੀਆਂ ਨੂੰ ਪ੍ਰਸਾਰਤ ਕੀਤਾ, ਅਸੀਂ ਵਿਸ਼ੇਸ਼ ਤੌਰ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ 'ਚੋਂ ਸਮਾਂ ਕੱਢ ਕੇ ਪੂਰੇ ਦੇਸ਼ ਦੇ ਵਿਦਿਆਰਥੀਆਂ ਨੂੰ ਇਹ ਸਿੱਖਿਆਵਾਂ ਦਿੱਤੀਆਂ। ਇਸ ਦੇ ਨਾਲ ਹੀ ਸਕੂਲ ਦੇ ਵਾਈਸ ਪ੍ਰਿੰ: ਮਿਸਿਜ਼ ਰੰਜਨਾ ਕੌਸ਼ਲ ਨੇ ਕਿਹਾ ਕਿ ਵਿਦਿਆਰਥੀਆਂ ਲਈ ਇਹ ਸਮਾਂ ਬਹੁਤ ਹੀ ਕੀਮਤੀ ਹੈ, ਇਸ ਨੂੰ ਅਜਾਈਂ ਨਾ ਗਵਾਇਆ ਜਾਵੇ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਪ੍ਰਾਪਤ ਕਰਨ ਦੀ ਨਸੀਹਤ ਦਿੱਤੀ।

# ਪੰਜਾਬੀ ਸੱਭਿਆਚਾਰ ਦੀ ਸੰਭਾਲ ਬਾਰੇ ਝਾੜ ਸਾਹਿਬ ਕਾਲਜ 'ਚ ਸੈਮੀਨਾਰ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਕਾਲਜ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਪੰਜਾਬੀ ਵਿਭਾਗ ਦੀ ਮੁਖੀ ਡਾ. ਮਹੀਪਿੰਦਰ ਕੌਰ ਤੇ ਡਾ. ਜਸਬੀਰ ਕੌਰ ਦੀ ਅਗਵਾਈ ਵਿੱਚ 'ਪੰਜਾਬੀ ਸੱਭਿਆਚਾਰ : ਅਜੋਕੀ ਸਥਿਤੀ, ਚੁਣੌਤੀਆਂ ਤੇ ਸੰਭਾਵਨਾਵਾਂ' ਵਿਸ਼ੇ 'ਤੇ ਸੈਮੀਨਾਰ ਕਰਾਇਆ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਨਾਲ ਸਬੰਧਤ ਵਿਦਵਾਨਾਂ ਨੇ ਪੰਜਾਬੀ ਸੱਭਿਆਚਾਰ ਨੂੰ ਲੱਗ ਰਹੇ ਖੋਰੇ 'ਤੇ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਅਕਾਲੀ ਆਗੂ ਸੰਤਾ ਸਿੰਘ ਉਮੈਦਪੁਰ ਨੇ ਇਸ ਮੌਕੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬੀ ਸੱਭਿਆਚਾਰ ਦੇ ਪੁਰਾਤਨ ਸਰੂਪ ਤੇ ਸੱਭਿਆਚਾਰ ਦੀ ਸਥਿਤੀ ਨੂੰ ਵਿਚਾਰਨਾ ਸਮੇਂ ਦੀ ਲੋੜ ਹੈ। ਪੰਜਾਬੀ ਸੱਭਿਆਚਾਰ ਦਾ ਵਰਤਮਾਨ ਖਤਰੇ ਵਿੱਚ ਹੈ। ਉਹ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆ ਕੇ ਆਪਣਾ ਪੁਰਾਤਨ ਸਰੂਪ ਗੁਆ ਬੈਠਾ ਹੈ। ਪੰਜਾਬੀ ਵਿਭਾਗ ਦੀ ਮੁਖੀ ਡਾ. ਮਹੀਪਇੰਦਰ ਕੌਰ ਨੇ ਕਿਹਾ ਕਿ ਹਰੇਕ ਸੱਭਿਆਚਾਰ ਨੂੰ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਆਪਣੇ ਉਦਘਾਟਨੀ ਭਾਸ਼ਣ ਵਿੱਚ ਪੰਜਾਬੀ ਵਿਦਵਾਨ ਨਿਰਮਲ ਜੌੜਾ ਨੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਹੇਠਲੇ ਪੱਧਰ 'ਤੇ ਤਰੱਦਦ ਕਰਨ ਦੀ ਲੋੜ ਹੈ। ਮੁੱਖ ਮਹਿਮਾਨ ਜਥੇਦਾਰ ਗੁਰਮੀਤ ਸਿੰਘ ਬੂਹ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਨੇ ਜਿੱਥੇ ਆਧੁਨਿਕ ਸੁੱਖ-ਸੁਵਿਧਾਵਾਂ ਨੂੰ ਮਾਨਣ ਲਈ ਸੰਘਰਸ਼ ਕਰਕੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਹਨ, ਉੱਥੇ ਉਸ ਨੂੰ ਆਪਣੇ ਸੱਭਿਆਚਾਰਕ ਵਿਰਸੇ ਤੇ ਮਾਂ ਬੋਲੀ ਨੂੰ ਵੀ ਸੰਭਾਲਣਾ ਪਵੇਗਾ। ਉਨ੍ਹਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਐੱਸਜੀਪੀਸੀ ਦੇ ਆਦੇਸ਼ ਅਨੁਸਾਰ ਕਾਲਜ ਨੂੰ ਦੋ ਲੱਖ ਰੁਪਏ ਦੀ ਵਿੱਤੀ ਮਦਦ ਦੇਣ ਦਾ ਐਲਾਨ ਕੀਤਾ। ਉੱਘੇ ਵਿਦਵਾਨ ਡਾ. ਹਰਪਾਲ ਸਿੰਘ ਪੰਨੂ ਨੇ ਪੰਜਾਬੀ ਸੱਭਿਆਚਾਰ ਦੀ ਇਤਿਹਾਸਕਤਾ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਜੇਕਰ ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਇੱਥੇ ਹੀ ਰੋਜ਼ਗਾਰ ਮਿਲੇ ਤਾਂ ਉਹ ਰੋਜ਼ਗਾਰ ਦੀ ਤਲਾਸ਼ ਵਿੱਚ ਪ੍ਰਵਾਸੀ ਬਣਨ ਲਈ ਮਜਬੂਰ ਕਿਉਂ ਹੋਣ? ਡਾ. ਪਰਵੀਨ ਕੁਮਾਰ ਕੋਆਰਡੀਨੇਟਰ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਤੇ ਡਾ. ਜੋਤੀ ਸ਼ਰਮਾ ਪ੍ਰੋ. ਪੰਜਾਬੀ ਵਿਭਾਗ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਨੇ ਕਿਹਾ ਕਿ ਪੱਛਮੀ ਪ੍ਰਭਾਵ ਨੂੰ ਐਨੀ ਛੇਤੀ ਨਹੀਂ ਕਬੂਲਣਾ ਚਾਹੀਦਾ ਕਿ ਸਾਡੀ ਆਪਣੀ ਵਿਲੱਖਣ ਸਨਾਖਤ ਨੂੰ ਸੰਭਾਲਣਾ ਔਖਾ ਹੋ ਜਾਵੇ। ਡਾ. ਗੁਰਸੇਵਕ ਸਿੰਘ ਲੰਬੀ ਪ੍ਰੋ. ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ ਨੇ ਕਿਹਾ ਕਿ ਅਸੀਂ ਪੁਰਾਣੀਆਂ ਜੜ੍ਹਾਂ ਖਤਮ ਕਰਕੇ ਨਵੀਆਂ ਕਰੂੰਬਲਾਂ ਨਹੀਂ ਉਗਾ ਸਕਦੇ। ਦੀਪਕ ਸ਼ਰਮਾ ਚਨਾਰਥਲ ਪੱਤਰਕਾਰ ਦਾ ਵਿਚਾਰ ਸੀ ਕਿ ਅਜੋਕੀ ਸਿੱਖਿਆ ਪ੍ਰਣਾਲੀ ਬੱਚਿਆਂ ਨੂੰ ਤਕਨੀਕੀ ਪਸਾਰਾਂ ਵੱਲ ਤੇ ਕੈਰੀਅਰ ਨੂੰ ਅੱਗੇ ਵਧਾਉਣ ਦੇ ਪਰਿਪੇਖਾਂ ਵੱਲ ਜ਼ਿਆਦਾ ਰੁਚਿਤ ਹੈ। ਇਸ ਤੋਂ ਪਹਿਲਾਂ ਸੈਮੀਨਾਰ ਦੇ ਅਗਾਜ਼ ਵਿੱਚ ਸੰਗੀਤ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਸ਼ਬਦ ਗਾਇਨ ਕੀਤਾ ਗਿਆ ਤੇ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਹਾਜ਼ਰ ਪਤਵੰਤਿਆਂ 'ਚ ਮੁੱਖ ਤੌਰ 'ਤੇ ਮੁੱਖ ਮਹਿਮਾਨ ਗੁਰਮੀਤ ਸਿੰਘ ਬੂਹ ਮੈਂਬਰ ਇੰਚਾਰਜ ਐਜੂਕੇਸ਼ਨ ਐੱਸਜੀਪੀਸੀ, ਵਿਸ਼ੇਸ਼ ਮਹਿਮਾਨ ਸੁਖਜਿੰਦਰ ਸਿੰਘ ਸਕੱਤਰ ਵਿੱਦਿਆ, ਕੁਲਦੀਪ ਸਿੰਘ ਚੇਅਰਮੈਨ ਪੰਜਾਬੀ ਵਿਭਾਗ ਕੁਰੂਕਸ਼ੇਤਰਾ ਯੂਨੀਵਰਸਿਟੀ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਤੇ ਪੰਜਾਬੀ ਸੱਭਿਆਚਾਰ ਬਾਰੇ ਆਪਣੇ ਵਿਦਵਤਾਪੂਰਣ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਲਜ ਪ੍ਰਿੰ: ਡਾ. ਰਜਿੰਦਰ ਕੌਰ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਬਹੁਤ ਹੀ ਰੋਚਕ ਢੰਗ ਨਾਲ ਡਾ. ਮਹੀਪਿੰਦਰ ਕੌਰ ਤੇ ਸੁਖਪ੍ਰੀਤ ਕੌਰ ਨੇ ਕੀਤਾ।

# ਅਦਾਲਤ 'ਚ ਲੰਬਿਤ ਕੇਸ ਤੇ ਨਗਰ ਕੌਂਸਲ ਦੀ ਮਨਜ਼ੂਰੀ ਤੋਂ ਬਿਨਾਂ ਹੋ ਰਹੀ ਨਜਾਇਜ਼ ਉਸਾਰੀ



**ਮੁਕੇਰੀਆ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ ਤਾਂ ਉਨ੍ਹਾਂ ਐਲਾਨ ਕੀਤਾ ਸੀ ਕਿ ਕਿਸੇ ਵੀ ਥਾਂ 'ਤੇ ਨਜਾਇਜ਼ ਕਬਜ਼ੇ ਅਤੇ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਨੇ ਪਹਿਲਾਂ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤ ਹੁਕਮ ਦਿੱਤੇ ਸਨ ਪਰ ਇਸ ਦੇ ਬਾਵਜੂਦ ਜੀ.ਟੀ. ਰੋਡ ਮੁਕੇਰੀਆਂ 'ਤੇ ਪਿਛਲੇ ਦੋ ਦਿਨਾਂ ਤੋਂ ਨਜਾਇਜ਼ ਉਸਾਰੀ ਦਾ ਕੰਮ ਜ਼ੋਰਾਂ 'ਤੇ ਹੈ ਪਰ ਅਜੇ ਤੱਕ ਇਸ ਕੰਮ ਨੂੰ ਰੋਕਣ ਲਈ ਕੋਈ ਵੀ ਅਧਿਕਾਰੀ ਮੌਕੇ 'ਤੇ ਨਹੀਂ ਪੁੱਜਿਆ ਸੀ। ਜਾਪਦਾ ਹੈ ਕਿ ਰਾਜੇਸ਼ ਰੱਤੂ ਵਲੋਂ ਇਹ ਕੀਤੀ ਜਾ ਰਹੀ ਨਜਾਇਜ਼ ਉਸਾਰੀ ਸਨਿਚਰਵਾਰ ਅਤੇ ਐਤਵਾਰ ਇਸ ਕਰਕੇ ਕਰਵਾਈ ਗਈ ਹੈ ਕਿ ਇਸ ਦਿਨ ਨਗਰ ਕੌਂਸਲ ਵਿੱਚ ਛੁੱਟੀ ਹੁੰਦੀ ਹੈ ਤੇ ਇਨ੍ਹਾਂ ਦੋ ਦਿਨਾਂ ਵਿੱਚ ਉਹ ਅਰਾਮ ਨਾਲ ਲੈਂਟਰ ਪਾ ਲਵੇਗਾ। ਉਸ ਵੇਲੇ ਇਸੇ ਤਰ੍ਹਾਂ ਹੀ ਹੋਇਆ। ਕੁਝ ਸਾਲ ਪਹਿਲਾਂ ਨਗਰ ਕੌਂਸਲ ਮੁਕੇਰੀਆਂ ਦੇ ਈ ਓ ਨੇ ਉਕਤ ਜਗ੍ਹਾ 'ਤੇ ਨਜਾਇਜ਼ ਉਸਾਰੀ ਨੂੰ ਲੈ ਕੇ ਕਥਿਤ ਤੌਰ 'ਤੇ ਨੋਟਿਸ ਜਾਰੀ ਕੀਤਾ ਸੀ ਅਤੇ ਨਗਰ ਕੌਂਸਲ ਨੇ ਰਾਜੇਸ਼ ਰੱਤੂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਉਕਤ ਸਥਾਨ ਸਬੰਧੀ ਸਿਵਲ ਅਦਾਲਤ ਮੁਕੇਰੀਆਂ ਵਿੱਚ ਇਹ ਕੇਸ ਅਜੇ ਵੀ ਚੱਲ ਰਿਹਾ ਹੈ। ਸ਼ਹਿਰ ਦੇ ਲੋਕ ਹੈਰਾਨ ਹਨ ਕਿ ਜਦੋਂ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ ਅਤੇ ਈ ਓ ਨੇ ਨਜਾਇਜ਼ ਉਸਾਰੀ ਨੂੰ ਰੋਕਣ ਲਈ ਨੋਟਿਸ ਜਾਰੀ ਕਰਕੇ ਉਸਾਰੀ ਦਾ ਕੰਮ ਬੰਦ ਕਰਵਾ ਦਿੱਤਾ ਸੀ ਤਾਂ ਫਿਰ ਨਜਾਇਜ਼ ਉਸਾਰੀ ਕਰਨ ਵਾਲੇ ਕੋਲ ਅਜਿਹੀ ਕਿਹੜੀ ਤਾਕਤ ਆ ਗਈ ਹੈ ਕਿ ਉਹ ਸਥਾਨਕ ਪ੍ਰਸ਼ਾਸਨ ਅਤੇ ਮਾਨਯੋਗ ਅਦਾਲਤ ਤੋਂ ਵੀ ਵੱਡਾ ਹੋ ਗਿਆ ਹੈ। ਦੂਜੇ ਪਾਸੇ ਲੋਕਾਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਇਹ ਉਸਾਰੀ ਦਾ ਕੰਮ ਗੈਰ-ਕਾਨੂੰਨੀ ਹੈ ਤਾਂ ਕਾਨੂੰਨ ਦਾ ਜਿੱਥੇ ਗੈਰ-ਕਾਨੂੰਨੀ ਉਸਾਰੀ ਤੇ ਬੁਲਡੋਜ਼ਰ ਚੱਲੇਗਾ, ਉਥੇ ਇਸ ਨਾਲ ਜੁੜੇ ਦੋਸ਼ੀਆਂ ਨੂੰ ਸਜ਼ਾ ਵੀ ਦਿੱਤੀ ਜਾਵੇਗੀ? ਲੋਕ ਦੱਬੀ ਜ਼ੁਬਾਨ ਨਾਲ ਇਹ ਵੀ ਕਹਿ ਰਹੇ ਹਨ ਕਿ ਇਹ ਨਜਾਇਜ਼ ਉਸਾਰੀ ਦਸੂਹਾ ਦੇ ਇੱਕ ਸੱਤਾਧਾਰੀ ਆਗੂ ਦੀ ਸ਼ਹਿ 'ਤੇ ਕੀਤੀ ਜਾ ਰਹੀ ਹੈ। ਇਸ ਸਬੰਧੀ ਜਦੋਂ ਈ ਓ ਮੁਕੇਰੀਆਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਉਸਾਰੀ ਨੂੰ ਰੋਕਣ ਲਈ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਇਸ ਸਬੰਧੀ ਮਾਨਯੋਗ ਅਦਾਲਤ ਵਿੱਚ ਕੇਸ ਵੀ ਕੀਤਾ ਗਿਆ ਸੀ ਪਰ ਇਸ ਦੇ ਬਾਵਜੂਦ ਇਹ ਨਜਾਇਜ਼ ਉਸਾਰੀ ਕੀਤੀ ਜਾ ਰਹੀ ਹੈ। ਅੱਜ ਫਿਰ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਦੁਬਾਰਾ ਕੀਤੀ ਜਾ ਰਹੀ ਨਜਾਇਜ਼ ਉਸਾਰੀ ਵਿਰੁੱਧ ਨੋਟਿਸ ਜਾਰੀ ਕੀਤਾ ਗਿਆ ਅਤੇ ਦੋ ਦਿਨ ਵਿਚ ਨੋਟਿਸ ਦਾ ਜਵਾਬ ਦੇਣ ਲਈ ਕਿਹਾ ਗਿਆ ਹੈ। ਜਦੋਂ ਇਸ ਸਬੰਧ ਵਿੱਚ ਰਾਜੇਸ਼ ਰੱਤੂ ਨੂੰ ਪੁੱਛਿਆ ਤਾਂ ਉਸ ਕਿਹਾ ਕਿ ਇਹ ਮੇਰੀ ਮਾਲਕੀ ਹੈ, ਮੈਂ ਕੋਈ ਨਜਾਇਜ਼ ਉਸਾਰੀ ਨਹੀਂ ਕਰ ਰਿਹਾ। ਜੇਕਰ ਕਹੋ ਤਾਂ ਮੈ ਤੁਹਾਨੂੰ ਇਸ ਦੀ ਫਰਦ ਭੇਜ ਦਿੰਦਾ ਹਾਂ। ਪਰ

# ਸੰਯੁਕਤ ਕਿਸਾਨ ਮੋਰਚੇ ਵੱਲੋਂ ਟਰੈਕਟਰ ਮਾਰਚ ਲਈ ਵਿਉਂਤਬੰਦੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸੰਯੁਕਤ ਕਿਸਾਨ ਮੋਰਚੇ ਸੁਲਤਾਨਪੁਰ ਲੋਧੀ ਵੱਲੋਂ ਟਰੈਕਟਰ ਮਾਰਚ 'ਚ ਕਪੂਰਥਲਾ ਵਿਖੇ ਸ਼ਾਮਲ ਹੋਣ ਲਈ ਕਿਸਾਨ ਆਗੂ ਮਾਸਟਰ ਚਰਨ ਸਿੰਘ ਹੈਬਤਪੁਰ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਜੁਗਿੰਦਰ ਸਿੰਘ ਥਿੰਦ, ਪ੍ਰਿਤਪਾਲ ਸਿੰਘ ਭੌਰ, ਸਰਵਣ ਸਿੰਘ ਕਰਮਜੀਤਪੁਰ, ਰਾਜਵਿੰਦਰ ਸਿੰਘ ਚੱਕ ਕੋਟਲਾ ਦੀ ਅਗਵਾਈ 'ਚ ਡਡਵਿੰਡੀ ਇਕੱਠੇ ਹੋਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਟਰੈਕਟਰ ਮਾਰਚ ਕੱਢਣ ਦਾ ਮਨੋਰਥ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਤੇ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੇ ਵਿਰੋਧ 'ਚ ਕੱਢਿਆ ਗਿਆ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਜਿਵੇਂ ਬਿਜਲੀ ਸੋਧ ਬਿੱਲ, ਖੇਤੀਬਾੜੀ ਨੂੰ ਪ੍ਰਦੂਸ਼ਣ ਤੋਂ ਰਹਿਤ ਕਰਨਾ, ਅੰਦੋਲਨ ਦੌਰਾਨ ਕਿਸਾਨਾਂ ਤੇ ਦਰਜ ਕੀਤੇ ਪਰਚੇ ਰੱਦ ਕਰਨਾ, ਸਾਰੀਆਂ ਫਸਲਾਂ ਤੇ ਐਮਐਸਪੀ ਦੇਣਾ, ਲਖੀਮੀ ਲਖੀਮਪੁਰ ਖੀਰੀ ਦੇ ਦੋਸੀਆਂ ਨੂੰ ਸਜਾਵਾਂ ਦੇਣਾ, ਕਿਸਾਨਾਂ ਅਤੇ ਮਜਦੂਰਾਂ ਦੇ ਕਰਜੇ ਮਾਫ ਕਰਨਾ ਆਦਿ ਕੀਤੇ ਵਾਅਦੇ ਪੂਰੇ ਕਰੇ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਸਾਥੀ ਪਿੰਡ ਚੱਕ ਕੋਟਲਾ ਭੌਰ ਨਸੀਰੇਵਾਲ ਫੌਜੀ ਕਲੋਨੀ ਮੋਖੇ ਕਰਮਜੀਤਪੁਰ ਹੈਬਤਪੁਰ ਮੀਰੇ ਸਤਾਬਗੜ ਡਡਵਿੰਡੀ ਭੈਣੀ ਹੁਸੇ ਖਾਂ ਨੱਥੂ ਚਾਹਲ ਅਹਿਮਦਪੁਰ ਛੰਨਾ ਗੁਰਮੀਤ ਸਿੰਘ ਲਵਪ੍ਰੀਤ ਸਿੰਘ ਫੌਜੀ ਕਲੋਨੀ ਅਜੀਤ ਸਿੰਘ ਔਜਲਾ ਸਰਵਣ ਸਿੰਘ ਸਾਬਕਾ ਸਰਪੰਚ ਸਤਨਾਮ ਸਿੰਘ ਅਜੀਤ ਸਿੰਘ ਭੌਰ, ਮੁਕੰਦ ਸਿੰਘ ਸੈਦੋਭਲਾਣਾ, ਜਗਰੂਪ ਸਿੰਘ, ਸੁਖਵੰਤ ਸਿੰਘ, ਰਾਜਵਿੰਦਰ ਸਿੰਘ, ਜਸਵੰਤ ਸਿੰਘ, ਪਿਆਰਾ ਸਿੰਘ, ਰੌਣਕ ਸਿੰਘ, ਬਚਿੱਤਰ ਸਿੰਘ, ਹਰਜੋਤ ਸਿੰਘ, ਅਕੁੰਸ ਖਿੰਡਾ, ਲਵਪ੍ਰੀਤ ਸਿੰਘ, ਕਰਮਜੀਤਪੁਰ, ਗੁਰਦੇਵ ਸਿੰਘ, ਲਵਲੀ ਅਹਿਮਦਪੁਰ, ਹਰਦੀਪ ਸਿੰਘ, ਡਡਵਿੰਡੀ, ਗੁਰਵਿੰਦਰ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ, ਰਾਜਿੰਦਰ ਸਿੰਘ, ਹਰਬੰਸ ਸਿੰਘ, ਕੁਲਵਿੰਦਰ ਸਿੰਘ, ਮਨਦੀਪ ਸਿੰਘ, ਦਲਜੀਤ ਸਿੰਘ ਆਦਿ ਹਾਜ਼ਰ ਸਨ।

## ਪਿੰਡ ਬਬੇਲੀ 'ਚ ਹਲਟਾਂ ਦੀਆਂ ਦੌੜਾਂ 31 ਨੂੰ

**ਫਗਵਾੜਾ (ਜਸਵਿੰਦਰ ਢੱਡਾ)**- ਪਿੰਡ ਬਬੇਲੀ ਵਿਖੇ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਆਗਮਨ ਪੁਰਬ ਮੌਕੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਧਾਰਮਕ ਸਮਾਗਮ ਦੌਰਾਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹਲਟਾਂ ਦੀਆਂ ਦੌੜਾਂ 31 ਜਨਵਰੀ ਨੂੰ ਕਰਵਾਈਆਂ ਜਾਣਗੀਆਂ। ਪ੍ਰਬੰਧਕਾਂ ਜੋਗਿੰਦਰ ਸਿੰਘ ਉੱਚਾ ਪਿੰਡ, ਰੇਸ਼ਮ ਸਿੰਘ ਬਬੇਲੀ, ਜਸਵੰਤ ਸਿੰਘ ਮਨੀਲਾ, ਰਸ਼ਪਾਲ ਸਿੰਘ ਅਤੇ ਰਜਿੰਦਰ ਸਿੰਘ ਨੇ ਦੱਸਿਆ ਕਿ ਜੇਤੂਆਂ ਨੂੰ ਨਗਦ ਇਨਾਮ ਅਤੇ ਟਰਾਫੀਆਂ ਨਾਲ ਨਿਵਾਜਿਆ ਜਾਵੇਗਾ। ਇਸ ਆਯੋਜਨ ਦਾ ਮਕਸਦ ਪੰਜਾਬ ਦੀਆਂ ਰਵਾਇਤੀ ਪੇਂਡੂ ਖੇਡਾਂ ਨੂੰ ਉਤਸ਼ਾਹਤ ਕਰਨਾ ਹੈ। ਇਸ ਮੌਕੇ ਬਲਦੇਵ ਸਿੰਘ ਪ੍ਰਧਾਨ, ਰਜਿੰਦਰ ਸਿੰਘ ਮੀਤ ਪ੍ਰਧਾਨ, ਸੋਢੀ ਸਿੰਘ, ਅਮਨਦੀਪ ਸਿੰਘ ਉੱਚਾ, ਰਸ਼ਪਾਲ ਸਿੰਘ ਪਾਲਾ, ਬੂਟਾ ਸਿੰਘ ਉੱਚਾ ਤੋਂ ਇਲਾਵਾ ਹੈਡ ਗ੍ਰੰਥੀ ਲਖਵਿੰਦਰ ਸਿੰਘ, ਕੁੰਦਨ ਸਿੰਘ, ਰਣਜੀਤ ਸਿੰਘ ਖਾਲਸਾ, ਸੁਖਵਿੰਦਰ ਸਿੰਘ, ਅਵਤਾਰ ਸਿੰਘ, ਪਰਮਜੀਤ ਸਿੰਘ, ਮੇਜਰ ਸਿੰਘ, ਚਰਨਜੀਤ ਸਿੰਘ ਤੇ ਖੇਡ ਪ੍ਰੇਮੀ ਹਾਜ਼ਰ ਸਨ।

## ਨੌਜਵਾਨ ਦੀ ਇਟਲੀ 'ਚ ਸ਼ੱਕੀ ਹਾਲਾਤ 'ਚ ਮੌਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸੁਲਤਾਨਪੁਰ ਲੋਧੀ ਦੇ ਜਵਾਲਾ ਸਿੰਘ ਨਗਰ ਨਾਲ ਸੰਬੰਧਤ ਇੱਕ ਨੌਜਵਾਨ ਰੋਜ਼ੀ ਰੋਟੀ ਕਮਾਉਣ ਲਈ 15 ਸਾਲ ਪਹਿਲਾ ਇਟਲੀ ਗਿਆ ਸੀ। ਜਿੱਥੇ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ ਹੋਣ ਦੀ ਖਬਰ ਹੈ। ਮ੍ਰਿਤਕ ਨਰਿੰਦਰ ਸਿੰਘ ਦੇ ਪਿਤਾ ਹਰਜੀਤ ਸਿੰਘ ਨਿਵਾਸੀ ਮੁਹੱਲਾ ਜਵਾਲਾ ਸਿੰਘ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਉਸ ਦਾ ਲੜਕਾ 2009 'ਚ ਇਟਲੀ ਗਿਆ ਸੀ ਜੋ ਕਿ 19 ਜਨਵਰੀ ਦੀ ਰਾਤ ਨੂੰ ਸੈਰ ਕਰਨ ਲਈ ਗਿਆ ਸੀ। ਉਸ ਤੋਂ ਬਾਅਦ ਜਦੋਂ ਅਸੀਂ ਉਸ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਸ ਨਾਲ ਸੰਪਰਕ ਵੀ ਨਹੀਂ ਹੋਇਆ । ਜਿਸ ਤੋਂ ਬਾਅਦ ਅਸੀਂ ਆਪਣੇ ਦੂਸਰੇ ਲੜਕੇ ਨੂੰ ਇਸ ਬਾਰੇ ਦੱਸਿਆ ਜੋ ਕਿ ਇਟਲੀ ਵਿਖੇ ਹੀ ਰਹਿੰਦਾ ਹੈ। ਜਿਸ ਨੇ ਉਸ ਦੇ ਗੁੰਮ ਹੋਣ ਦੀ ਸ਼ਿਕਾਇਤ ਇਟਲੀ ਵਿਖੇ ਦਰਜ ਕਰਵਾਈ। ਜਿੱਥੇ ਉਸ ਨੂੰ ਪਤਾ ਲੱਗਾ ਕਿ ਉਹ ਉਨ੍ਹਾਂ ਦੇ ਲੜਕੇ ਨਰਿੰਦਰ ਸਿੰਘ ਦੀ ਭੇਦਭਰੇ ਹਾਲਾਤ 'ਚ ਮੌਤ ਹੋ ਗਈ ਹੈ। ਉਨ੍ਹਾਂ ਨੇ ਭਾਰਤੀ ਅੰਬੈਸੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਮੰਗ ਕੀਤੀ ਕਿ ਨਰਿੰਦਰ ਸਿੰਘ ਦੀ ਲਾਸ ਭਾਰਤ ਵਾਪਸ ਮੰਗਵਾਉਣ ਚ ਸਾਡੀ ਸਹਾਇਤਾ ਕੀਤੀ ਜਾਵੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕਰਵਾਈ ਜਾਵੇ।

## ਰੋੜੀ ਨੇ ਆਸਰੋਂ ਚੌਕੀ ਦਾ ਸੰਭਾਲਿਆ ਅਹੁਦਾ



**ਬਲਾਚੌਰ/ਕਾਠਗੜ੍ਹ (ਸੁਭਾਸ਼ ਭਾਟੀਆ)**- ਪੁਲਸ ਆਸਰੋਂ ਚੌਕੀ ਦਾ ਅਹੁਦਾ ਏ ਐਸ ਆਈ ਬਿਕਰਮ ਸਿੰਘ ਰੋੜੀ ਨੇ ਸੰਭਾਲ ਲਿਆ ਹੈ । ਇਸ ਤੋਂ ਪਹਿਲਾਂ ਬਿਕਰਮ ਸਿੰਘ ਵੱਖ ਵੱਖ ਥਾਣਿਆਂ ਤੇ ਚੌਕੀਆਂ ਵਿੱਚ ਆਪਣੀਆਂ ਵਧੀਆ ਸੇਵਾਵਾਂ ਦੇ ਚੁੱਕੇ ਹਨ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਸ਼ਰਾਰਤੀ ਤੱਤਾਂ 'ਤੇ ਨਕੇਲ ਕੱਸੀ ਜਾਵੇਗੀ ਅਤੇ ਹਾਈਟੈਕ ਨਾਕੇ 'ਤੇ ਵਾਹਨਾਂ ਦੀ ਚੈਕਿੰਗ ਨੂੰ ਹੋਰ ਵੀ ਵਧਾਇਆ ਜਾਵੇਗਾ। ਕਿਸੇ ਵੀ ਸ਼ਰਾਰਤੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਨਸ਼ਾ ਤਸਕਰ, ਰੇਤ ਦਾ ਗੈਰ ਕਾਨੂੰਨੀ ਕੰਮ ਕਰਨ 'ਤੇ ਪੁਲਸ ਦੀ ਬਾਜ ਨਜ਼ਰ ਰਹੇਗੀ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਸਰੀਰਕ ਸ਼ੋਸ਼ਣ ਕਰਨ ਵਾਲਿਆਂ 'ਤੇ ਵੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਉਨਾਂ ਕਿਹਾ ਕਿ ਘਰ ਤੋ ਚੱਲਣ ਸਮੇਂ ਹਰ ਵਿਅਕਤੀ ਆਪਣੀਆਂ ਗੱਡੀਆਂ, ਮੋਟਰਸਾਈਕਲਾਂ ਤੇ ਹੋਰ ਵਾਹਨਾਂ ਦੇ ਕਾਗਜ਼ਾਤ ਪੂਰੇ ਲੈ ਕੇ ਹੀ ਨਿਕਲਣ । ਉਨਾਂ ਕਿਹਾ ਕਿ ਸਨੈਚਿੰਗ, ਲੁੱਟ ਖਸੁੱਟ ਕਰਨੇ ਵਾਲਿਆਂ 'ਤੇ ਵੀ ਸਖਤ ਕਾਰਵਾਈ ਕੀਤੀ ਜਾਵੇਗੀ । ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਲਾਕੇ ਵਿੱਚ ਅਮਨ ਸ਼ਾਂਤੀ ਬਰਕਰਾਰ ਰੱਖਣ ਲਈ ਪੁਲਸ ਦਾ ਸਹਿਯੋਗ ਕੀਤਾ ਜਾਵੇ।

## ਮਾਮੂਲੀ ਗੱਲ ਨੇ ਧਾਰਿਆ ਹਿੰਸਕ ਰੂਪ, ਭੰਨੀਆਂ ਕਾਰਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸੁਲਤਾਨਪੁਰ ਦੇ ਪਿੰਡ ਦੀਪੇਵਾਲ ਵਿੱਚ ਇੱਕ ਮਾਮੂਲੀ ਗੱਲ ਨੇ ਹਿੰਸਕ ਰੂਪ ਧਾਰ ਲਿਆ ਜਿਸ ਦੇ ਚਲਦਿਆਂ, ਪਿੰਡ 'ਚ ਸ਼ਰੀਕੇ ਭਾਈਚਾਰੇ 'ਚ ਲੜਾਈ ਹੋਈ ਹੈ ਜਿਸ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਝਗੜਾ ਹੋਣ 'ਤੇ ਇਕ ਕਾਰ ਵੀ ਤੋੜੀ ਗਈ। ਇਸ ਤਕਰਾਰ ਵਿੱਚ 2 ਲੋਕ ਜ਼ਖਮੀ ਹੋਏ। ਦੂਜੇ ਪਾਸੇ ਪੁਲਸ ਨੇ ਮਾਮਲੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਾਰੇ ਝਗੜੇ ਦੀ ਮੌਕੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਜਿਸ ਵਿੱਚ ਇੱਕ ਨੌਜਵਾਨ ਨੂੰ ਬੰਧਕ ਬਣਾ ਕੇ ਕੁੱਟਮਾਰ ਕੀਤੀ ਗਈ ਹੈ ।

## ਭਗਤੀ ਕੇਵਲ ਪ੍ਰਮਾਤਮਾ ਦੇ ਦਰਸ਼ਨ ਨਾਲ ਹੀ ਸ਼ੁਰੂ ਹੁੰਦੀ : ਮਾਤਾ ਸੁਦੀਕਸ਼ਾ

**ਚੰਡੀਗੜ੍ਹ -ਪੰਚਕੂਲਾ (ਕ੍ਰਿਸ਼ਨ ਗਰਗ)**- ਪਰਮਾਤਮਾ ਨੂੰ ਜਿਸ ਵੀ ਨਾਮ ਨਾਲ ਬੁਲਾਇਆ ਜਾਵੇ, ਅਸਲ ਭਗਤੀ ਬ੍ਰਹਮਗਿਆਨ ਦੁਆਰਾ ਪਰਮਾਤਮਾ ਦੇ ਦਰਸ਼ਨ ਕਰਨ ਨਾਲ ਹੀ ਸ਼ੁਰੂ ਹੁੰਦੀ ਹੈ। ਇਹ ਇਲਾਹੀ ਪ੍ਰਵਚਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਮਹਾਰਾਸ਼ਟਰ ਦੇ 57ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਵਿੱਚ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਸਤਿਗੁਰੂ ਮਾਤਾ ਅਤੇ ਨਿਰੰਕਾਰੀ ਰਾਜਪਿਤਾ ਦੀ ਪਵਿੱਤਰ ਹਜ਼ੂਰੀ ਵਿੱਚ ਨਾਗਪੁਰ ਦੇ ਮੀਹਾਨ ਐਸ ਈ ਜ਼ੈਡ ਖੇਤਰ ਵਿੱਚ ਕਰਵਾਏ ਗਏ ਇਸ ਤਿੰਨ ਰੋਜ਼ਾ ਸੰਤ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਅਤੇ ਪਰਵਾਰਾਂ ਨੇ ਸ਼ਿਰਕਤ ਕੀਤੀ ਅਤੇ ਸਾਰਿਆਂ ਨੇ ਇਲਾਹੀ ਦਰਸ਼ਨ ਅਤੇ ਪਵਿੱਤਰ ਪ੍ਰਵਚਨਾਂ ਦਾ ਆਨੰਦ ਲਿਆ।ਸਤਿਗੁਰੂ ਮਾਤਾ ਨੇ ਆਪਣੇ ਅਸ਼ੀਰਵਾਦ ਵਿੱਚ ਕਿਹਾ ਕਿ ਉਸ ਨਿਰੰਕਾਰ ਪਰਮਾਤਮਾ ਨੂੰ ਜੋ ਹਰ ਥਾਂ ਮੌਜੂਦ ਹੈ, ਜਿਸ ਵਿੱਚ ਸਾਰੇ ਬ੍ਰਹਿਮੰਡ ਦਾ ਹਰ ਕਣ ਸਮਾਇਆ ਹੋਇਆ ਹੈ, ਜੋ ਸਥਿਰ, ਬੇਅੰਤ ਅਤੇ ਸਰਵ ਵਿਆਪਕ ਹੈ, ਨੂੰ ਅਨੁਭਵ ਕਰਨ ਉਪਰੰਤ ਜਦੋਂ ਅਸੀਂ ਆਪਣੇ ਭਾਵਾਤਮਕ ਰੂਪ ਵਿੱਚ ਉਸ ਨਾਲ ਇਕਮਿਕ ਹੋ ਜਾਂਦੇ ਹਾਂ, ਤਦ ਮਨੁੱਖੀ ਗੁਣ ਆਪਣੇ ਆਪ ਸਾਡੇ ਅੰਦਰ ਸਮਾ ਜਾਂਦੇ ਹਨ। ਸਮਾਗਮ ਦੇ ਦੂਜੇ ਦਿਨ ਦੀ ਸ਼ੁਰੂਆਤ ਸੇਵਾ ਦਲ ਦੀ ਆਕਰਸ਼ਕ ਰੈਲੀ ਨਾਲ ਹੋਈ। ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੇਵਾ ਦਲ ਦੇ ਵੀਰਾਂ-ਭੈਣਾਂ ਨੇ ਵਰਦੀ ਪਹਿਨ ਕੇ ਸ਼ਮੂਲੀਅਤ ਕੀਤੀ। ਸਤਿਗੁਰੂ ਮਾਤਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਦਾ ਮਿਸ਼ਨ ਦੇ ਸੇਵਾ ਦਲ ਦੇ ਅਧਿਕਾਰੀਆਂ ਨੇ ਬ੍ਰਹਮ ਜੋੜੇ ਦਾ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ। ਸੇਵਾ ਦਲ ਦੀ ਰੈਲੀ ਦਾ ਨਿਰੀਖਣ ਕਰਨ ਉਪਰੰਤ ਸਤਿਗੁਰੂ ਮਾਤਾ ਸੁਦੀਕਸ਼ਾ ਨੇ ਮਿਸ਼ਨ ਦੀ ਸ਼ਾਂਤੀ ਦਾ ਪ੍ਰਤੀਕ ਚਿੱਟਾ ਝੰਡਾ ਲਹਿਰਾਇਆ।ਨਿਰੰਕਾਰੀ ਪ੍ਰਦਰਸ਼ਨੀ ਲਗਾਈ ਗਈ ।

# ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ ਹਾਈ ਸਪੀਡ ਰੇਲ ਕਾਰੀਡੋਰ ਲਈ ਪਬਲਿਕ ਕੰਸਲਟੇਸ਼ਨ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)** ਪ੍ਰਸਤਾਵਿਤ ਦਿੱਲੀ-ਚੰਡੀਗੜ੍ਹ-ਅੰਮ੍ਰਿਤਸਰ ਹਾਈ ਸਪੀਡ ਰੇਲ ਕਾਰੀਡੋਰ ਦੇ ਵਾਤਾਵਰਣ ਅਤੇ ਸਮਾਜਿਕ ਪ੍ਰਭਾਵਾਂ ਤੋਂ ਜਨਤਾ ਨੂੰ ਜਾਣੂ ਕਰਵਾਉਣ ਦੇ ਮਕਸਦ ਨਾਲ ਨੈਸ਼ਨਲ ਹਾਈ ਸਪੀਡ ਰੇਲ ਕਾਰਪੋਰੇਸ਼ਨ ਲਿਮਟਿਡ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਐਸ.ਏ.ਐਸ ਨਗਰ, ਮੋਹਾਲੀ ਦੇ ਮੀਟਿੰਗ ਹਾਲ ਵਿਖੇ ਇੱਕ ਜਨਤਕ ਸਲਾਹ-ਮਸ਼ਵਰਾ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਮਾਲ ਅਫ਼ਸਰ ਅਮਨਦੀਪ ਚਾਵਲਾ ਨੇ ਕੀਤੀ ਜਦਕਿ ਐਨ ਐਚ ਐਸ ਆਰ ਸੀ ਐਲ ਦੇ ਨੁਮਾਇੰਦੇ ਅਨਿਲ ਕੁਮਾਰ ਵੱਲੋਂ ਪ੍ਰਸਤਾਵ ਦੇ ਵੇਰਵੇ ਸਾਂਝੇ ਕੀਤੇ ਗਏ। ਅਨਿਲ ਕੁਮਾਰ ਨੇ ਕਿਸਾਨਾਂ ਨੂੰ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ ਜਿਸ ਨਾਲ ਜ਼ਿਲ੍ਹੇ ਦੇ 43 ਪਿੰਡਾਂ ਦੀ 117.17 ਹੈਕਟੇਅਰ ਜ਼ਮੀਨ ਐਕੁਆਇਰ ਹੋ ਸਕਦੀ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ 474.772 ਕਿਲੋਮੀਟਰ ਲੰਬੇ ਪ੍ਰੋਜੈਕਟ ਦੀ ਕੁੱਲ ਲੰਬਾਈ 55.613 ਕਿਲੋਮੀਟਰ ਹੈ। ਇਸ ਪ੍ਰੋਜੈਕਟ ਵਿੱਚ ਚੰਡੀਗੜ੍ਹ ਨੇੜੇ ਪ੍ਰਸਤਾਵਿਤ ਸਟੇਸ਼ਨ ਦਿਆਲਪੁਰ, ਬਾਕਰਪੁਰ, ਸ਼ਫੀਪੁਰ ਅਤੇ ਰੁੜਕਾ ਪਿੰਡਾਂ ਤੇ ਅਧਾਰਿਤ ਹੋ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮੁਢਲੇ ਤੌਰ 'ਤੇ ਸਰਵੇਖਣ ਅਨੁਸਾਰ ਇਸ ਪ੍ਰੋਜੈਕਟ ਦੇ ਰਾਹ ਵਿੱਚ ਜ਼ਿਲ੍ਹੇ ਵਿੱਚ ਕੋਈ ਧਾਰਮਿਕ ਸਥਾਨ, ਵਿੱਦਿਅਕ ਸੰਸਥਾ, ਹਸਪਤਾਲ, ਪੁਰਾਤੱਤਵ ਸਮਾਰਕ, ਰਾਸ਼ਟਰੀ ਪਾਰਕ/ਜੰਗਲੀ ਜੀਵ, ਜੰਗਲ ਆਦਿ ਨਹੀਂ ਹੈ।ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਰੇਲ ਦੀ 350 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤਿਆਰ ਕੀਤਾ ਗਿਆ ਹੈ ਜਦਕਿ ਰੇਲ ਗੱਡੀ 320 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੇਗੀ। ਜਿਨ੍ਹਾਂ ਪਿੰਡਾਂ ਦੀ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਹੈ, ਉਨ੍ਹਾਂ ਵਿੱਚ ਖੇਲਾਂ, ਰਾਜਪੁਰ ਜਾਂ ਰਜ਼ਾਪੁਰ, ਮਾਹਲਾਂ, ਜੋਧਪੁਰ, ਨਗਲਾ, ਸਾਰੰਗਪੁਰ, ਹੰਡੇਸਰਾ, ਸੀਹਾਪੁਰ, ਬਰਾਨਾ ਜਾਂ ਬਡਾਣਾ, ਜੌਲਾ ਕਲਾਂ, ਮੀਆਂਪੁਰ, ਬਗਵਾਸੀ, ਮੂਸੇਪੁਰ ਜਾਂ ਮੂਸਾਪੁਰ, ਜਵਾਹਰਪੁਰ, ਜਨੇਤਪੁਰ, ਦੇਵੀ ਨਗਰ, ਬੀੜ ਬਾਕਰਪੁਰ, ਮੁਹੰਮਦਪੁਰਾ , ਧਨੌਨੀ , ਪਰਾਗਪੁਰ, ਬੈਰਾਗਪੁਰ , ਸੀਤਾਬਗੜ੍ਹ , ਛੱਤ , ਦਿਆਲਪੁਰਾ, ਬਾਕਰਪੁਰ, ਰੁੜਕਾ, ਕੰਬਾਲਾ, ਚਿੱਲਾ, ਮਨੌਲੀ, ਰਾਏਪੁਰ ਖੁਰਦ , ਦੁਰਾਲੀ, ਸਨੇਟਾ , ਰਾਏਪੁਰ ਕਲਾਂ, ਸ਼ਾਮਪੁਰ, ਭਰਤਪੁਰ, ਗਿਦੜਪੁਰ, ਮੱਛਲੀ ਛੋਟੀ, ਚੂਹੜ ਮਾਜਰਾ , ਮੱਛਲੀ ਕਲਾਂ, ਮਕੜਾ, ਟੋਡਰ ਮਾਜਰਾ, ਮਜਾਤ ਅਤੇ ਚੁੰਨੀ ਖੁਰਦ ਸ਼ਾਮਲ ਹਨ।ਜ਼ਿਲ੍ਹਾ ਮਾਲ ਅਫ਼ਸਰ ਅਮਨਦੀਪ ਚਾਵਲਾ ਨੇ ਹਾਜ਼ਰ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਕੋਲ ਕੋਈ ਸੁਝਾਅ ਜਾਂ ਇਤਰਾਜ਼ ਹਨ, ਤਾਂ ਉਹ ਲਿਖਤੀ ਰੂਪ ਵਿੱਚ ਦੇਣ ਤਾਂ ਜੋ ਸਬੰਧਤ ਏਜੰਸੀ ਨੂੰ ਵਿਚਾਰਨ ਲਈ ਪੇਸ਼ ਕੀਤਾ ਜਾ ਸਕੇ।

# ਮਾਸਟਰ ਮੋਤਾ ਸਿੰਘ ਪਤਾਰਾ ਬੱਬਰ ਨੂੰ ਤਿਰੰਗਾ ਲਹਿਰਾ ਕੇ ਦਿੱਤੀ ਸ਼ਰਧਾਂਜਲੀ



**ਜਲੰਧਰ ( ਇਕਬਾਲ ਸਿੰਘ ਉਭੀ)** ਬੱਬਰ ਅਕਾਲੀ ਲਹਿਰ ਦੇ ਸਿਰਲੱਥ ਯੋਧੇ ਮਾਸਟਰ ਮੋਤਾ ਸਿੰਘ ਪਤਾਰਾ ਦੀ ਸਮਾਧ 'ਤੇ ਪਿੰਡ ਦੀ ਪੰਚਾਇਤ ਦੀ ਦੇਖ-ਰੇਖ ਹੇਠ ਤਿਰੰਗਾ ਲਹਿਰਾਇਆ ਗਿਆ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਸੁਖਬੀਰ ਸਿੰਘ ਸ਼ਾਲੀਮਾਰ, ਪਰਮਜੀਤ ਸਿੰਘ ਪੰਮਾ ਵਾਈਸ ਚੇਅਰਮੈਨ ਕਸ਼ਯਪ ਰਾਜਪੂਤ ਮਹਾਂਸਭਾ ਜਲੰਧਰ ਇਕਾਈ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਰਣਜੀਤ ਸਿੰਘ ਰਾਣਾ ਤੇ ਸਰਪੰਚ ਸਤਪਾਲ ਪਤਾਰਾ ਨੇ ਸ਼ਮੂਲੀਅਤ ਕੀਤੀ। ਤਿਰੰਗੇ ਦੀ ਰਸਮ ਉਪਰੰਤ ਸਭਾ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਰਾਣਾ ਨੇ ਕਿਹਾ ਕਿ ਜਿਸ ਮਹਾਨ ਕੌਮ ਨੇ 95% ਕੁਰਬਾਨੀਆਂ ਦੇ ਕੇ ਦੇਸ਼ ਦੀ ਆਜ਼ਾਦੀ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੋਵੇ, ਉਨ੍ਹਾਂ ਮਹਾਨ ਸੂਰਮਿਆਂ ਤੋਂ ਸਮੇਂ ਦੀਆਂ ਮੌਜੂਦਾ ਸਰਕਾਰਾਂ ਟਾਲਾ ਵੱਟੀ ਬੈਠੀਆਂ ਹਨ। ਮਾਸਟਰ ਮੋਤਾ ਸਿੰਘ ਪਤਾਰਾ ਬੱਬਰ ਨੇ ਦੇਸ਼ ਦੀ ਆਜ਼ਾਦੀ ਤੇ ਖਾਲਸਾ ਰਾਜ ਦੀ ਸਥਾਪਨਾ ਵਿੱਚ ਮਹਾਨ ਕੁਰਬਾਨੀ ਤੇ ਯੋਗਦਾਨ ਪਾਇਆ ਹੈ। ਮਾਸਟਰ ਮੋਤਾ ਸਿੰਘ ਬੱਬਰ ਦੀ ਵਿਰਾਸਤ ਨੂੰ ਸੰਭਾਲਣ ਲਈ ਸਮਾਜ ਸੇਵੀ ਤੇ ਦੇਸ਼ ਨਾਲ ਪਿਆਰ ਕਰਨ ਵਾਲੀਆਂ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਸੁਖਬੀਰ ਸਿੰਘ ਸ਼ਾਲੀਮਾਰ ਨੇ ਕਿਹਾ ਕਿ ਅੱਜ ਸਾਡੇ ਮਹਾਨ ਯੋਧਿਆਂ ਦੀਆਂ ਯਾਦਗਾਰਾਂ ਦੇ ਇਤਿਹਾਸ ਦੱਬੇ ਕੁਚਲੇ ਜਾ ਰਹੇ ਹਨ ਜਿਸ ਪ੍ਰਤੀ ਸਰਕਾਰ ਅਜੋਕੇ ਸਮੇਂ ਸੁਹਿਰਦ ਭੂਮਿਕਾਵਾਂ ਨਹੀਂ ਨਿਭਾ ਰਹੀਆਂ। ਇਸ ਮੌਕੇ ਠੇਕੇਦਾਰ ਪਰਮਜੀਤ ਸਿੰਘ ਨੇ ਕਿਹਾ ਕਿ ਅਸੀਂ ਅੱਜ ਉਹਨਾਂ ਸੂਰਮਿਆਂ ਦੀ ਬਦੌਲਤ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸ. ਮੋਤਾ ਸਿੰਘ ਬੱਬਰ ਦੀ ਲਸਾਨੀ ਕੁਰਬਾਨੀ ਨੂੰ ਸੰਭਾਲਣ ਲਈ ਆਉਂਦੇ ਸਾਲ ਵੱਡੇ ਪੱਧਰ 'ਤੇ ਪ੍ਰੋਗਰਾਮ ਕਰਨ ਦਾ ਐਲਾਨ ਕੀਤਾ ਤੇ ਯਾਦਗਾਰ ਨੂੰ ਸੁੰਦਰ ਬਣਾਇਆ ਜਾਵੇਗਾ। ਇਸ ਮੌਕੇ ਬਲਵੀਰ ਸਿੰਘ, ਬਲਰਾਜ ਸਿੰਘ, ਜਸਵਿੰਦਰ ਸਿੰਘ ਰਾਣਾ, ਪ੍ਰਕਾਸ਼ ਸਿੰਘ, ਰਾਮ ਆਸਰਾ, ਜਥੇਦਾਰ ਬਲਵੀਰ ਸਿੰਘ, ਜਸਵੀਰ ਸਿੰਘ ਕੁੱਕੀ ਆਦਿ ਹਾਜ਼ਰ ਸਨ।

## ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਅਧਾਰਤ ਝਾਂਕੀਆਂ ਨੂੰ ਭਰਵਾਂ ਹੁੰਗਾਰਾ : ਰੰਧਾਵਾ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜਿਲ੍ਹੇ ਵਿੱਚ ਵੱਖ ਵੱਖ ਥਾਈਂ ਪੁੱਜਣ 'ਤੇ ਇਹਨਾਂ ਝਾਕੀਆਂ ਦਾ ਸਵਾਗਤ ਕੀਤਾ ਗਿਆ। ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕੌਮੀ ਗਣਤੰਤਰ ਦਿਵਸ ਲਈ ਤਿਆਰ ਕੀਤੀਆਂ ਝਾਕੀਆਂ, ਜਿਨ੍ਹਾਂ ਨੂੰ ਉੱਥੇ ਪ੍ਰਦਰਸ਼ਿਤ ਕਰਨ ਦੀ ਇਜਾਜਤ ਨਹੀਂ ਦਿੱਤੀ ਗਈ, ਨੂੰ ਪੰਜਾਬ ਦੇ ਲੋਕਾਂ ਨੂੰ ਦਿਖਾਉਣ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਭਾਂਖਰਪੁਰ ਵਿਖੇ ਝਾਂਕੀਆਂ ਦਾ ਸਵਾਗਤ ਹਲਕਾ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੀਤਾ। ਇਸ ਬਾਬਤ ਹੋਰ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਵਿਧਾਇਕ ਨੇ ਦੱਸਿਆ ਕਿ ਝਾਕੀਆਂ ਚਪੜਚਿੜੀ ਯਾਦਗਾਰ ਤੋਂ ਸ਼ੁਰੂ ਹੋਈਆਂ, ਜਿੱਥੇ ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਪਤਵੰਤਿਆਂ ਨੇ ਇਹਨਾਂ ਨੂੰ ਰਵਾਨਾ ਕੀਤਾ। ਉਸ ਤੋਂ ਬਾਅਦ ਇਹ ਲਾਂਡਰਾਂ ਲਾਈਟ ਪੁਆਇੰਟ, ਸਨੇਟਾ, ਦੈੜੀ, ਏਅਰਪੋਰਟ ਚੌਕ, ਛੱਤ ਲਾਈਟ ਪੁਆਇੰਟ, ਡੇਰਾਬਸੀ ਹੁੰਦੇ ਹੋਏ ਜਵਾਹਰਪੁਰ ਪੁੱਜੀਆਂ ਜਿੱਥੇ ਝਾਕੀਆਂ ਨੂੰ ਜਿਲ੍ਹੇ ਦੇ ਵੱਖ ਵੱਖ ਖੇਤਰਾਂ ਵਿੱਚ ਲੈ ਕੇ ਜਾਣ ਦਾ ਕਾਰਜ ਸੰਪੰਨ ਹੋਇਆ।

ਇਨ੍ਹਾਂ ਝਾਕੀਆਂ ਨੇ ਪੰਜਾਬ ਦੇ ਮਹਾਨ ਯੋਧਿਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ: ਦੀਵਾਨ ਸਿੰਘ ਕਾਲੇਪਾਣੀ, ਮਦਨ ਲਾਲ ਢੀਂਗਰਾ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ (ਪਗੜੀ ਸੰਭਾਲ ਜੱਟਾ ਲਹਿਰ), ਬਾਬਾ ਖੜਗ ਸਿੰਘ, ਜਲ੍ਹਿਆਂ ਵਾਲੇ ਬਾਗ ਦੀ ਗਾਥਾ, ਮਹਾਨ ਨਾਰੀ ਯੋਧਾ ਮਾਈ ਭਾਗੋ ਜਿਨ੍ਹਾਂ ਨੇ 40 ਮੁਕਤਿਆਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਬਾਰਾ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਜਿਵੇਂ ਫੁਲਕਾਰੀ ਆਦਿ ਨੂੰ ਦਰਸਾਇਆ ਗਿਆ ਹੈ।

## ਗਣਤੰਤਰ ਦਿਵਸ 'ਤੇ ਅਧਿਆਪਕ ਰਣਜੀਤ ਸਿੰਘ ਰਾਣਾ ਦਾ ਵਿਸ਼ੇਸ਼ ਸਨਮਾਨ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : 26 ਜਨਵਰੀ ਨੂੰ ਐਸ ਡੀ ਐਮ ਦਫਤਰ ਕੰਪਲੈਕਸ ਸ਼ਾਹਕੋਟ ਦੀ ਵਿਸ਼ਾਲ ਗਰਾਊਂਡ ਵਿਖੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਕਈ ਅਧਿਕਾਰੀਆਂ, ਰਾਜਨੀਤਿਕ ਵਿਅਕਤੀਆਂ ਅਤੇ ਹੋਰ ਮਾਨਯੋਗ ਸ਼ਖ਼ਸੀਅਤਾਂ ਨੇ ਆਪਣੀ ਹਾਜ਼ਰੀ ਲਗਵਾ ਕੇ ਸ਼ਰਧਾ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਸਵੇਰੇ 10 ਵਜੇ ਐਸ.ਡੀ.ਐਮ ਰਿਸ਼ਭ ਬਾਂਸਲ ਨੇ ਤਿਰੰਗਾ ਲਹਿਰਾਇਆ। ਇਸ ਮੌਕੇ ਜਿੱਥੇ ਮਾਰਚ ਪਾਸਟ ਵਿਸ਼ੇਸ਼ ਖਿੱਚ ਦਾ ਕਾਰਨ ਰਿਹਾ ਉਥੇ ਵੱਖ-ਵੱਖ ਸਕੂਲਾਂ ਨੇ ਦੇਸ਼ ਪ੍ਰੇਮ ਨਾਲ ਭਰਪੂਰ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ। ਇਸ ਉਪਰੰਤ ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਦੇ ਅਧਿਆਪਕ ਮਾ: ਰਣਜੀਤ ਸਿੰਘ ਰਾਣਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਕਲਚਰ ਐਕਟੀਵਿਟੀਜ਼ ਤਿਆਰੀਆਂ ਅਤੇ ਹੋਰ ਗਤੀਵਿਧੀਆਂ ਤੋਂ ਇਲਾਵਾ ਮਾਰਚ ਪਾਸਟ ਦੀ ਤਿਆਰੀ ਅਤੇ ਹੋਰ ਸੰਬੰਧਤ ਕਾਰਗੁਜ਼ਾਰੀਆਂ ਵਾਸਤੇ ਦਿੱਤਾ ਗਿਆ। ਮਾ: ਰਣਜੀਤ ਸਿੰਘ ਰਾਣਾ ਵੱਲੋਂ ਐਸ.ਡੀ.ਐਮ ਸ਼ਾਹਕੋਟ ਰਿਸ਼ਭ ਬਾਂਸਲ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ 'ਚ ਸਪੈਸ਼ਲ ਟ੍ਰੇਨਿੰਗ ਸੈਸ਼ਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਵਿਖੇ ਸਪੈਸ਼ਲ ਟ੍ਰੇਨਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਡਾ.ਵੀ.ਕੇ.ਧੀਰ ਦੀ ਪ੍ਰਧਾਨਗੀ ਹੇਠ ਮਕੈਨੀਕਲ ਇੰਜਨੀਅਰਿੰਗ ਵਿਭਾਗ ਦੇ ਇੰਚਾਰਜ ਡਾ: ਗੌਰਵ ਪਰਾਸ਼ਰ ਨੇ ਦੱਸਿਆ ਕਿ ਰਿਆਤ ਬਾਹਰਾ ਗਰੁੱਪ ਦੇ ਸਕਿੱਲ ਡਿਵੈਲਪਮੈਂਟ ਸੈਂਟਰ ਮੁਹਾਲੀ ਵੱਲੋਂ ਚਲਾਈ ਗਈ ਇਹ ਮੁਹਿੰਮ ਹੈ ਜਿਸ ਵਿੱਚ ਕੈਂਪਸ ਵਿੱਚ ਵਿਦਿਆਰਥੀਆਂ ਨੂੰ ਦੇਸ਼ ਦੀ ਵੱਡੀ ਆਟੋਮੋਬਾਈਲ ਕੰਪਨੀ ਦੁਆਰਾ ਵਾਹਨਾਂ ਤੋਂ ਫੈਲ ਰਹੇ ਪ੍ਰਦੂਸ਼ਣ ਨੂੰ ਘੱਟ ਕਰਨ ਅਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਨਵੀਂ ਤਕਨੀਕ ਬਾਰੇ ਦੱਸਿਆ ਗਿਆ । ਇਸ ਮੌਕੇ ਕੰਪਨੀ ਦੇ ਮਾਹਰ ਸੁਰੇਸ਼ ਭੱਟ ਅਤੇ ਅਨੁਰੁਧ ਸ਼ਰਮਾ ਨੇ ਵੀ ਵਿਦਿਆਰਥੀਆਂ ਨੂੰ ਇੰਜਨ ਮੈਨੇਜਮੈਂਟ ਸਿਸਟਮ ਅਤੇ ਐਸਹੌਸਟ ਆਫ਼ਟਰ ਟਰੀਟਮੈਂਟ ਸਿਸਟਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਕਾਲਜ ਦੇ ਡੀਨ ਡਾ. ਜਯੋਤਸਨਾ ਨੇ ਕੰਪਨੀ ਦੇ ਮਾਹਰਾਂ ਦਾ ਅਤੇ ਕੰਪਨੀ ਦੀ ਆਟੋਮੋਬਾਈਲ ਵੈਨ ਦੇ ਨਾਲ ਕੈਂਪਸ ਵਿੱਚ ਆਉਣ ਅਤੇ ਵਿਦਿਆਰਥੀਆਂ ਨੂੰ ਵਾਤਾਵਰਣ ਨੂੰ ਸ਼ੁੱਧ ਰੱਖਣ ਵਾਲੇ ਯੰਤਰਾਂ ਬਾਰੇ ਅਮਲੀ ਰੂਪ ਵਿੱਚ ਜਾਣੂ ਕਰਵਾਉਣ ਲਈ ਧੰਨਵਾਦ ਕੀਤਾ।

ਇਸ ਮੌਕੇ ਰਾਜੀਵ ਸ਼ਰਮਾ, ਮੈਨੇਜਰ ਰੀਜਨਲ ਕੰਪੀਟੈਂਸ ਡਿਵੈਲਪਮੈਂਟ ਸੈਂਟਰ ਨਾਰਥ, ਸਹਾਇਕ ਪ੍ਰੋ: ਸਾਹਿਲ ਕੈਂਥ ਅਤੇ ਹਿਤੇਸ਼ ਕੁਮਾਰ ਅਤੇ ਮਕੈਨੀਕਲ ਵਿਭਾਗ ਦੇ ਵਿਦਿਆਰਥੀ ਹਾਜ਼ਰ ਸਨ।

# ਜਸਵੀਰ ਰਾਜਾ ਵੱਲੋਂ 'ਆਪ' ਦੇ ਮਿਹਨਤੀ ਵਰਕਰਾਂ ਨੂੰ ਵਧਾਈ



**ਅੱਡਾ ਸਰਾਂ (ਜਸਵੀਰ ਕਾਜਲ)** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵੀ ਜਿੱਥੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਸੂਬੇ ਦਾ ਸਰਬਪੱਖੀ ਵਿਕਾਸ ਕਰਕੇ ਪੰਜਾਬ ਨੂੰ ਹਰ ਪੱਖੋਂ ਸੰਪੂਰਨ ਕੀਤਾ ਜਾ ਰਿਹਾ ਹੈ। ਉਥੇ ਹੀ ਪਾਰਟੀ ਵਾਸਤੇ ਦਿਨ ਰਾਤ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਟਾਂਡਾ ਹਲਕਾ ਵਿਧਾਇਕ ਜਸਬੀਰ ਸਿੰਘ ਨੇ ਪਾਰਟੀ ਵਜੋਂ ਨਵ ਨਿਯੁਕਤ ਅਹੁਦੇਦਾਰ ਸਬੰਧੀ ਜਾਣਕਾਰੀ ਦਿੰਦੇ ਹੋਏ ਕੀਤਾ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਪਾਰਟੀ ਹਾਈ ਕਮਾਂਡ ਵੱਲੋਂ ਜਾਰੀ ਕੀਤੀ ਗਈ ਲਿਸਟ ਅਨੁਸਾਰ ਹਲਕਾ ਟਾਂਡਾ ਤੋਂ ਚੌਧਰੀ ਰਾਜਵਿੰਦਰ ਸਿੰਘ ਰਾਜਾ ਨੂੰ ਜਿਲ੍ਹਾ ਯੂਥ ਪ੍ਰਧਾਨ, ਜਸਵੀਰ ਸਿੰਘ ਨੰਗਲ ਖੁੰਗਾ ਨੂੰ ਬੁੱਧੀਜੀਵੀ ਵਰਗ ਦਾ ਜਿਲਾ ਸਕੱਤਰ, ਪ੍ਰੇਮ ਜੈਨ ਵਪਾਰੀ ਵਿੰਗ ਦਾ ਜਿਲ੍ਹਾ ਸਕੱਤਰ, ਅਮਰਪ੍ਰੀਤ ਸਿੰਘ ਪ੍ਰਿੰਸ ਜਿਲਾ ਇਵੈਂਟ ਇੰਚਾਰਜ ਅਤੇ ਗੁਰਦੀਪ ਸਿੰਘ ਹੈਪੀ ਨੂੰ ਜ਼ਿਲ੍ਹਾ ਸੈਕਟਰੀ ਰੂਲਰਸ ਨਿਯੁਕਤ ਕੀਤਾ ਗਿਆ ਹੈ ਜੋ ਕਿ ਹਲਕਾ ਉੜਮੜ ਟਾਂਡਾ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕ ਦਿੰਦੇ ਹੋਏ ਦੱਸਿਆ ਕਿ ਇਹਨਾਂ ਸਾਰੇ ਨਿਯੁਕਤ ਅਹੁਦੇਦਾਰਾਂ ਨੂੰ ਜਿਲਾ ਪੱਧਰ ਤੇ ਕਰਵਾਏ ਜਾ ਰਹੇ ਸਨਮਾਨ ਸਮਾਰੋਹ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

## ਵਿਸ਼ਵ ਜੰਗ 'ਚ ਹਿੱਸਾ ਲੈਣ ਵਾਲੇ ਫੌਜੀਆਂ ਦੀਆਂ ਵਿਧਾਵਾਵਾਂ ਦੀ ਪੈਨਸ਼ਨ 'ਚ ਵਾਧਾ ਲੋਕਾਂ ਨੂੰ ਮੂਰਖ ਬਣਾਉਣਾ : ਸੰਜੀਵਨ

**ਮੁਹਾਲੀ (ਗੁਰਜੀਤ ਬਿੱਲਾ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਬੀਤੇ ਕੱਲ੍ਹ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ 106 ਸਾਲ ਪਹਿਲਾਂ ਹੋਈ ਪਹਿਲੀ ਵਿਸ਼ਵ ਜੰਗ ਅਤੇ 79 ਸਾਲ ਪਹਿਲਾਂ ਹੋਈ ਦੂਜੀ ਵਿਸ਼ਵ ਜੰਗ ਵਿਚ ਹਿੱਸਾ ਲੈਣ ਵਾਲੇ 65 ਸਾਲ ਤੋਂ ਵੱਧ ਉਮਰ ਵਾਲੇ ਸਾਬਕਾ ਫੌਜੀਆਂ ਦੀਆਂ ਵਿਧਾਵਾਵਾਂ ਦੀ ਪੈਨਸ਼ਨ 6 ਹਜ਼ਾਰ ਤੋਂ ਵਧਾ ਕੇ 10 ਹਜ਼ਾਰ ਦਾ ਵਾਧਾ ਕਰਨਾ ਇਹ ਦਰਸਾਉਂਦਾ ਹੈ ਕਿ ਭਗਵੰਤ ਮਾਨ ਸਰਕਾਰ ਲੋਕਾਂ ਨੂੰ ਮੂਰਖ ਸਮਝਦੀ ਹੈ। ਭਗਵੰਤ ਮਾਨ ਸਰਕਾਰ ਦੇ ਉਕਤ ਫੈਸਲੇ 'ਤੇ ਹੈਰਾਨੀ ਪ੍ਰਗਟ ਕਰਦੇ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਇਕ ਸਦੀ ਪਹਿਲਾਂ ਹੋਈ ਪਹਿਲੀ ਵਿਸ਼ਵ ਜੰਗ ਅਤੇ ਅੱਠ ਦਹਾਕੇ ਪਹਿਲਾਂ ਹੋਈ ਦੂਜੀ ਵਿਸ਼ਵ ਜੰਗ ਵਿਚ ਹਿੱਸਾ ਲੈਣ ਵਾਲੇ ਪੈਂਹਠ ਸਾਲ ਤੋਂ ਵੱਧ ਉਮਰ ਵਾਲੇ ਸਾਬਕਾ ਫੌਜੀਆਂ ਦੀਆਂ ਵਿਧਾਵਾਵਾਂ ਜਿਊਂਦਾ ਹੋਣ। ਉਨ੍ਹਾਂ ਕਿਹਾ ਕਿ ਇਸ ਕਿਸਮ ਦੇ ਹਾਸੋਹੀਣੇ ਤੇ ਬੇਤੁਕੇ ਫੈਸਲੇ ਕਰਨ ਲਈ ਪੰਜਾਬ ਸਰਕਾਰ ਅਕਸਰ ਹੀ ਚਰਚਾ ਵਿਚ ਰਹਿੰਦੀ ਹੈ।

## ਸੀ ਐਚ ਸੀ ਬੜਾ ਪਿੰਡ 'ਚ ਵਿਸ਼ਵ ਕੋਹੜ ਦਿਵਸ ਮਨਾਇਆ



**ਫਿਲੌਰ, ( ਨਿਰਮਲ)** ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਲੋਂ ਕੋਹੜ ਦੀ ਬਿਮਾਰੀ ਤੋਂ ਬਚਾਅ ਅਤੇ ਇਲਾਜ ਤੋਂ ਜਾਣਕਾਰੀ ਦੇਣ ਲਈ ਵਿਸ਼ਵ ਕੋਹੜ ਦਿਵਸ ਦੇ ਮੌਕੇ ਤੇ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ।ਇਸ ਮੌਕੇ ਸੰਬੋਧਨ ਕਰਦੇ ਹੋਏ ਸੀਨੀਅਰ ਮੈਡੀਕਲ ਅਫ਼ਸਰ ਡਾ ਅਮਿਤਾ ਲੂਨਾ ਨੇ ਦੱਸਿਆ ਕਿ ਸੰਸਾਰ ਦੇ ਤਕਰੀਬਨ 52 ਫੀਸਦੀ ਨਵੇਂ ਕੋਹੜ ਦੇ ਮਰੀਜ ਹਰ ਸਾਲ ਕੇਵਲ ਭਾਰਤ 'ਚ ਪਾਏ ਜਾਂਦੇ ਹਨ ਜੋਕਿ ਇੱਕ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਕਿਹਾ ਕਿ ਕੋਹੜ ਦੀ ਬਿਮਾਰੀ ਇੱਕ ਬੈਕਟੀਰੀਆ ਤੋਂ ਫੈਲਦੀ ਹੈ ਅਤੇ ਲੰਬੇ ਸਮੇਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਦੇ ਸੰਪਰਕ ਵਿੱਚ ਹੋਣ 'ਤੇ ਹੀ ਫੈਲ ਸਕਦੀ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਇਹ ਬਿਮਾਰੀ ਪੂਰਨ ਤੌਰ ਤੇ ਇਲਾਜ ਯੋਗ ਹੈ। ਸਰਕਾਰ ਵਲੋਂ ਕੋਹੜ ਦੀ ਬਿਮਾਰੀ ਖਤਮ ਕਰਨ ਲਈ ਨੈਸ਼ਨਲ ਲੈਪਰੈਸੀ ਇਰੈਡੀਕੇਸ਼ਨ ਪ੍ਰੋਗਰਾਮ ਸ਼ੁਰੂ ਕੀਤਾ ਹੈ। ਜਿਸ ਤਹਿਤ ਮਰੀਜ਼ਾਂ ਦਾ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਜੇਕਰ ਕਿਸੇ ਮਰੀਜ਼ ਦੇ ਸਫੈਦ ਰੰਗ ਦੇ ਚੰਮੜੀ ਉਪਰ ਦਾਗ ਹੋਣ ਤੇ ਮਰੀਜ਼ ਨੂੰ ਠੰਡਾ ਗਰਮ ਮਹਿਸੂਸ ਨਾ ਹੋਵੇ ਤਾ ਉਹ ਕੋਹੜ ਦੇ ਲੱਛਣ ਹੋ ਸਕਦੇ ਹਨ। ਇਸ ਦੀ ਤਰੁੰਤ ਸਰਕਾਰੀ ਹਸਪਤਾਲ ਵਿੱਚ ਜਾਚ ਕਰਵਾਉਣੀ ਚਾਹੀਦੀ ਹੈ।ਆਯੁਰਵੇਦਿਕ ਮੈਡੀਕਲ ਅਫ਼ਸਰ ਡਾ ਬਲਜਿੰਦਰ ਸਿੰਘ ਨੇ ਸਰਕਾਰ ਵੱਲੋਂ 5 ਫਰਵਰੀ ਨੂੰ ਮਨਾਏ ਜਾਣ ਵਾਲੇ ਡੀਵਾਰਮਿਗ ਦਿਵਸ ਸਬੰਧੀ ਟ੍ਰੇਨਿੰਗ ਦਿੱਤੀ। ਇਸ ਮੌਕੇ ਤੇ ਹੈਲਥ ਸੁਪਰਵਾਈਜਰ ਸਤਨਾਮ, ਹੈਲਥ ਸੁਪਰਵਾਈਜਰ ਕੁਲਦੀਪ ਵਰਮਾ ਤੇ ਸਮੂਹ ਸਟਾਫ ਹਾਜ਼ਰ ਸੀ।

## ਮਾਰੂ ਨਸ਼ਿਆਂ ਨੂੰ ਰੋਕਣ ਲਈ ਸੂਬਾ ਤੇ ਕੇਂਦਰ ਸਰਕਾਰ ਅਸਫਲ : ਕਿਸਾਨ ਮਜ਼ਦੂਰ ਮੋਰਚਾ



**ਬਲਾਚੌਰ/ਕਾਠਗੜ੍ਹ (ਸੁਭਾਸ਼ ਭਾਟੀਆ)**- ਪੰਜਾਬ ਨੂੰ ਬਰਬਾਦ ਕਰਨ ਲਈ ਮਾਰੂ ਨਸ਼ੇ ਵੱਡਾ ਰੋਲ ਅਦਾ ਕਰ ਰਹੇ ਹਨ ਪ੍ਰੰਤੂ ਸੂਬਾ ਤੇ ਕੇਂਦਰ ਸਰਕਾਰਾਂ ਨਸ਼ਿਆਂ ਨੂੰ ਰੋਕਣ ਲਈ ਫੇਲ੍ਹ ਸਾਬਤ ਹੋਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਨੇ ਪਿੰਡ ਮੁੱਤੋਂ ਵਿਚ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਆਪਣੇ ਪਿੰਡ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਮਾਰੂ ਨਸ਼ਿਆਂ ਦੀ ਮੰਗ ਤੋੜੀ ਜਾਵੇ ਤੇ ਸਪਲਾਈ ਰੋਕ ਦਿੱਤੀ ਜਾਵੇ ਅਤੇ ਨਸ਼ਿਆਂ ਵਿਰੁੱਧ ਆਮ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕੀਤੀ ਜਾਵੇ ਤੇ ਸੰਘਰਸ਼ ਤੇਜ਼ ਕੀਤਾ ਜਾਵੇ। ਇਸ ਮੌਕੇ ਸੂਬਾਈ ਆਗੂ ਸਾਥੀ ਕੇਵਲ ਨੇ ਮੰਗ ਕੀਤੀ ਕਿ ਕਿਸਾਨਾਂ-ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮਾਫ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਸਾਲ ਵਿੱਚ 200 ਦਿਨ ਦਾ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਉਸਾਰੀ ਮਜ਼ਦੂਰਾਂ ਵੱਲ ਪੰਜਾਬ ਸਰਕਾਰ ਵਿਸ਼ੇਸ਼ ਧਿਆਨ ਦੇਵੇ। ਇਸ ਮੌਕੇ ਸਾਥੀ ਹਰਪਾਲ ਸਿੰਘ ਮੱਕੋਵਾਲ, ਕਰਨੈਲ ਸਿੰਘ ਭੱਲਾ ਅਤੇ ਪ੍ਰੇਮ ਬਾਵਾ ਨੇ ਮੰਗ ਕੀਤੀ ਕਿ ਕਿਸਾਨਾਂ ਨੂੰ ਫਸਲਾਂ ਦੀ ਖਰੀਦ 'ਤੇ ਐਮ ਐਸ ਪੀ ਦੀ ਗਰੰਟੀ ਦਿੱਤੀ ਜਾਵੇ। ਇਸ ਮੌਕੇ ਜਰਨੈਲ ਸਿੰਘ ਗੁਰਮੀਤ ਸਿੰਘ ਮਨਜੀਤ ਸਿੰਘ ਪਿਆਰਾ ਲਾਲ ਆਦਿ ਵੀ ਹਾਜ਼ਰ ਸਨ।

## ਵਰਿੰਦਰ ਕੌਰ ਆਪ 'ਚ ਸ਼ਾਮਲ



**ਮਾਹਿਲਪੁਰ (ਸ.ਫ਼ਰੀ)**-ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਮੋਇਲਾ ਵਾਹਿਦਪੁਰ ਦੇ ਸੁਤੰਤਰਤਾ ਸੈਲਾਨੀ ਈਸ਼ਰ ਸਿੰਘ ਬੇਦੀ ਦੀ ਪੋਤਰੀ ਮਹਿਲਾ ਆਗੂ ਵਰਿੰਦਰ ਕੌਰ ਚੇਅਰਪਰਸਨ ਸਟੇਟ ਫਰੀਡਮ ਫਾਈਟਰਸ ਸਕਸੈਸਰ ਆਰਗਨਾਈਜੇਸ਼ਨ ਤੇ ਚੇਅਰਪਰਸਨ ਨੈਸ਼ਨਲ ਐਂਟੀਕਰਪਸ਼ਨ ਫਾਊਂਡੇਸ਼ਨ ਆਫ਼ ਇੰਡੀਆ ਨੇ ਅੱਜ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਸਮੇਂ ਉਹਨਾਂ ਨਾਲ ਉਹਨਾਂ ਦੇ ਪਤੀ ਕੁਲਦੀਪ ਕੁਮਾਰ ਪਾਸੀ ਵੀ ਹਾਜ਼ਰ ਸਨ। ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਵਰਿੰਦਰ ਕੌਰ ਕਾਫ਼ੀ ਲੰਬੇ ਸਮੇਂ ਤੋਂ ਸਮਾਜ ਸੇਵਾ ਦਾ ਕਾਰਜ ਕਰ ਰਹੇ ਹਨ ਤੇ ਅਸੀਂ ਇਹਨਾਂ ਨੂੰ ਆਪ 'ਚ ਸ਼ਾਮਲ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਮਹਿਲਾ ਆਗੂ ਵਰਿੰਦਰ ਕੌਰ ਨੇ ਕਿਹਾ ਕਿ ਉਹ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਹਲਕੇ 'ਚ ਨਿਰਪੱਖਤਾ ਨਾਲ ਹੋ ਰਹੇ ਵਿਕਾਸ ਕਾਰਜਾਂ ਕਰਕੇ ਆਪ 'ਚ ਸ਼ਾਮਲ ਹੋਏ ਹਨ।

## 'ਆਪ' ਵੱਲੋਂ ਰਾਓ ਕੈਂਡੋਵਾਲ ਤੇ ਹਰਵਿੰਦਰ ਖਾਲਸਾ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸੈਕਟਰੀ ਨਿਯੁਕਤ





**ਮਾਹਿਲਪੁਰ (ਸ.ਫ਼ਰੀ)**-ਆਮ ਆਦਮੀ ਪਾਰਟੀ ਦੇ ਜਿਲ੍ਹਾ ਹੁਸ਼ਿਆਰਪੁਰ ਤੋਂ ਜਨੂੰਨੀ, ਕਨੂੰਨੀ, ਜੁਝਾਰੂ, ਅਣਥੱਕ ਮਿਹਨਤੀ, ਪੜ੍ਹੇ ਲਿਖੇ ਤੇ ਸੂਝਵਾਨ ਸਾਥੀ ਰਾਓ ਕੈਂਡੋਵਾਲ ਤੇ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੂੰ ਪਾਰਟੀ ਪ੍ਰਤੀ ਸ਼ੁਰੂਆਤੀ ਸਾਲਾਂ ਤੋਂ ਨਿਭਾਈਆ ਜਾ ਰਹੀਆ ਸੇਵਾਵਾਂ ਨੂੰ ਧਿਆਨ 'ਚ ਰੱਖਦਿਆਂ ਵੱਡੀਆ ਜਿੰਮੇਵਾਰੀਆ ਦਿੱਤੀਆ ਗਈਆ ਹਨ ਤਾਂ ਜੋ ਆਉਣ ਵਾਲੀਆ ਲੋਕ ਸਭਾ ਚੋਣਾਂ 'ਚ ਲੋਕ ਸਭਾ ਹਲਕਾ ਹੁਸ਼ਿਆਰਪੁਰ 'ਚ ਜਿੱਤ ਦਰਜ ਕੀਤੀ ਜਾ ਸਕੇ।ਪਾਰਟੀ ਵੱਲੋਂ ਰਾਓ ਕੈਂਡੋਵਾਲ ਨੂੰ ਬੁੱਧਜੀਵੀ ਵਿੰਗ ਜਿਲ੍ਹਾ ਹੁਸ਼ਿਆਰਪੁਰ ਦਾ ਜਿਲ੍ਹਾ ਪ੍ਰਧਾਨ ਅਤੇ ਹਰਵਿੰਦਰ ਸਿੰਘ ਖਾਲਸਾ ਨੂੰ ਜਿਲ੍ਹਾ ਸੈਕਟਰੀ ਐਕਸ ਸਰਵਿਸਮੈਨ ਵਿੰਗ ਹੁਸ਼ਿਆਰਪੁਰ ਦਾ ਜਿਲ੍ਹਾ ਸੈਕਟਰੀ ਨਿਯੁਕਤ ਕੀਤਾ ਗਿਆ ਹੈ।ਚੋਣਵੇਂ ਪੱਤਰਕਾਰਾਂ ਨਾਲ ਪਾਰਟੀ ਵੱਲੋਂ ਕੀਤੀਆ ਨਿਯੁਕਤੀ ਸੰਬੰਧੀ ਚਰਚਾ ਕਰਦਿਆ ਰਾਓ ਕੈਂਡੋਵਾਲ ਨੇ ਕਿਹਾ ਗਿਆ ਕਿ ਨੇੜ ਭਵਿੱਖ ਵਿੱਚ ਆਉਣ ਵਾਲੀਆ ਲੋਕ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਪੰਜਾਬ 'ਚ ਸਾਰੀਆ ਲੋਕ ਸਭਾ ਸੀਟਾਂ 'ਤੇ ਜਿੱਤ ਦਰਜ ਕਰਕੇ ਨਵਾਂ ਰਿਕਾਰਡ ਸਥਾਪਿਤ ਕਰੇਗੀ।ਇਸ ਮੌਕੇ ਰਾਓ ਕੈਂਡੋਵਾਲ ਤੇ ਹਰਵਿੰਦਰ ਸਿੰਘ ਖਾਲਸਾ ਵੱਲੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ, ਕੌਮੀ ਜਨਰਲ ਸਕੱਤਰ ਰਾਜ ਸਭਾ ਮੈਂਬਰ ਸੰਦੀਪ ਪਾਠਕ, ਕਾਰਜਕਾਰੀ ਪ੍ਰਧਾਨ ਆਪ ਪੰਜਾਬ ਬੁੱਧ ਸਿੰਘ ਅਤੇ ਰਾਸ਼ਟਰੀ, ਸਟੇਟ, ਜਿਲ੍ਹਾ, ਹਲਕਾ, ਬਲਾਕ ਤੇ ਬੂਥ ਪੱਧਰ ਤੱਕ ਦੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਉਹ ਪਾਰਟੀ ਨੂੰ ਪੰਜਾਬ ਤੇ ਦੇਸ਼ ਵਿਚ ਮਜਬੂਤ ਕਰਨ ਲਈ ਦਿਨ ਰਾਤ ਇਕ ਕਰਨਗੇ।

## ਸ਼ੋਕ ਸਮਾਚਾਰ



**ਫਗਵਾੜਾ (ਡਾ. ਰਮਨ)** ਸਾਬਕਾ ਕੌਂਸਲਰ ਬੀਰਾ ਰਾਮ ਵਲਜੋਤ ਦੀ ਧਰਮ ਪਤਨੀ ਸ੍ਰੀਮਤੀ ਚਰਨਜੀਤ ਕੌਰ ਜੋ ਬੀਤੀ 20 ਜਨਵਰੀ ਨੂੰ ਆਪਣੀ ਸੰਸਾਰਿਕ ਯਾਤਰਾ ਪੂਰਨ ਕਰਦੇ ਹੋਏ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਵਿਰਾਜੇ ਹਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਅਤੇ ਅੰਤਿਮ ਅਰਦਾਸ 31 ਜਨਵਰੀ ਦਿਨ ਬੁੱਧਵਾਰ ਨੂੰ ਦੁਪਿਹਰ 1 ਤੋਂ 2 ਵਜੇ ਤੱਕ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਹੋਵੇਗੀ।

## ਸ਼ੋਕ ਸਮਾਚਾਰ

**ਫਿਲੌਰ (ਨਿਰਮਲ)** ਨਗਰ ਕੌਂਸਲ ਫਿਲੌਰ ਦੇ ਸਾਬਕਾ ਕੌਂਸਲਰ ਪਰਮਜੀਤ ਭਾਰਤੀ ਦੇ ਪਿਤਾ ਰਾਮ ਸਰੂਪ ਮੰਗਲਵਾਰ ਸਵਰਗ ਸਿਧਾਰ ਗਏ।ਉਨ੍ਹਾਂ ਦਾ ਅੰਤਿਮ ਸੰਸਕਾਰ ਫਿਲੌਰ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।ਭਾਰੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਸੱਜਣ, ਕੌਂਸਲਰ ਵੱਖ-ਵੱਖ ਸਿਆਸੀ, ਧਾਰਮਿਕ, ਜਥੇਬੰਦੀਆਂ ਦੇ ਆਗੂ ਅਤੇ ਆਪ ਪਾਰਟੀ ਦੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ, ਪੱਤਰਕਾਰ ਅਤੇ ਹੋਰ ਹਾਜ਼ਰ ਸਨ ਜਿਨ੍ਹਾਂ ਪਰਮਜੀਤ ਭਾਰਤੀ ਨਾਲ ਦੁੱਖ ਸਾਂਝਾ ਕੀਤਾ।

## ਮੈਡੀਕਲ ਕੈਂਪ ਅੱਜ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਫੋਰਟਿਸ ਹਸਪਤਾਲ ਮੋਹਾਲੀ ਅਤੇ ਪਾਹਵਾ ਮਲਟੀਸਪੈਸ਼ਲਿਟੀ ਹਸਪਤਾਲ ਨਵਾਂਸ਼ਹਿਰ ਦੁਆਰਾ 31 ਜਨਵਰੀ ਬੁੱਧਵਾਰ ਸਵੇਰੇ 10:00 ਵਜੇ ਤੋਂ 2:00 ਵਜੇ ਤੱਕ ਨਵਾਂਸ਼ਹਿਰ ਵਿਖੇ ਬੱਚਿਆਂ ਦੇ ਦਿਲ ਦੇ ਸੰਬੰਧਿਤ ਰੋਗਾਂ ਅਤੇ ਬੱਚਿਆਂ ਦੇ ਜਨਰਲ ਰੋਗਾਂ ਦੀ ਜਾਂਚ ਬੱਚਿਆਂ ਦੇ ਦਿਲ 'ਚ ਛੇਦ ਹੋਣਾ ਬਾਰ-ਬਾਰ ਨਿਮੋਨਿਆ ਹੋਣਾ ਬੱਚਿਆਂ ਦਾ ਪੂਰਾ ਵਿਕਾਸ (ਗਰੋਥ) ਨਾ ਹੋਣਾ ਵਾਲਵ ਦਾ ਬੰਦ ਹੋਣਾ ਜਾ ਲੀਕ ਹੋਣਾ ਹੱਥ-ਪੈਰ ਜਾਂ ਬੁੱਲ੍ਹਾਂ ਦਾ ਨੀਲਾ ਪੈ ਜਾਣਾ ਬੱਚਿਆਂ ਦਾ ਸਾਹ ਤੇਜ-ਤੇਜ ਚੱਲਣਾ ਅਤੇ ਬੱਚਿਆਂ ਦੀ ਮੁਫ਼ਤ ਵਿੱਚ ਹੋਰ ਸਾਰੀਆਂ ਬੀ ਮੁਫ਼ਤ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ ਪਾਹਵਾ ਮਲਟੀਸਪੈਸ਼ਲਿਟੀ ਹਸਪਤਾਲ ਮੋਤਾ ਸਿੰਘ ਨਗਰ, ਨਵਾਂਸ਼ਹਿਰ ਅੱਜ ਲਗਾਇਆ ਜਾਣਾ ਹੈ ਇਸ ਸੰਬੰਧੀ ਜਾਣਕਾਰੀ ਹਰਵਿੰਦਰ ਸਿੰਘ ਨੇ ਦਿੱਤੀ ਕਿ ਇਸ ਕੈਂਪ ਵਿੱਚ ਇਸ ਕੈਂਪ ਵਿੱਚ ਬੱਚਿਆਂ ਦੀ ਇਕੋ ਸਕ੍ਰੀਨਿੰਗ ਵੀ ਮੁਫ਼ਤ ਹੋਵੇਗੀ।

## ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਅਧਾਰਤ ਝਾਂਕੀਆਂ ਨੂੰ ਭਰਵਾਂ ਹੁੰਗਾਰਾ : ਵਿਧਾਇਕ ਰੰਧਾਵਾ

**ਡੇਰਾਬਸੀ (ਕ੍ਰਿਸ਼ਨ ਗਰਗ)**-ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਇਤਿਹਾਸ ਤੇ ਸੱਭਿਆਚਾਰ ਨੂੰ ਦਰਸਾਉਂਦੀਆਂ ਝਾਕੀਆਂ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜ਼ਿਲ੍ਹੇ ਵਿਚ ਵੱਖ ਵੱਖ ਥਾਈਂ ਪੁੱਜਣ ਉੱਤੇ ਇਨ੍ਹਾਂ ਝਾਕੀਆਂ ਦਾ ਸਵਾਗਤ ਕੀਤਾ ਗਿਆ। ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕੌਮੀ ਗਣਤੰਤਰ ਦਿਵਸ ਲਈ ਤਿਆਰ ਕੀਤੀਆਂ ਝਾਕੀਆਂ, ਜਿਨ੍ਹਾਂ ਨੂੰ ਉੱਥੇ ਪ੍ਰਦਰਸ਼ਿਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ, ਨੂੰ ਪੰਜਾਬ ਦੇ ਲੋਕਾਂ ਨੂੰ ਦਿਖਾਉਣ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ।ਡੇਰਾਬਸੀ, ਭਾਂਖਰਪੁਰ ਵਿਖੇ ਝਾਕੀਆਂ ਦਾ ਸਵਾਗਤ ਹਲਕਾ ਡੇਰਾਬਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੀਤਾ। ਇਸ ਬਾਬਤ ਹੋਰ ਜਾਣਕਾਰੀ ਸਾਂਝੀ ਕਰਦਿਆਂ ਹਲਕਾ ਵਿਧਾਇਕ ਨੇ ਦੱਸਿਆ ਕਿ ਅੱਜ ਇਹ ਝਾਕੀਆਂ ਚਪੜਚਿੜੀ ਯਾਦਗਾਰ ਤੋਂ ਸ਼ੁਰੂ ਹੋਈਆਂ, ਜਿੱਥੇ ਪਿੰਡਾਂ ਦੇ ਪੰਚਾਂ ਸਰਪੰਚਾਂ ਤੇ ਪਤਵੰਤਿਆਂ ਨੇ ਇਨ੍ਹਾਂ ਨੂੰ ਰਵਾਨਾ ਕੀਤਾ। ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਬੇਮਿਸਾਲ ਹੈ। ਇਨ੍ਹਾਂ ਝਾਕੀਆਂ ਰਾਹੀਂ ਦਰਸਾਇਆ ਜਾ ਰਿਹਾ ਮਹਾਨ ਇਤਿਹਾਸ ਅਤੇ ਸੱਭਿਆਚਾਰ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਲਾਹੇਵੰਦ ਹੋਵੇਗਾ।ਇਨ੍ਹਾਂ ਝਾਕੀਆਂ ਨੇ ਪੰਜਾਬ ਦੇ ਮਹਾਨ ਯੋਧਿਆਂ; ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ: ਦੀਵਾਨ ਸਿੰਘ ਕਾਲੇਪਾਣੀ, ਮਦਨ ਲਾਲ ਢੀਂਗਰਾ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ (ਪਗੜੀ ਸੰਭਾਲ ਜੱਟਾ ਲਹਿਰ), ਬਾਬਾ ਖੜਗ ਸਿੰਘ, ਜਲ੍ਹਿਆਂ ਵਾਲੇ ਬਾਗ ਦੀ ਗਾਥਾ, ਮਹਾਨ ਨਾਰੀ ਯੋਧਾ ਮਾਈ ਭਾਗੋ ਜਿਨ੍ਹਾਂ ਨੇ 40 ਮੁਕਤਿਆਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਬਾਰਾ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਪੰਜਾਬੀ ਸੱਭਿਆਚਾਰ ਜਿਵੇਂ ਫੁਲਕਾਰੀ ਆਦਿ ਨੂੰ ਦਰਸਾਇਆ ਗਿਆ ਹੈ।

## ਕੁਸ਼ਟ ਰੋਗ ਸੰਬੰਧੀ ਜਾਗਰੂਕਤਾ ਸਮੇਂ ਦੀ ਮੁੱਖ ਲੋੜ : ਡਾ. ਹਰਜਿੰਦਰ ਸਿੰਘ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)** ਸਿਵਲ ਸਰਜਨ ਕਪੂਰਥਲਾ ਡਾ. ਰਿੱਟਾ ਬਾਲਾ ਦੇ ਦਿਸ਼ਾ ਨਿਰਦੇਸ਼ਨ ਹੇਠ ਸੀਨੀਅਰ ਮੈਡੀਕਲ ਅਫ਼ਸਰ ਐਸ.ਡੀ.ਐਚ ਭੁੱਲਥ ਡਾ. ਹਰਜਿੰਦਰ ਸਿੰਘ ਨੇ ਕੁਸ਼ਟ ਰੋਗ ਦੀ ਜਾਂਚ ਅਤੇ ਇਲਾਜ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਇਆਂ ਕਿ ਚਮੜੀ ਤੇ ਹਲਕੇ ਤਾਂਬੇ ਰੰਗ ਦੇ ਧੱਬੇ ਕੁਸ਼ਟ ਰੋਗ ਭਾਵ ਲੈਪਰੋਸੀ ਦੀ ਨਿਸ਼ਾਨੀ ਹੁੰਦੇ ਹੈ। ਸੁੰਨਾਪਨ ਚਮੜੀ ਦੇ ਹੇਠਾਂ ਦੀਆਂ ਨਸਾਂ ਦੀ ਖਰਾਬੀ ਕਾਰਨ ਹੁੰਦਾ ਹੈ। ਇਸ ਬਿਮਾਰੀ ਕਾਰਨ ਨਸਾਂ ਮੋਟੀਆਂ ਤੇ ਸਖ਼ਤ ਹੋ ਜਾਂਦੀਆਂ ਹਨ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਦੱਸਇਆ ਕਿ ਕੁਸ਼ਟ ਰੋਗ ਤੋਂ ਪ੍ਰਭਾਵਿਤ ਹਿੱਸੇ ਤੇ ਮਰੀਜ਼ ਨੂੰ ਠੰਡੇ ਤੱਤੇ ਅਤੇ ਕਿਸੇ ਵੀ ਤਰ੍ਹਾਂ ਦੀ ਸੱਟ ਅਤੇ ਹਥਿਆਰ ਨਾਲ ਸੱਟ ਲੱਗਣ ਦਾ ਪਤਾ ਨਹੀਂ ਲਗਦਾ ਜਿਸ ਕਾਰਨ ਸਰੀਰ ਦੀ ਕਰੂਪਤਾ ਜਾਂ ਅੰਗਹੀਣਤਾ ਹੋ ਜਾਂਦੀ ਹੈ।

"ਕੁਸ਼ਟ ਰੋਗ" ਹੋਣ 'ਤੇ ਨਸ਼ਾਂ ਦੀ ਖਰਾਬੀ ਕਾਰਨ ਮਾਸਪੇਸ਼ੀਆਂ ਵੀ ਕੰਮ ਕਰਨਾ ਬੰਦ ਕਰ ਦਿੰਦਿਆਂ ਹਨ, ਜਿਸ ਕਾਰਨ ਸਰੀਰ ਦੇ ਅੰਗ ਮੁੜ ਜਾਂਦੇ ਹਨ ਅਤੇ ਸੁੰਨੇਪਨ ਕਾਰਨ ਕਈ ਵਾਰ ਇਹ ਅੰਗ ਸੱਟ ਲੱਗਣ 'ਤੇ ਸਰੀਰ ਤੋਂ ਝੜ ਜਾਂਦੇ ਹਨ। ਇਸ ਦੇ ਨਾਲ ਹੀ ਤੱਤੇ ਠੰਡੇ 'ਚ ਭੇਦ ਨਾ ਹੋਣ ਕਾਰਨ, ਨਾ ਠੀਕ ਹੋਣ ਵਾਲੇ ਜਖ਼ਮ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਅੱਖਾਂ ਵਿੱਚ ਇਹ ਬਿਮਾਰੀ ਹੋਣ ਤੇ ਅੱਖ ਪੂਰੀ ਤਰ੍ਹਾਂ ਬੰਦ ਨਹੀ ਹੁੰਦੀ ਜਿਸ ਕਾਰ ਅੱਖਾਂ ਵਿੱਚ ਚਿੱਟਾ ਪੈ ਜਾਂਦਾ ਹੈ ਤੇ ਮਰੀਜ਼ ਦੇ ਦੇਖਣ ਦੀ ਸ਼ਕਤੀ ਤੇ ਬੁਰਾ ਅਸਰ ਪੈਂਦਾ ਹੈ। ਇਸ ਦੌਰਾਨ ਉਨ੍ਹਾਂ ਇਹ ਵੀ ਦੱਸਿਆ ਕਿ ਇਸ ਦਾ ਇਲਾਜ ਸਿਹਤ ਵਿਭਾਗ ਵੱਲੋਂ ਮੁਫ਼ਤ ਕੀਤਾ ਜਾਂਦਾ ਹੈ।

## ਮੁਫਤ ਕੈਂਸਰ ਜਾਂਚ ਕੈਂਪ 2 ਨੂੰ

**ਸਾਹਕੋਟ (ਗਿਆਨ ਸੈਦਪੁਰੀ)** ਵਰੱਲਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਵੱਲੋਂ ਗੁਰੂ ਨਾਨਕ ਮਿਸ਼ਨ ਸੇਵਾ ਸੈਂਟਰ ਮਲਸੀਆਂ ਦੇ ਸਹਿਯੋਗ ਨਾਲ ਮੁਫਤ ਕੈਂਸਰ ਜਾਂਚ ਕੈਂਪ ਗੁਰਦੁਆਰਾ ਦਮਦਮਾ ਸਾਹਿਬ ਮਲਸੀਆਂ ਵਿਖੇ 2 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਦੀਪਕ ਸ਼ਰਮਾ, ਬਲਵੰਤ ਮਲਸੀਆਂ, ਪ੍ਰਿੰਸੀਪਲ ਮਨਜੀਤ ਸਿੰਘ, ਗੁਰਨਾਮ ਸਿੰਘ ਚੱਠਾ, ਗੁਰਚਰਨ ਸਿੰਘ ਚਾਹਲ ਅਤੇ ਅਸ਼ਵਨੀ ਕੁਮਾਰ ਭੁੱਟੋ ਨੇ ਦੱਸਿਆ ਕਿ ਇਹ ਮੁਫਤ ਕੈਂਪ ਸਵ. ਮਾਤਾ ਬਲਜੀਤ ਕੌਰ ਸਿੱਧੂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਔਰਤਾਂ ਅਤੇ ਮਰਦਾਂ ਦੇ ਹਰ ਤਰ੍ਹਾਂ ਦੇ ਕੈਂਸਰ ਦੀ ਜਾਂਚ ਕੀਤੀ ਜਾਵੇਗੀ ਤੇ ਹੋਰ ਲੋੜੀਂਦੇ ਟੈਸਟ ਵੀ ਮੁਫਤ ਕੀਤੇ ਜਾਣਗੇ। ਲੋੜਵੰਦ ਮਰੀਜਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੈਂਪ ਵਿੱਚ ਸਾਮ 4 ਵਜੇ ਤੱਕ ਪਹੁੰਚਣ ਵਾਲੇ ਮਰੀਜਾਂ ਦੀ ਹੀ ਜਾਂਚ ਕੀਤੀ ਜਾਵੇਗੀ ਤੇ ਇਸ ਤੋਂ ਬਾਅਦ ਆਉਣ ਵਾਲੇ ਮਰੀਜਾਂ ਦੀ ਰਜਿਸਟ੍ਰੇਸ਼ਨ ਨਹੀਂ ਕੀਤੀ ਜਾਵੇਗੀ।

## ਸ਼ਾਰਟ ਟਰਮ ਕੰਪਿਊਟਰ ਕੋਰਸਾਂ ਲਈ ਦਾਖਲਾ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਹੁਸ਼ਿਆਰਪੁਰ ਵਿਖੇ ਚੱਲ ਰਹੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕੈਂਪਸ ਵਿਚ ਰੈਗੂਲਰ ਡਿਪਲੋਮਾ/ਡਿਗਰੀ ਤੋਂ ਇਲਾਵਾ ਸ਼ਾਰਟ ਟਰਮ ਕੰਪਿਊਟਰ ਕੋਰਸ ਵੀ ਕਰਵਾਏ ਜਾਂਦੇ ਹਨ। ਇੰਸਟੀਚਿਊਟ ਦੇ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ (ਸੇਵਾਮੁਕਤ) ਬਲਜਿੰਦਰ ਵਿਰਕ ਨੇ ਦੱਸਿਆ ਕਿ ਇਨ੍ਹਾਂ ਕੋਰਸਾਂ ਲਈ ਘੱਟ ਤੋਂ ਘੱਟ ਯੋਗਤਾ 10ਵੀਂ/12ਵੀਂ ਪਾਸ ਹੋਣੀ ਚਾਹੀਦੀ ਹੈ। ਸ਼ਾਰਟ ਟਰਮ ਕੰਪਿਊਟਰ ਕੋਰਸਾਂ ਦਾ ਸਮਾਂ 3 ਮਹੀਨੇ ਦਾ ਹੋਵੇਗਾ। ਇਸ ਵਿਚ 75 ਫੀਸਦੀ ਜ਼ਿਲ੍ਹੇ ਦੇ ਸਾਬਕਾ ਸੈਨਿਕ ਅਤੇ ਇਨ੍ਹਾਂ ਤੋਂ ਇਲਾਵਾ 25 ਫੀਸਦੀ ਬਾਕੀ ਰਿਜ਼ਰਵ ਕੈਟੇਗਰੀ (ਐਸ ਸੀ/ਐਸ ਟੀ/ਓ ਬੀ ਸੀ) ਅਤੇ ਹੋਰ ਗਰੀਬ ਪਰਵਾਰਾਂ ਦੇ ਵਿਦਿਆਰਥੀ ਵੀ ਦਾਖਲਾ ਲੈ ਸਕਦੇ ਹਨ। ਇੰਸਟੀਚਿਊਟ ਦੇ ਪ੍ਰਿੰਸੀਪਲ ਡਾ: ਪਰਮਿੰਦਰ ਕੌਰ ਸੈਣੀ ਨੇ ਨਵੇਂ ਕੋਰਸ ਚਲਾਉਣ ਦਾ ਕਾਰਨ ਦੱਸਦਿਆਂ ਕਿਹਾ ਕਿ ਅਕਸਰ ਇਹ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਵਿਦਿਆਰਥੀ ਡਿਗਰੀਆਂ ਵੀ ਕਰ ਚੁੱਕੇ ਹੁੰਦੇ ਹਨ ਜਾਂ ਕਰ ਰਹੇ ਹੁੰਦੇ ਹਨ, ਪਰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਕੰਮਾਂ ਵਿਚ ਮਾਹਿਰ ਨਹੀਂ ਹੁੰਦੇ, ਜਿਵੇਂ ਕਿ ਕੋਈ ਵੀ ਰਿਪੋਰਟ ਤਿਆਰ ਕਰਨਾ, ਕੋਈ ਬੇਨਤੀ ਪੱਤਰ ਲਿਖਣਾ ਜਾਂ ਪ੍ਰਿੰਟ ਕਰਨਾ, ਸਰਕਾਰੀ ਪੋਰਟਲ 'ਤੇ ਆਪਣਾ ਵੇਰਵਾ ਦਾਖਲ ਕਰਨਾ, ਜਿਵੇਂ ਆਧਾਰ ਕਾਰਡ, ਪੈਨ ਕਾਰਡ ਜਾਂ ਰਿਟਰਨ ਭਰਨ ਲਈ ਯੋਗ ਹੋਣਾ।

## ਮਾਤਾ ਬਲਜੀਤ ਕੌਰ ਸਿੱਧੂ ਨਮਿਤ ਅੰਤਿਮ ਅਰਦਾਸ 2 ਨੂੰ



**ਸਾਹਕੋਟ (ਗਿਆਨ ਸੈਦਪੁਰੀ )**-ਕੈਨੇਡਾ ਦੇ ਓਂਟਾਰੀਓ ਸੂਬਾ ਦੇ ਬਰੈਂਪਟਨ ਸ਼ਹਿਰ ਤੋਂ ਮੈਂਬਰ ਪਾਰਲੀਮੈਂਟ ਮਨਿੰਦਰ ਸਿੱਧੂ ਦੇ ਦਾਦੀ ਅਤੇ ਉੱਘੇ ਸਮਾਜ ਸੇਵੀ ਪਰਮ ਸਿੱਧੂ, ਨਰਿੰਦਰ ਸਿੱਧੂ ਅਤੇ ਰਾਣਾ ਸਿੱਧੂ ਦੇ ਮਾਤਾ ਬਲਜੀਤ ਕੌਰ ਸਿੱਧੂ ਬੀਤੀ 19 ਨਵੰਬਰ ਨੂੰ ਕੈਨੇਡਾ ਵਿੱਚ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਪੁੱਤਰਾਂ ਦੇ ਪੰਜਾਬ ਆਉਣ 'ਤੇ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 2 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਮਲਸੀਆਂ (ਸਾਹਕੋਟ) ਵਿਖੇ ਪਾਏ ਜਾਣਗੇ। ਉਪਰੰਤ ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਹੋਵੇਗੀ।

## ਬੇਗਮਪੁਰਾ ਟਾਈਗਰ ਫੋਰਸ ਨੇ ਈ ਵੀ ਐਮ ਮਸ਼ੀਨਾਂ ਨੂੰ ਹਟਾਉਣ ਲਈ ਏ ਡੀ ਸੀ ਨੂੰ ਦਿੱਤਾ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ,ਓ ਪੀ ਰਾਣਾ)**-ਬੇਗਮਪੁਰਾ ਟਾਈਗਰ ਫੋਰਸ ਵਲੋਂ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਹੁਸ਼ਿਆਰਪੁਰ ਦੇ ਏ ਡੀ ਸੀ ਰਾਹੁਲ ਚਾਬਾ ਨੂੰ ਈ ਵੀ ਐਮ ਮਸ਼ੀਨਾਂ ਨੂੰ ਹਟਾ ਕੇ ਚੋਣਾਂ ਬੈਲਟ ਪੇਪਰ 'ਤੇ ਕਰਵਾਉਣ ਲਈ ਇੱਕ ਮੰਗ ਪੱਤਰ ਦਿੱਤਾ ਗਿਆ । ਮੰਗ ਪੱਤਰ ਵਿੱਚ ਉਨ੍ਹਾ ਕਿਹਾ ਕਿ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਰਤ ਵਿੱਚ ਸਰਕਾਰ ਚੁਣਨ ਦਾ ਮਹਾਨ ਕੰਮ ਚੋਣ ਕਮਿਸ਼ਨ ਕਰ ਰਿਹਾ ਹੈ ਤੇ ਕਰਦਾ ਹੈ । ਸੋ ਇਸ ਸਾਲ 2024 ਵਿੱਚ ਦੇਸ਼ 'ਚ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਤੇ ਵੋਟਾਂ ਪਾਉਣ ਸਮੇਂ ਸਾਡੇ ਦੇਸ਼ ਵਿੱਚ ਈ ਵੀ ਐਮ ਦੀ ਵਰਤੋਂ ਕੀਤੀ ਜਾਂਦੀ ਹੈ। ਜਦਕਿ ਵੋਟਾਂ ਪਾਉਣ ਲਈ ਇਨ੍ਹਾਂ ਵੋਟਿੰਗ ਮਸ਼ੀਨਾਂ ਦੀ ਕੀਤੀ ਜਾਂਦੀ ਵਰਤੋਂ ਪ੍ਰਤੀ ਦੇਸ਼ ਦੇ ਬਹੁਤ ਸਾਰੇ ਨਾਗਰਿਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਅਤੇ ਸ਼ੱਕ ਹੈ, ਜਿਸ ਕਾਰਨ ਪੂਰੇ ਭਾਰਤ ਦੇਸ਼ ਦੇ ਲੋਕਾਂ ਵਲੋਂ ਇਨ੍ਹਾਂ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ 'ਤੇ ਬਹੁਤ ਲੰਬੇ ਸਮੇਂ ਤੋਂ ਇਤਰਾਜ਼ ਕੀਤਾ ਜਾ ਰਿਹਾ ਹੈ। ਆਗੂਆਂ ਕਿਹਾ ਕਿ ਬੈਲਟ ਪੇਪਰਾਂ ਰਾਹੀਂ ਵੋਟਾਂ ਪਾਉਣ ਨਾਲ ਘੋਸ਼ਿਤ ਨਤੀਜੇ ਵਧੇਰੇ ਭਰੋਸੇ ਯੋਗ ਮੰਨੇ ਜਾਂਦੇ ਹਨ। ਸੋ ਦੇਸ਼ ਭਾਰਤ ਵਿੱਚ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਹੀ ਸਰਕਾਰ ਬਣਾਉਣ ਲਈ ਵੋਟਾਂ ਸਮੇਂ ਇਲੈਕਟ੍ਰੋਨਿਕ ਵੋਟਿੰਗ ਮਸੀਨਜ਼ ਦੀ ਬਜਾਏ ਬੈਲਟ ਪੇਪਰ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਦੇਸ ਦੇ ਨਾਗਰਿਕਾਂ ਦੇ ਮਨਾਂ ਵਿੱਚ ਚੋਣ ਪ੍ਰੀਕਿਰਿਆ ਪ੍ਰਤੀ ਭਰੋਸਾ ਕਾਇਮ ਹੋ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੋਰਸ ਦੇ ਮੀਡੀਆ ਇੰਚਾਰਜ ਚੰਦਰਪਾਲ ਹੈਪੀ, ਸਤੀਸ਼ ਕੁਮਾਰ ਸ਼ੇਰਗੜ੍ਹ, ਰਾਜ ਕੁਮਾਰ ਬੱਧਣ ਨਾਰਾ, ਅਮਨਦੀਪ, ਕਮਲਜੀਤ ਡਾਡਾ, ਰਵੀ ਸੁੰਦਰ ਨਗਰ, ਅਵਤਾਰ ਤਾਰੀ ਮਾਨਾ, ਦਿਲਬਾਗ ਸਿੰਘ ਬਾਘਾ, ਗਗਨਦੀਪ ਸਿੰਘ ਸ਼ੇਰਗੜ੍ਹ ਤੇ ਬਲਵਿੰਦਰ ਸਿੰਘ ਸ਼ੇਰਗੜ੍ਹ ਆਦਿ ਹਾਜ਼ਰ ਸਨ ।

# ਕਰਮਚਾਰੀ ਯੂਨੀਅਨ ਨੇ ਬਰਸਟ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਪੰਜਾਬ ਸਕੂਲ ਸਿੱਖਿਆ ਬੋਰਡ ਡੇਲੀਵੇਜ ਕਰਮਚਾਰੀ ਯੂਨੀਅਨ ਮੋਹਾਲੀ ਅਤੇ ਪੰਜਾਬ ਸਟੇਟ ਕੋ-ਆਪਰੇਟਿਵ, ਬੋਰਡ, ਕਾਰਪੋਰੇਸ਼ਨਸ, ਇੰਪਲਾਈਜ/ ਵਰਕਰਜ ਮਹਾਸੰਘ ਦੇ ਮੈਂਬਰ ਨੇ ਮੁਲਾਕਾਤ ਕੀਤੀ।

ਇਸ ਮੌਕੇ ਯੂਨੀਯਨ ਦੇ ਮੈਂਬਰਾਂ ਨੇ ਹਰਚੰਦ ਸਿੰਘ ਬਰਸਟ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਮ ਪੱਤਰ ਸੌਂਪਦੀਆਂ ਆਪਣੀਆਂ ਮੰਗਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪੰਜਾਬ ਸਕੂਲ ਸਿੱਖਿਆ ਬੋਰਡ ਡੇਲੀਵੇਜ਼ ਕਰਮਚਾਰੀ ਯੂਨੀਅਨ ਮੋਹਾਲੀ ਦੇ ਮੈਂਬਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਕਤੂਬਰ 2022 ਨੂੰ 8736 ਕੱਚੇ ਅਧਿਆਪਕਾਂ ਦੇ ਨਾਲ ਬੋਰਡ ਦੇ 525 ਕੱਚੇ ਮੁਲਾਜਮਾਂ ਨੂੰ ਪੱਕਾ ਕਰਨ ਦੀ ਇੱਕ ਪਾਲਿਸੀ ਜਾਰੀ ਕੀਤੀ ਗਈ ਸੀ, ਜਿਸ ਨੂੰ ਬੋਰਡ ਦਫਤਰ ਵਿੱਚ ਅਡਾਪਟ ਕਰਨ ਤੋਂ ਬਾਅਦ ਬੋਰਡ ਦੇ 525 ਮੁਲਾਜਮਾਂ ਦੇ ਫਾਰਮ ਭਰਾਏ ਗਏ ਸਨ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ 7 ਮੈਂਬਰੀ ਕਮੇਟੀ ਵੀ ਬਣਾਈ ਗਈ ਸੀ, ਜਿਨ੍ਹਾਂ ਵੱਲੋਂ ਇਹ ਸਾਰੇ ਕੰਮ ਦੀ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਭੇਜਣੀ ਸੀ, ਪਰ ਅੱਜੇ ਤੱਕ ਇਸ ਸੰਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਯੂਨੀਅਨ ਮੈਂਬਰਾਂ ਨੇ ਇਸ ਸੰਬੰਧੀ ਉੱਚ ਅਧਿਕਾਰੀਆਂ ਨਾਲ ਕਈ ਵਾਰ ਮੀਟਿੰਗਾਂ ਕੀਤੀਆਂ, ਪਰ ਕੋਈ ਹੱਲ ਨਹੀਂ ਹੋਇਆ। ਇਸ ਮੌਕੇ ਪੰਜਾਬ ਸਟੇਟ ਕੋ-ਆਪਰੇਟਿਵ, ਬੋਰਡ, ਕਾਰਪੋਰੇਸ਼ਨਸ, ਇੰਪਲਾਈਜ/ ਵਰਕਰਜ ਮਹਾਸੰਘ ਦੇ ਮੈਂਬਰ ਨੇ ਭ੍ਰਿਸ਼ਟ ਅਫਸਰਾਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਿਗਮ ਦੇ ਇੱਕ ਭ੍ਰਿਸ਼ਟ ਅਫਸਰ 'ਤੇ ਕਾਫੀ ਸਮਾਂ ਬੀਤ ਜਾਣ ਮਗਰੋਂ ਵੀ ਕੋਈ ਕਾਰਵਾਈ ਨਹੀਂ ਹੋਈ, ਜਦਕਿ ਪੰਜਾਬ ਸਰਕਾਰ ਦੀ ਭ੍ਰਿਸ਼ਟਾਚਾਰ ਸੰਬੰਧੀ ਜੀਰੋਂ ਟੋਲਰੈਂਸ ਦੀ ਐਲਾਨੀਆਂ ਨੀਤੀ ਹੈ। ਪਰ ਹਕੀਕਤ 'ਚ ਜਿਹਨਾਂ ਅਧਿਕਾਰੀਆਂ ਨੇ ਇਹ ਨੀਤੀ ਲਾਗੂ ਕਰਨੀ ਹੈ, ਉਹਨਾਂ ਤੇ ਹੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਉਨ੍ਹਾਂ ਬਰਸਟ ਤੋਂ ਮੰਗ ਕੀਤੀ ਕਿ ਇਹਨਾਂ ਭ੍ਰਿਸ਼ਟ ਅਫਸਰਾਂ ਦੇ ਖਿਲਾਫ ਜਲਦ ਤੋਂ ਜਲਦ ਬਨਦੀ ਕਾਰਵਾਈ ਕੀਤੀ ਜਾਵੇ। ਹਰਚੰਦ ਸਿੰਘ ਬਰਸਟ ਨੇ ਯੂਨੀਅਨ ਦੇ ਮੈਂਬਰਾਂ ਨੂੰ ਭਰੋਸਾ ਦਵਾਈਆ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾ ਮੁੱਖ ਮੰਤਰੀ ਦੇ ਅੱਗੇ ਰੱਖ ਕੇ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇਗਾ।

# ਮੇਅਰ ਸੁਰਿੰਦਰ ਸ਼ਿੰਦਾ ਦੇ ਪਿਤਾ ਚੌਧਰੀ ਦਰਸ਼ਨ ਰਾਮ ਨਮਿਤ ਸ਼ਰਧਾਂਜਲੀ ਸਮਾਗਮ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨਗਰ ਨਿਗਮ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਦੇ ਪਿਤਾ ਦਰਸ਼ਨ ਰਾਮ ਜਿਨ੍ਹਾਂ ਦਾ ਬੀਤੇ ਦਿਨ ਦੇਹਾਂਤ ਹੋ ਗਿਆ ਸੀ, ਦੀ ਆਤਮਿਕ ਸ਼ਾਂਤੀ ਨਮਿਤ ਗੁਰਦੁਆਰਾ ਸਤਿਗੁਰੂ ਰਵਿਦਾਸ ਜੀ ਪੁਰਹੀਰਾਂ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇੰਡੀਆ ਪੋਸਟਲ ਵਿਭਾਗ ਤੋਂ ਸੇਵਾਮੁਕਤ ਹੋਏ ਸਵ. ਚੌਧਰੀ ਦਰਸ਼ਨ ਰਾਮ ਨਮਿਤ ਰੱਖੇ ਗਏ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਸਜਾਏ ਗਏ ਦੀਵਾਨਾਂ ਵਿੱਚ ਰਾਗੀ ਜਥਿਆਂ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮਸ਼ੰਕਰ ਜਿੰਪਾ, ਸਤਵੰਤ ਸਿੰਘ ਸਿਆਣ ਸੂਬਾ ਜੁਆਇੰਟ ਸਕੱਤਰ ਆਪ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੇਮ ਸਿੰਘ ਪਿਪਲਾਂਵਾਲਾ ਸਾਬਕਾ ਸੀਨੀਅਰ ਡਿਪਟੀ ਮੇਅਰ, ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਬੌਬੀ, ਅਵਿਨਾਸ਼ ਰਾਏ ਖੰਨਾ ਸਾਬਕਾ ਮੈਂਬਰ ਪਾਰਲੀਮੈਂਟ, ਡਾਕਟਰ ਰਵਜੋਤ ਵਿਧਾਇਕ ਹਲਕਾ ਸ਼ਾਮ ਚੌਰਾਸੀ, ਵਰਿੰਦਰ ਸਿੰਘ ਬਾਜਵਾ ਸਾਬਕਾ ਮੈਂਬਰ ਪਾਰਲੀਮੈਂਟ, ਹਰਮੀਤ ਸਿੰਘ ਔਲਖ ਚੇਅਰਮੈਨ ਨਗਰ ਸੁਧਾਰ ਟਰਸਟ ਹੁਸ਼ਿਆਰਪੁਰ ਅਤੇ ਹੋਰ ਬੁਲਾਰਿਆਂ ਨੇ ਚੌਧਰੀ ਦਰਸ਼ਨ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਨੂੰ ਸਾਦਗੀ ਦੀ ਮੂਰਤ ਵਜੋਂ ਤਸੱਵਰ ਕੀਤਾ। ਉਨ੍ਹਾਂ ਦੇ ਸਪੁੱਤਰ ਰਮੇਸ਼ ਲਾਲ ਅਤੇ ਸੁਰਿੰਦਰ ਕੁਮਾਰ ਛਿੰਦਾ ਅੱਜ ਸਮਾਜ ਦੀ ਵਧੀਆ ਸੇਵਾ ਕਰ ਰਹੇ ਹਨ। ਇਸ ਮੌਕੇ ਜਸਵੀਰ ਸਿੰਘ ਰਾਜਾ ਵਿਧਾਇਕ ਟਾਂਡਾ, ਕਰਮਵੀਰ ਸਿੰਘ ਘੁੰਮਣ ਵਿਧਾਇਕ ਹਲਕਾ ਦਸੂਹਾ, ਪਵਨ ਆਦੀਆ ਸਾਬਕਾ ਵਿਧਾਇਕ ਸ਼ਾਮ ਚੁਰਾਸੀ, ਤੀਕਸ਼ਨ ਸੂਦ ਸਾਬਕਾ ਮੰਤਰੀ, ਜੋਤੀ ਬਾਲਾ ਮੱਟੂ ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ, ਪ੍ਰਵੀਨ ਸੈਣੀ ਸੀਨੀਅਰ ਡਿਪਟੀ ਮੇਅਰ, ਰਣਜੀਤ ਚੌਧਰੀ ਡਿਪਟੀ ਮੇਅਰ, ਦਵਿੰਦਰ ਸਿੰਘ ਗਿੱਲ ਜ਼ੈਲਦਾਰ, ਐਡਵੋਕੇਟ ਰਾਕੇਸ਼ ਮਰਵਾਹਾ, ਐਡਵੋਕੇਟ ਲਵਕੇਸ਼ ਓਹਰੀ, ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਬੌਬੀ, ਬੀ.ਸੀ. ਕਮਿਸ਼ਨ ਦੇ ਸਾਬਕਾ ਚੇਅਰਮੈਨ ਸਰਵਣ ਸਿੰਘ, ਸਾਬਕਾ ਵਿਧਾਇਕ ਪਵਨ ਆਦੀਆ, ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਦੀਪ ਨੰਦਾ, ਪਵਨ ਕੁਮਾਰ ਸਹਾਇਕ ਸਿਵਲ ਸਰਜਨ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਗੁਪਤਾ, ਕਾਂਗਰਸ ਸ਼ਹਿਰੀ ਪ੍ਰਧਾਨ ਨਵਪ੍ਰੀਤ ਰਿਹਾਲ, ਐਡਵੋਕੇਟ ਅਮਰਜੋਤ ਸਿੰਘ, ਬਲਵਿੰਦਰ ਕੌਰ, ਮੀਨਾ ਸ਼ਰਮਾ, ਆਸ਼ਾ ਦੱਤਾ, ਰਜਨੀ ਡਡਵਾਲ, ਜਗਦੀਪ ਸਿੰਘ ਧਾਮੀ, ਕੁਲਵਿੰਦਰ ਕੌਰ ਕਪੂਰ, ਜਸਵਿੰਦਰ ਪਾਲ ਬਖਸ਼ੀਸ਼ ਕੌਰ, ਇੰਦਰਜੀਤ ਕੌਰ, ਐਡਵੋਕੇਟ ਪਵਿੱਤਰਦੀਪ ਸਿੰਘ, ਚੰਦਰਾਵਤੀ ਦੇਵੀ (ਸਾਰੇ ਕੌਂਸਲਰ) ਐਮ ਟੀ ਪੀ ਲਖਬੀਰ ਸਿੰਘ, ਏ ਟੀ ਪੀ ਰਾਜੇਸ਼ ਭਗਤ, ਬਲਵਿੰਦਰ ਬਿੰਦੀ ਕੌਂਸਲਰ, ਕਮਲਜੀਤ ਕਟਾਰੀਆ, ਲਾਇਨ ਰਣਜੀਤ ਸਿੰਘ ਰਾਣਾ, ਸੁਪਰਡੈਂਟ ਅਮਿਤ ਕੁਮਾਰ ਸਮੇਤ ਵੱਡੀ ਗਿਣਤੀ 'ਚ ਪ੍ਰਸ਼ਾਸਨਿਕ ਅਧਿਕਾਰੀ, ਪੱਤਰਕਾਰ ਤੇ ਸਿਆਸਤਦਾਨ ਹਾਜ਼ਰ ਸਨ।

## ਪੁੱਡਾ ਕਲੋਨੀ ਸੇਖੇ ਵਿਖੇ ਮਨਾਇਆ ਗਣਤੰਤਰ ਦਿਵਸ



**ਜਲੰਧਰ (ਇਕਬਾਲ ਸਿੰਘ ਉਭੀ)**- ਲੰਮਾ ਪਿੰਡ ਚੌਂਕ ਤੋਂ ਜੰਡੂ ਸਿੰਘਾ ਮਾਰਗ 'ਤੇ ਸਥਿਤ ਪਿੰਡ ਸੇਖੇ ਵਿਖੇ ਪੁੱਡਾ ਕਲੋਨੀ 'ਚ 75ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਪ੍ਰਧਾਨ ਸੋਹਣ ਸਿੰਘ ਨੇ ਦੱਸਿਆ ਕਿ ਇਸ ਮੌਕੇ ਸਾਰੇ ਕਲੋਨੀ ਵਾਸੀਆਂ ਵੱਲੋਂ ਮਿਲ ਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਅਤੇ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ। ਪ੍ਰਿੰਸੀਪਲ ਸੁਰਿੰਦਰ ਰਾਣਾ ਨੇ ਦੱਸਿਆ ਕਿ ਭਾਵੇਂ ਸਾਡਾ ਦੇਸ਼ 15 ਅਗਸਤ 1947 ਵਿੱਚ ਆਜ਼ਾਦ ਹੋ ਗਿਆ ਸੀ, ਪਰ 26 ਜਨਵਰੀ 1950 ਨੂੰ ਸਾਡਾ ਸੰਵਿਧਾਨ ਲਾਗੂ ਹੋਇਆ ਸੀ ਜਿਸ ਕਾਰਨ ਪੂਰੇ ਦੇਸ਼ 'ਚ ਇਹ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਸਾਰੇ ਕਲੋਨੀ ਵਾਸੀਆਂ ਵੱਲੋਂ ਮਿਲ ਕੇ ਕਲੋਨੀ ਨੂੰ ਹਰਿਆ ਭਰਿਆ ਬਣਾਉਣ ਅਤੇ ਸਾਫ ਸੁਥਰਾ ਰੱਖਣ ਲਈ ਪ੍ਰਣ ਕੀਤਾ ਗਿਆ। ਇਸ ਮੌਕੇ ਵਿਵੇਕ ਵਿਰਦੀ ਉਪ ਪ੍ਰਧਾਨ , ਡਾਕਟਰ ਸੁਰਿੰਦਰ ਜਗਤ, ਇੰਦਰਜੀਤ ਬੱਗਾ, ਅਮਿਤ ਚੱਡਾ ਰਿਟਾ ਪ੍ਰਿੰਸੀਪਲ , ਰਮਿੰਦਰ ਸਿੰਘ, ਏ ਡੀ ਓ ਰਵਿੰਦਰ, ਸੁਖਵਿੰਦਰ ਸਿੰਘ ਸੁੱਖਾ ਮੈਂਬਰ ਆਪ, ਲੈਕਚਰਾਰ ਦਵਿੰਦਰ ਸੈਣੀ, ਅਧਿਆਪਿਕਾ ਨਵਜੋਤ ਕੌਰ ਸਮੇਤ ਹੋਰ ਕਲੋਨੀ ਵਾਸੀ ਅਤੇ ਬੱਚੇ ਹਾਜ਼ਰ ਸਨ।

# ਗੁਰੂ ਹਰਿਕ੍ਰਿਸਨ ਪਬਲਿਕ ਸਕੂਲ 'ਚ ਧਾਰਮਿਕ ਮੁਕਾਬਲੇ



**ਕਪੂਰਥਲਾ, (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਾਲਾਨਾ ਪ੍ਰੀਖਿਆਵਾਂ ਤੋਂ ਪਹਿਲਾਂ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਅਤੇ ਵਿਦਿਅਕ ਅਦਾਰੇ ਦੀ ਚੜ੍ਹਦੀ ਕਲਾ ਲਈ ਗਿਆਨ ਪ੍ਰਕਾਸ਼ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਹੋਦਿਆ ਅੰਤਰ ਸਕੂਲ ਪ੍ਰਤਿਯੋਗਿਤਾਵਾਂ ਵੀ ਕਰਵਾਈਆਂ ਗਈਆਂ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਉਚੇਚੇ ਤੌਰ 'ਤੇ ਧਾਰਮਿਕ ਸਮਾਗਮ 'ਚ ਸ਼ਾਮਲ ਹੋਏ। ਜਿਨ੍ਹਾਂ ਦਾ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਅਤੇ ਸਟਾਫ਼ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ। ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਕਿਰਨਪ੍ਰੀਤ ਕੌਰ ਨੇ ਵਿਦਿਅਕ ਸੰਸਥਾਵਾਂ ਦੇ ਫਾਊਂਡਰ ਸਵਰਗਵਾਸੀ ਆਤਮਾ ਸਿੰਘ ਦੀ ਜੀਵਨੀ 'ਤੇ ਚਾਨਣਾ ਪਾਇਆ। ਇੰਟਰ ਸਕੂਲ ਵੱਖ-ਵੱਖ ਧਾਰਮਿਕ ਪ੍ਰਤੀਯੋਗਤਾਵਾਂ 'ਚ 10 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬਾਬਾ ਪਰਮਜੀਤ ਨੇ ਬਾਣੀ ਕੰਠ ਮੁਕਾਬਲੇ ਦੀ ਜੱਜਮੈਂਟ ਕਰਦਿਆਂ ਜੂਨੀਅਰ ਗਰੁੱਪ 'ਚ ਗੁਰੂ ਅਮਰਦਾਸ ਪਬਲਿਕ ਸਕੂਲ ਦੀ ਕੋਮਲਪ੍ਰੀਤ ਕੌਰ ਨੂੰ ਪਹਿਲਾ ਸਥਾਨ ਦਿੱਤਾ, ਐਮ ਜੀ ਐਨ ਪਬਲਿਕ ਸਕੂਲ ਦੀ ਜਪਨੀਤ ਕੌਰ ਦੂਜੇ ਅਤੇ ਬਾਵਾ ਲਾਲਵਾਨੀ ਦੀ ਲਕਸਪ੍ਰੀਤ ਤੀਜੇ ਸਥਾਨ 'ਤੇ ਰਹੀ। ਮਿਡਲ ਗਰੁੱਪ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦੀ ਜਪਨੂਰ ਕੌਰ ਪਹਿਲੇ ਸਥਾਨ 'ਤੇ ਰਹੀ, ਜਦਕਿ ਮੇਜ਼ਬਾਨ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਦੀ ਪ੍ਰਭਜੋਤ ਕੌਰ ਦੂਜੇ ਅਤੇ ਬਾਵਾ ਲਾਲਵਾਨੀ ਦੀ ਸਿਮਰਨਜੀਤ ਤੀਜੇ ਸਥਾਨ 'ਤੇ ਰਹੀ। ਸੀਨੀਅਰ ਗਰੁੱਪ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦੀ ਰਿਤਿਕਾ ਪਹਿਲੇ, ਸੈਕਰਡ ਹਾਰਟ ਪਬਲਿਕ ਸਕੂਲ ਦੀ ਹਰਸਿਮਰਤ ਕੌਰ ਦੂਸਰੇ ਅਤੇ ਲਿਟਲ ਏਂਜਲ ਸਕੂਲ ਦੀ ਸਹਿਜਲੀਨ ਕੌਰ ਤੀਜੇ ਸਥਾਨ 'ਤੇ ਰਹੀ। ਦਸਤਾਰ ਸਜਾਉਣ ਦੇ ਮੁਕਾਬਲੇ ਦੀ ਜਜਮੈਂਟ ਬਾਬਾ ਹਰਜੀਤ ਸਿੰਘ ਨੇ ਕੀਤੀ। ਜੂਨੀਅਰ ਗਰੁੱਪ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦਾ ਗੁਰਜੋਤ ਸਿੰਘ ਪਹਿਲੇ, ਅਕਾਲ ਗਲੈਕਸੀ ਦਾ ਅਵਰਾਜ ਦੂਜੇ ਅਤੇ ਐਮ ਜੀ ਐਨ ਦਾ ਰਿਸਵਜੋਤ ਤੀਜੇ ਸਥਾਨ 'ਤੇ ਰਿਹਾ। ਮਿਡਲ ਗਰੁੱਪ 'ਚ ਸੈਕਰਡ ਹਾਰਡ ਦਾ ਜਸਨਾਨਕ ਸਿੰਘ ਪਹਿਲੇ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦਾ ਜਸਕਰਨ ਦੂਸਰੇ ਅਤੇ ਬਾਵਾ ਲਾਲਵਾਨੀ ਪਬਲਿਕ ਸਕੂਲ ਦਾ ਰਣਵੀਰ ਤੀਜੇ ਸਥਾਨ 'ਤੇ ਰਿਹਾ। ਸੀਨੀਅਰ ਗਰੁੱਪ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦਾ ਦਿਲਜੋਤ ਪਹਿਲੇ, ਮੇਜ਼ਬਾਨ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਮਨਵੀਰ ਦੂਜੇ ਅਤੇ ਗੁਰੂ ਅਮਰਦਾਸ ਪਬਲਿਕ ਸਕੂਲ ਦਾ ਜਸ਼ਨਦੀਪ ਤੀਜੇ ਸਥਾਨ 'ਤੇ ਰਿਹਾ। ਪੇਂਟਿੰਗ ਮੁਕਾਬਲੇ ਦੀ ਜਜਮੈਂਟ ਸਰਬਜੀਤ ਕੌਰ ਨੇ ਕੀਤੀ। ਇਸ ਪ੍ਰਤਿਯੋਗਿਤਾ 'ਚ ਮਿਡਲ ਗਰੁੱਪ 'ਚ ਮੇਜ਼ਬਾਨ ਸਕੂਲ ਆਰ ਸੀ ਐਫ ਦੀ ਸੋਨੀਆ ਕੁਮਾਰੀ ਪਹਿਲੇ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਦਾ ਸੁਖਮਨਪ੍ਰੀਤ ਸਿੰਘ ਦੂਜੇ ਅਤੇ ਕੁਲਵੰਤ ਰਾਏ ਜੈਨ ਡੀ ਏ ਵੀ ਪਬਲਿਕ ਸਕੂਲ ਦੀ ਸਨੇਹਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਸੀਨੀਅਰ ਗਰੁੱਪ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਦੀ ਗੁਰਲੀਨ ਕੌਰ ਪਹਿਲੇ, ਐਮ ਜੀ ਐਨ ਪਬਲਿਕ ਸਕੂਲ ਦਾ ਸੁਖਰਾਜ ਸਿੰਘ ਦੂਜੇ ਅਤੇ ਮੇਜ਼ਬਾਨ ਸਕੂਲ ਆਰ ਸੀ ਐਫ ਦੀ ਇੰਦਰਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਲੇਖ ਪ੍ਰਤਿਯੋਗਿਤਾ ਦੀ ਜਜਮੈਂਟ ਮੈਡਮ ਦਲਜੀਤ ਕੌਰ ਨੇ ਕੀਤੀ। ਇਸ ਮੁਕਾਬਲੇ ਵਿਚ ਜੂਨੀਅਰ ਗਰੁੱਪ 'ਚ ਐਮ. ਜੀ .ਐਨ ਦੀ ਆਮਨਾ ਪਹਿਲੇ, ਲਿਟਲ ਏਂਜਲ ਪਬਲਿਕ ਸਕੂਲ ਦੀ ਪਾਵਨੀ ਦੂਜੇ ਅਤੇ ਬਾਵਾ ਲਾਲਵਾਨੀ ਦੀ ਸਾਂਚੀ ਚੋਪੜਾ ਤੀਜੇ ਸਥਾਨ 'ਤੇ ਰਹੀ। ਮਿਡਲ ਗਰੁਪ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਦੀ ਯਸਮੀਨ ਪਹਿਲੇ, ਸੈਕਰਡ ਹਾਰਡ ਦੀ ਜਸਕੀਰਤ ਦੂਸਰੇ ਅਤੇ ਬਾਵਾ ਲਾਲਵਾਨੀ ਦੀ ਗੁਰਸਿਮਰਨ ਤੀਜੇ ਸਥਾਨ 'ਤੇ ਰਹੀ। ਸੀਨੀਅਰ ਗਰੁੱਪ 'ਚ ਮੇਜ਼ਬਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐਫ ਦੀ ਨਵਦੀਪ ਕੌਰ ਪਹਿਲੇ, ਓਲੀਵਰ ਪਬਲਿਕ ਸਕੂਲ ਦੀ ਸੰਮਪ੍ਰੀਤੀ ਪਾਠਕ ਦੂਜੇ ਅਤੇ ਸੈਕਰਡ ਹਾਰਡ ਦੀ ਅਨੂੰਦੀਪ ਕੌਰ ਤੀਜੇ ਸਥਾਨ 'ਤੇ ਰਹੀ। ਸ਼ਬਦ ਗਾਇਨ ਮੁਕਾਬਲੇ 'ਚ ਗੁਰੂ ਅਮਰਦਾਸ ਪਬਲਿਕ ਸਕੂਲ ਪਹਿਲੇ, ਅਕਾਲ ਗਲੈਕਸੀ ਦੂਸਰੇ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਤੀਜੇ ਸਥਾਨ 'ਤੇ ਰਿਹਾ। ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਕਿਹਾ ਕਿ ਸਵਰਗਵਾਸੀ ਸਰਦਾਰ ਆਤਮਾ ਸਿੰਘ ਨੇ ਇਲਾਕੇ ਦੇ ਬੱਚਿਆਂ ਲਈ ਜੋ ਵਿਦਿਆ ਦੇ ਮੰਦਰ ਖੋਲੇ ਹਨ। ਉਹ ਅੱਜ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਰਾਖੀ ਕਰਕੇ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇ ਰਹੇ ਹਨ, ਜੋ ਸਾਡੇ ਸਭ ਲਈ ਵੱਡੇ ਮਾਣ ਵਾਲੀ ਗੱਲ ਹੈ।

## ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਟਰੈਕਟਰ ਰੋਸ ਮਾਰਚ



**ਮਜੀਠਾ(ਸੋਇਮ ਆਨੰਦ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਬਾਬਾ ਕਰਮ ਸਿੰਘ ਨੰਗਲੀ, ਜ਼ਿਲ੍ਹਾ ਸਕੱਤਰ ਪਲਵਿੰਦਰ ਸਿੰਘ ਮਾਹਲ ਤੇ ਮਜੀਠਾ ਬਲਾਕ ਦੇ ਪ੍ਰਧਾਨ ਭਗਵੰਤ ਸਿੰਘ ਭੋਮਾ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦੇ ਵਿਰੋਧ 'ਚ ਦਿੱਲੀ ਕਿਸਾਨ ਮੋਰਚੇ ਨਾਲ ਕੇਂਦਰ ਸਰਕਾਰ ਵੱਲੋਂ ਕੀਤੀ ਗਈ ਵਾਅਦਾ-ਖ਼ਿਲਾਫ਼ੀ ਦੇ ਵਿਰੋਧ 'ਚ ਸੰਯੁਕਤ ਕਿਸਾਨ ਮੋਰਚਾ ਦਿੱਲੀ ਦੇ ਸੱਦੇ 'ਤੇ ਟਰੈਕਟਰ ਮਾਰਚ ਕੱਢਿਆ ਗਿਆ, ਜੋ ਪਿੰਡ ਭੋਮਾ 'ਚ ਭਾਕਿਯੂ ਦੇ ਲੱਗੇ ਪੱਕੇ ਸੰਘਰਸ਼ੀ ਧਰਨੇ ਤੋਂ ਆਰੰਭ ਹੋ ਕੇ ਪਿੰਡ ਵਡਾਲਾ, ਮਹੀਪੁਰ, ਸ਼ਾਮਨਗਰ, ਮਰੜ੍ਹੀ, ਟਰਪਈ, ਜਿਜੇਆਣੀ, ਰੋਮਾਣਾ ਚੱਕ, ਕੋਟਲਾ ਗੁੱਜਰਾਂ, ਭੰਗਵਾ, ਮਜੀਠਾ, ਹਮਜ਼ਾ, ਵੇਰੋਵਾਲ, ਗੋਸਲ ਤੇ ਬੁੱਢਾਥੇਹ ਆਦਿ ਵੱਖ-ਵੱਖ ਪਿੰਡਾਂ 'ਚੋਂ ਹੁੰਦਾ ਹੋਇਆ ਫਿਰ ਧਰਨੇ ਵਾਲੀ ਜਗ੍ਹਾ 'ਤੇ ਸਮਾਪਤ ਹੋਇਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਾਬਾ ਕਰਮ ਸਿੰਘ ਨੰਗਲੀ, ਜ਼ਿਲ੍ਹਾ ਸਕੱਤਰ ਪਲਵਿੰਦਰ ਸਿੰਘ ਮਾਹਲ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਕਿਸਾਨ ਮਾਰੂ ਨੀਤੀਆਂ ਅਪਣਾ ਰਹੀ ਸਰਕਾਰ ਤਰਲੋ ਮੱਛੀ ਹੋ ਰਹੀ ਹੈ। ਇਸ ਮੌਕੇ ਸੀਨੀਅਰ ਕਿਸਾਨ ਆਗੂ ਮਲਕੀਤ ਸਿੰਘ ਸ਼ਾਮਨਗਰ ਸਰਪੰਚ, ਬਲਾਕ ਪ੍ਰਧਾਨ ਭਗਵੰਤ ਸਿੰਘ ਭੋਮਾ, ਬਲਾਕ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਮਜੀਠਾ ਦਿਹਾਤੀ, ਬਲਾਕ ਜਨਰਲ ਸਕੱਤਰ ਸੂਬਾ ਸਿੰਘ ਝੰਡੇ, ਨੰਬਰਦਾਰ ਗੁਰਮੀਤ ਸਿੰਘ, ਅਰਵਿੰਦਰ ਸਿੰਘ ਭੋਮਾ, ਬਲਦੇਵ ਸਿੰਘ ਭੋਮਾ, ਪ੍ਰਗਟ ਸਿੰਘ ਭੋਮਾ, ਰਣਜੀਤ ਸਿੰਘ ਸਾਜਨ, ਜਸਬੀਰ ਸਿੰਘ, ਸੁਖਦੇਵ ਸਿੰਘ ਬੋਪਾਰਾਏ, ਅਵਤਾਰ ਸਿੰਘ, ਇੰਦਰਪਾਲ ਸਿੰਘ ਪਤਾਲਪੁਰੀ, ਸਰਬਜੀਤ ਸਿੰਘ, ਜਸਪਾਲ ਸਿੰਘ ਭੋਮਾ, ਅਵਤਾਰ ਸਿੰਘ ਭੋਮਾ, ਬਲਦੇਵ ਸਿੰਘ ਵੀਰਮ, ਹਰਜਿੰਦਰ ਸਿੰਘ ਵਡਾਲਾ, ਗੁਰਪ੍ਰੀਤ ਸਿੰਘ ਹਰੀਆਂ, ਭਗਵੰਤ ਸਿੰਘ ਹਰੀਆਂ, ਸ਼ਮਸ਼ੇਰ ਸਿੰਘ ਹਰੀਆਂ, ਨਿਰਮਲ ਸਿੰਘ ਸਰਪੰਚ ਵੀਰਮ, ਸਿਮਰਜੀਤ ਸਿੰਘ ਹਰੀਆਂ, ਪ੍ਰਧਾਨ ਜਗਜੀਤ ਸਿੰਘ, ਜਸਬੀਰ ਸਿੰਘ ਸ਼ਾਮਨਗਰ, ਅਵਤਾਰ ਸਿੰਘ ਰੰਧਾਵਾ, ਵਿਕਰਮਜੀਤ ਸਿੰਘ ਨੰਗਲੀ, ਪਰਮਜੀਤ ਸਿੰਘ ਦਬੁਰਜੀ, ਕਰਨ ਸਲਾਰੀਆ ਤੇ ਬਹੁਤ ਸਾਰੇ ਕਿਸਾਨ ਆਗੂ ਤੇ ਮੈਂਬਰ ਹਾਜ਼ਰ ਸਨ। ਹੈ। ਕੇਂਦਰ ਸਰਕਾਰ ਨੇ ਕਿਸਾਨ ਵਿਰੋਧੀ ਜੋ ਤਿੰਨ ਕਾਨੂੰਨ ਬਣਾਏ ਸਨ, ਨੂੰ ਰੱਦ ਕਰਨ ਸਮੇਂ ਕਿਸਾਨਾਂ ਨਾਲ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਪੂਰਿਆਂ ਨਹੀਂ ਕੀਤਾ ਗਿਆ ਸਗੋਂ ਰੱਦ ਕੀਤੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਦੁਬਾਰਾ ਲਾਗੂ ਕਰਨ ਲਈ

## ਸੁਰਿੰਦਰ ਮਿੱਤਲ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ : ਲਾਇਨ ਵਿਪਨ ਹਾਂਡਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਜ਼ਿਲ੍ਹਾ ਖਪਤਕਾਰ ਫੋਰਮ ਦੇ ਸਾਬਕਾ ਮੈਂਬਰ ਅਤੇ ਲਾਇਨਜ਼ ਕਲੱਬ ਫਗਵਾੜਾ ਸਰਵਿਸ ਦੇ ਸਕੱਤਰ ਸੁਰਿੰਦਰ ਮਿੱਤਲ, ਜਿਨ੍ਹਾਂ ਦਾ ਹਾਲ ਹੀ ਵਿੱਚ ਅਚਾਨਕ ਦੇਹਾਂਤ ਹੋ ਗਿਆ ਸੀ, ਨਮਿਤ ਕਰਵਾਏ ਗਏ ਰਸਮ ਉਠਾਲਾ ਸਮਾਗਮ ਦੌਰਾਨ ਸੈਂਕੜੇ ਲੋਕਾਂ ਨੇ ਹੰਝੂ ਭਰੀਆਂ ਅੱਖਾਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਦੌਰਾਨ ਸਵ. ਮਿੱਤਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਲਾਇਨਜ਼ ਕਲੱਬ ਫਗਵਾੜਾ ਸਰਵਿਸ ਦੇ ਪ੍ਰਧਾਨ ਲਾਇਨ ਵਿਪਨ ਹਾਂਡਾ ਨੇ ਕਿਹਾ ਕਿ ਲਾਇਨ ਸੁਰਿੰਦਰ ਮਿੱਤਲ ਦਾ ਦੇਹਾਂਤ ਨਾ ਸਿਰਫ਼ ਪਰਵਾਰ ਲਈ ਸਗੋਂ ਸਮਾਜ ਲਈ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਹੀ ਸਮਾਜ ਸੇਵਾ ਵਿੱਚ ਪੂਰੇ ਉਤਸ਼ਾਹ ਨਾਲ ਯੋਗਦਾਨ ਪਾਇਆ। ਮੌਤ ਉਪਰੰਤ ਵੀ ਉਨ੍ਹਾਂ ਆਪਣੀਆਂ ਅੱਖਾਂ ਦਾਨ ਕੀਤੀਆਂ ਅਤੇ ਦੋ ਨੇਤਰਹੀਣਾਂ ਨੂੰ ਸੰਸਾਰ ਨੂੰ ਵੇਖਣ ਦਾ ਮੌਕਾ ਪ੍ਰਦਾਨ ਕੀਤਾ। ਇਸ ਦੌਰਾਨ ਅੱਖਾਂ ਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਪੁਨਰਜੋਤ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਅਸ਼ੋਕ ਮਹਿਰਾ ਨੇ ਸਵ. ਸੁਰਿੰਦਰ ਮਿੱਤਲ ਦੀ ਪਤਨੀ ਨੂੰ ਸਨਮਾਨ ਚਿੰਨ੍ਹ ਭੇਟ ਕਰਦਿਆਂ ਸੁਰਿੰਦਰ ਮਿੱਤਲ ਵਲੋਂ ਅੱਖਾਂ ਦਾਨ ਲਈ ਧੰਨਵਾਦ ਕੀਤਾ। ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਸਵ. ਮਿੱਤਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਸਮਾਜ ਸੇਵਕ ਹੋਣ ਦੇ ਨਾਲ-ਨਾਲ ਇੱਕ ਚੰਗੇ ਬੁਲਾਰੇ ਅਤੇ ਚਿੰਤਕ ਵੀ ਸਨ। ਸ਼ੋਕ ਸਭਾ ਦੌਰਾਨ ਲਾਇਨਜ਼ ਕਲੱਬ ਦੇ ਸਾਬਕਾ ਗਵਰਨਰ ਅਤੇ ਅੰਬੈਸਡਰ ਆਫ ਗੁਡਵਿਲ ਲਾਇਨ ਜੇ.ਬੀ. ਸਿੰਘ ਚੌਧਰੀ ਨੇ ਕਿਹਾ ਕਿ ਸਵ. ਮਿੱਤਲ ਇੱਕ ਮਿਲਣਸਾਰ ਅਤੇ ਨਿਡਰ ਸ਼ਖ਼ਸੀਅਤ ਸਨ।

# ਰਿਹਾਇਸ਼ੀ ਤੇ ਵਪਾਰਕ ਜਾਇਦਾਦਾਂ ਵੇਚਣ ਲਈ ਈ-ਨਿਲਾਮੀ 20 ਤੋਂ 22 ਤੱਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਵੱਲੋਂ ਸ਼ਹਿਰ ਦਾ ਸਰਵਪੱਖੀ ਵਿਕਾਸ ਕੀਤਾ ਜਾ ਰਿਹਾ ਹੈ, ਜਿਸ ਲਈ ਟਰੱਸਟ ਵੱਲੋਂ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪਾਰਦਰਸ਼ੀ ਨੀਤੀ ਤਹਿਤ ਨਗਰ ਸੁਧਾਰ ਟਰੱਸਟ ਦਫ਼ਤਰ ਵੱਲੋਂ ਈ-ਨਿਲਾਮੀ ਕੀਤੀ ਜਾ ਰਹੀ ਹੈ, ਜਿਸ 'ਚ ਸ਼ਹਿਰ ਵਾਸੀਆਂ ਲਈ ਖਾਸ ਤੌਰ 'ਤੇ ਜਾਇਦਾਦ ਦੀ ਕੀਮਤ ਵੀ ਘਟਾਈ ਗਈ ਹੈ। ਉਹ ਨਗਰ ਸੁਧਾਰ ਟਰੱਸਟ ਦਫ਼ਤਰ ਵਿਖੇ ਈ-ਨਿਲਾਮੀ ਸੰਬੰਧੀ ਆਯੋਜਿਤ ਕੀਤੀ ਗਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।

ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਵੱਲੋਂ ਆਪਣੀਆਂ ਵਿਕਾਸ ਸਕੀਮਾਂ ਵਿਚ ਰਿਹਾਇਸ਼ੀ ਅਤੇ ਵਪਾਰਕ ਜਾਇਦਾਦਾਂ (ਪਲਾਟਾਂ, ਦੁਕਾਨਾਂ ਅਤੇ ਐਸ.ਸੀ.ਓ-ਕਮ-ਆਫਿਸ ਸਾਈਟਾਂ) ਨੂੰ ਆਨਲਾਈਨ ਵਿਧੀ ਰਾਹੀਂ ਈ-ਨਿਲਾਮੀ ਪ੍ਰਕਿਰਿਆ ਨਾਲ ਵੇਚਣ ਸੰਬੰਧੀ 20 ਫਰਵਰੀ ਤੋਂ 22 ਫਰਵਰੀ ਤੱਕ ਈ-ਨਿਲਾਮੀ ਰੱਖੀ ਗਈ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਚੇਅਰਮੈਨ ਨਗਰ ਸੁਧਾਰ ਟਰੱਸਟ ਹਰਮੀਤ ਸਿੰਘ ਔਲਖ ਨੇ ਦੱਸਿਆ ਕਿ ਸ਼ਹਿਰ ਦੇ ਵਿਕਾਸ ਵਿਚ ਕੋਈ ਕਮੀ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਸਾਰਾ ਕੰਮ ਪਾਰਦਰਸ਼ੀ ਢੰਗ ਨਾਲ ਕੀਤਾ ਜਾਵੇਗਾ। ਇਸ ਮੌਕੇ ਕਾਰਜਕਾਰੀ ਅਫ਼ਸਰ ਪਰਮਜੀਤ ਸਿੰਘ, ਸਹਾਇਕ ਟਰੱਸਟ ਇੰਜੀਨੀਅਰ ਮਨਦੀਪ ਆਦੀਆ, ਕੌਂਸਲਰ ਬਲਵਿੰਦਰ ਬਿੰਦੀ, ਲੇਖਾਕਾਰ ਅਸ਼ੀਸ਼ ਕੁਮਾਰ, ਸੀਨੀਅਰ ਸਹਾਇਕ ਸੰਜੀਵ ਕਾਲੀਆ ਅਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

## 'ਆਪ' ਨੇ ਹਮੇਸ਼ਾ ਮਿਹਨਤੀ ਵਰਕਰਾਂ ਦਾ ਸਤਿਕਾਰ ਕੀਤਾ : ਜਸਵੀਰ ਰਾਜਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਸੂਬੇ ਦਾ ਸਰਵਪੱਖੀ ਵਿਕਾਸ ਕਰਕੇ ਪੰਜਾਬ ਨੂੰ ਹਰ ਪੱਖੋਂ ਸੰਪੂਰਨ ਕੀਤਾ ਜਾ ਰਿਹਾ ਉਥੇ ਹੀ ਪਾਰਟੀ ਵਾਸਤੇ ਦਿਨ ਰਾਤ ਮਿਹਨਤ ਕਰਨ ਵਾਲੇ ਵਰਕਰਾਂ ਨੂੰ ਵੀ ਆਮ ਆਪ ਪਾਰਟੀ ਵੱਲੋਂ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਾਰਟੀ ਵੱਲੋਂ ਨਵ ਨਿਯੁਕਤ ਅਹੁਦੇਦਾਰਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਕੀਤਾ।

ਇਸ ਮੌਕੇ ਵਿਧਾਇਕ ਰਾਜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਪਾਰਟੀ ਹਾਈ ਕਮਾਂਡ ਵੱਲੋਂ ਵੱਲੋਂ ਜਾਰੀ ਕੀਤੀ ਗਈ ਲਿਸਟ ਅਨੁਸਾਰ ਹਲਕਾ ਟਾਂਡਾ ਤੋਂ ਚੌਧਰੀ ਰਾਜਵਿੰਦਰ ਸਿੰਘ ਰਾਜਾ ਨੂੰ ਜ਼ਿਲ੍ਹਾ ਯੂਥ ਪ੍ਰਧਾਨ, ਜਸਵੀਰ ਸਿੰਘ ਨੰਗਲ ਖੁੰਗਾ ਨੂੰ ਬੁੱਧੀਜੀਵੀ ਵਰਗ (ਇੰਟਰੈਕਚਲ ਵਿੰਗ) ਦਾ ਜ਼ਿਲ੍ਹਾ ਸਕੱਤਰ, ਪ੍ਰੇਮ ਜੈਨ ਵਪਾਰੀ ਵਿੰਗ ਦਾ ਜ਼ਿਲ੍ਹਾ ਸਕੱਤਰ, ਅਮਰਪ੍ਰੀਤ ਸਿੰਘ ਪ੍ਰਿੰਸ ਡਿਸਟਰਿਕਟ ਈਵੈਂਟ ਇੰਚਾਰਜ ਅਤੇ ਗੁਰਦੀਪ ਸਿੰਘ ਹੈਪੀ ਨੂੰ ਜ਼ਿਲ੍ਹਾ ਸੈਕਟਰੀ ਰੂਲਰ ਨਿਯੁਕਤ ਕੀਤਾ ਗਿਆ ਹੈ ਜੋ ਕਿ ਹਲਕਾ ਉੜਮੁੜ ਟਾਂਡਾ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਵਿੱਚ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਸਾਰੇ ਹੀ ਨਿਯੁਕਤ ਕੀਤੇ ਗਏ ਅਹੁਦੇਦਾਰਾਂ ਨੂੰ ਜ਼ਿਲ੍ਹਾ ਪੱਧਰ ਤੇ ਕਰਵਾਏ ਜਾ ਰਹੇ ਸਨਮਾਨ ਸਮਾਰੋਹ ਦੌਰਾਨ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਜਾਵੇਗਾ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਡਿਊਟੀਆਂ ਲਗਾਈਆਂ ਜਾਣਗੀਆਂ। ਇਸ ਮੌਕੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਸ਼ਹਿਰੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਯੂਥ ਆਗੂ ਪ੍ਰੇਮ ਪਡਵਾਲ, ਅਤਵਾਰ ਸਿੰਘ ਪਲਾਚੱਕ, ਕਮਲ ਧੀਰ, ਨੰਬਰਦਾਰ ਦਲਜੀਤ ਕਲੋਆ, ਸਾਬਕਾ ਸਰਪੰਚ ਮੁੰਦਰੀ ਰਾਮ,ਲੇਖਰਾਜ ਅਹੀਆਪੁਰ, ਨਿਰਮਲ ਸਿੰਘ ਕੁਰਾਲਾ, ਅਨਿਲ ਗੋਰਾ ਰਾਜਨ ਸੋਧੀ ਆਦਿ ਵੀ ਹਾਜ਼ਰ ਸਨ।

## ਦਰਬਾਰ ਪੀਰ ਬਾਬਾ ਲੱਖ ਦਾਤਾ ਕਟਾਰੀਆ 'ਚ ਸਲਾਨਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)**- ਦਰਬਾਰ ਪੀਰ ਸੁਲਤਾਨ ਲੱਖ ਦਾਤਾ ਜੀ ਕਟਾਰੀਆ ਵਿਖੇ 38ਵਾਂ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਲਖਵੀਰ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਸ਼ੇਸ਼ ਤੌਰ 'ਤੇ ਪਹੁੰਚੇ । ਵੱਖ ਵੱਖ ਦਰਬਾਰਾਂ ਤੋਂ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ, ਬਾਬਾ ਸ਼ੰਭੂ ਜੀ ਫਿਲੌਰ , ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫ਼ੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਬਾਬਾ ਸਾਧੂ ਸ਼ਾਹ ਚਿਸ਼ਤੀ ਕਟਾਰੀਆਂ, ਸਾਈਂ ਅਵਿਨਾਸ਼ ਸ਼ਾਹ ਕਾਦਰੀ ਕੋਟਫਤੂਹੀ, ਸਾਈਂ ਮਨਜੀਤ ਸਾਬਰੀ ਲਿੱਧੜਾਂ, ਸਾਈਂ ਜਸਵੀਰ ਸਾਬਰੀ ਖਾਨਖਾਨਾ, ਬਾਬਾ ਬਿੱਲੇ ਸ਼ਾਹ ਸਪਰੋੜ , ਬਾਬਾ ਸੋਨੂੰ ਸ਼ਾਹ ਮਾਣਕਾਂ, ਬਾਬਾ ਪਰਮਜੀਤ ਰਾਹੋਂ, ਬਾਬਾ ਮੁਖਤਿਆਰ ਸਿੰਘ, ਰਾਣਾ ਬਾਬਾ ਸੰਸੋਲੀ, ਬਾਬਾ ਕੁਲਰਾਜ ਮੁਹੰਮਦ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਦੋ ਦਿਨਾ ਮੇਲੇ ਦੌਰਾਨ ਪੰਜਾਬ ਦੇ ਮਸ਼ਹੂਰ ਕਲਾਕਾਰ ਮਾਸਟਰ ਸਲੀਮ, ਦੁਰਗਾ ਰੰਗੀਲਾ, ਮਨੀ ਲਾਡਲਾ, ਸੰਗਰਾਮ ਹੰਜ਼ਰਾ, ਗੌਤਮ ਜਲੰਧਰੀ, ਵਨੀਤ ਖਾਨ, ਸੱਤੀ ਖੋਖੇਵਾਲੀਆ, ਸੁਖਦੇਵ ਮਸਤੀ, ਕੌਰ ਸਿਸਟਰਜ਼, ਜੀ ਸਿੱਧੂ , ਬੰਟੀ ਕਵਾਲ , ਰਮੇਸ਼ ਰੰਗੀਲਾ , ਨਜ਼ਾਮੀ ਬ੍ਰਦਰਜ਼, ਪਰਵੇਜ਼ ਆਲਮ , ਸਲਾਮਤ ਅਲੀ , ਸ਼ਕੀਲ ਸਾਬਰੀ, ਕੁਲਦੀਪ ਰੁਹਾਨੀ, ਮਾਣਕ ਅਲੀ ਆਦਿ ਕਵਾਲ ਅਤੇ ਨਕਾਲ ਪਾਰਟੀਆਂ ਹਾਜ਼ਰੀਆਂ ਭਰੀਆਂ । ਰਾਤ ਨੂੰ ਧਰਮਵੀਰ ਪਰਦੇਸੀ ਦੀ ਪਾਰਟੀ ਵਲੋਂ ਨਾਟਕ (ਡਰਾਮਾ) ਪੇਸ਼ ਕੀਤਾ ਗਿਆ । ਸਾਈਂ ਲਖਵੀਰ ਸ਼ਾਹ ਕਾਦਰੀ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ ਅਤੇ ਸਾਰਿਆਂ ਦਾ ਧੰਨਵਾਦ ਕੀਤਾ । ਇਸ ਮੌਕੇ ਰਾਮ ਲਾਲ ਬਬਲੀ, ਰੋਸ਼ਨ ਲਾਲ, ਬਲਵੀਰ ਸਿੰਘ ਫੌਜੀ, ਡਾ ਦਵਿੰਦਰ, ਕਸ਼ਮੀਰ ਚੰਦ, ਨਿੰਮਾ ਮਿਸਤਰੀ, ਵਿੱਕੀ ਨਕੋਦਰ, ਗੁਲਸ਼ਨ ਕੁਮਾਰ , ਰੋਸ਼ਨ ਲਾਲ , ਰਾਮ ਸਰੂਪ , ਗੁਰਪ੍ਰੀਤ ਆਦਿ ਹਾਜ਼ਰ ਸਨ ।

## ਰਿਆਤ ਬਾਹਰਾ 'ਵਰਸਿਟੀ ਦੇ ਵਾਈਸ-ਚਾਂਸਲਰ ਬਣੇ ਸੀ ਆਈ ਪੀ ਯੂ ਦੇ ਚੇਅਰਪਰਸਨ



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੂੰ 2024-25 ਲਈ ਭਾਰਤੀ ਪ੍ਰਾਈਵੇਟ ਯੂਨੀਵਰਸਿਟੀਆਂ (ਸੀ ਆਈ ਪੀ ਯੂ) ਉੱਤਰੀ ਖੇਤਰ ਦਾ ਆਨਰੇਰੀ ਚੇਅਰਪਰਸਨ ਬਣਾਇਆ ਗਿਆ ਹੈ। ਰਾਹੁਲ ਵੀ ਕਰਾਡ, ਮੈਨੇਜਿੰਗ ਟਰੱਸਟੀ ਅਤੇ ਕਾਰਜਕਾਰੀ ਪ੍ਰਧਾਨ, ਐਮ ਏ ਈ ਈ ਆਰ ਦੇ ਐਮ ਆਈ ਟੀ ਗਰੁੱਪ ਆਫ ਇੰਸਟੀਚਿਊਸ਼ਨਜ, ਪੁਣੇ ਅਤੇ ਕਾਰਜਕਾਰੀ ਪ੍ਰਧਾਨ, ਐਮ ਆਈ ਟੀ ਵਰਲਡ ਪੀਸ ਯੂਨੀਵਰਸਿਟੀ, ਨੇ ਡਾ: ਸਿੰਘ ਨੂੰ ਇੱਕ ਸੰਚਾਰ ਰਾਹੀਂ ਕਿਹਾ, ਕਿ ਤੁਹਾਡੀ ਮਿਸਾਲੀ ਅਗਵਾਈ, ਅਕਾਦਮਿਕ ਉੱਤਮਤਾ ਪ੍ਰਤੀ ਅਟੁੱਟ ਵਚਨਬੱਧਤਾ ਅਤੇ ਉੱਚ ਸਿੱਖਿਆ ਵਿੱਚ ਵਿਲੱਖਣ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਅਸੀਂ ਤੁਹਾਨੂੰ 2024-25 ਲਈ ਸੀ ਆਈ ਪੀ ਯੂ ਉੱਤਰੀ ਖੇਤਰ ਦੇ ਆਨਰੇਰੀ ਚੇਅਰਪਰਸਨ ਦਾ ਮਾਣਯੋਗ ਅਹੁਦਾ ਸੰਭਾਲਣ ਲਈ ਸੱਦਾ ਦਿੰਦੇ ਹੋਏ ਸਨਮਾਨਿਤ ਮਹਿਸੂਸ ਕਰ ਰਹੇ ਹਾਂ। ਭਾਰਤੀ ਨਿੱਜੀ ਯੂਨੀਵਰਸਿਟੀਆਂ ਦਾ ਕਨਫੈਡਰੇਸ਼ਨ (ਸੀ ਆਈ ਪੀ ਯੂ) ਦੇਸ਼ ਭਰ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ 'ਚ ਸਹਿਯੋਗ, ਨਵੀਨਤਾ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਇੱਕ ਸਮੂਹਿਕ ਯਤਨ ਹੈ। ਇਸ ਦੌਰਾਨ ਡਾ ਗੋਪਾਲ ਪਾਠਕ, ਵਾਈਸ-ਚਾਂਸਲਰ, ਸਰਲਾ ਬਿਰਲਾ ਯੂਨੀਵਰਸਿਟੀ, ਰਾਂਚੀ ਨੇ 2024-2025 ਲਈ ਆਨਰੇਰੀ ਪ੍ਰਧਾਨ ਬਣਨ ਨੂੰ ਸਵੀਕਾਰ ਕਰ ਲਿਆ ਹੈ।

## ਆਪ ਦੇ ਵਿਧਾਇਕਾਂ ਨੂੰ ਭਾਜਪਾ ਵੱਲੋਂ ਖਰੀਦਣ ਦੀ ਪੇਸ਼ਕਸ਼ ਦਾ ਕੇਜਰੀਵਾਲ ਦਾ ਦਾਅਵਾ ਝੂਠਾ ਤੇ ਬੇਬੁਨਿਆਦ : ਸਿਰਸਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਦੇ ਆਪ ਦੇ 7 ਵਿਧਾਇਕਾਂ ਨੂੰ ਖਰੀਦਣ ਲਈ 25-25 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੇ ਜਾਣ ਦਾ ਦਾਅਵਾ ਪਹਿਲਾਂ ਪੰਜਾਬ ਵਿਚ ਕੀਤੇ ਡਰਾਮੇ ਵਾਂਗੂ ਝੂਠਾ ਤੇ ਬੇਬੁਨਿਆਦ ਹੈ। ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਭਾਜਪਾ ਦੇ ਕੌਮੀ ਸਕੱਤਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਹਿਲਾਂ ਪੰਜਾਬ ਵਿਚ ਇਹ ਡਰਾਮਾ ਕੀਤਾ ਸੀ ਕਿ ਭਾਜਪਾ ਉਨ੍ਹਾਂ ਦੇ ਵਿਧਾਇਕਾਂ ਨੂੰ ਖਰੀਦਣ ਲਈ 25-25 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਵਿੱਤ ਮੰਤਰੀ ਹਰਪਾਲ ਚੀਮਾ ਦੀ ਅਗਵਾਈ ਹੇਠ ਵਿਧਾਇਕਾਂ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸਾਰੇ ਸਬੂਤ ਮੌਜੂਦ ਹਨ ਤੇ ਰਿਕਾਰਡਿੰਗਾਂ ਵੀ ਹਨ ਜਿਸ ਲਈ ਐਫ ਆਈ ਆਰ ਵੀ ਦਰਜ ਕਰਵਾਈ ਗਈ ਪਰ ਅੱਜ ਤੱਕ ਉਸ ਐਫ ਆਈ ਆਰ ਦਾ ਕੀ ਬਣਿਆ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਪੰਜਾਬ ਵਿਚ ਉਦੋਂ ਕੋਈ ਅਜਿਹਾ ਯਤਨ ਹੋਇਆ ਤੇ ਨਾ ਹੀ ਦਿੱਲੀ ਵਿਚ ਅਜਿਹਾ ਕੁਝ ਹੋਇਆ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਕੇਜਰੀਵਾਲ ਨੇ 7ਵੀਂ ਵਾਰ ਅਜਿਹਾ ਦਾਅਵਾ ਕੀਤਾ ਹੈ ਜੋ ਅਸਲੀਅਤ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਇਸ ਵਿਅਕਤੀ ਦੇ ਬੇਨਕਾਬ ਹੋਣ ਕਾਰਨ ਹੁਣ ਚੈਨਲਾਂ ਵਾਲੇ ਇਸ ਨੂੰ ਵਿਖਾਉਣਾ ਬੰਦ ਹੋ ਗਏ ਹਨ ਜਿਸ ਕਾਰਨ ਹੁਣ ਇਹ ਨਵਾਂ ਡਰਾਮਾ ਸ਼ੁਰੂ ਹੋ ਗਿਆ ਹੈ। ਉਹਨਾਂ ਕਿਹਾ ਕਿ ਅਸਲੀਅਤ ਇਹ ਹੈ ਕਿ ਤੁਹਾਡੇ ਐਮ ਐਲ ਏਜ਼ ਨੂੰ ਕੋਈ 25 ਰੁਪਏ ਵੀ ਨਾ ਦੇਵੇ ਤਾਂ ਫਿਰ 25 ਕਰੋੜ ਦਾ ਦਾਅਵਾ ਤਾਂ ਪੂਰੀ ਤਰ੍ਹਾਂ ਹਾਸੋਹੀਣਾ ਹੈ। ਸਿਰਸਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਈ ਡੀ ਦਾ ਭਗੌੜਾ ਹੈ ਜਿਸ ਦੀ ਸ਼ਰਾਬ ਘੁਟਾਲੇ ਤੇ ਹੋਰ ਭ੍ਰਿਸ਼ਟਾਚਾਰ ਮਾਮਲਿਆਂ ਵਿਚ ਗ੍ਰਿਫਤਾਰੀ ਪੱਕੀ ਹੈ। ਇਹ ਵਾਰ-ਵਾਰ ਈ ਡੀ ਅੱਗੇ ਪੇਸ਼ ਹੋਣ ਤੋਂ ਭੱਜ ਰਿਹਾ ਹੈ ਪਰ ਕਦੋਂ ਤੱਕ ਅਜਿਹਾ ਕਰਦਾ ਰਹੇਗਾ, ਆਖਰ ਇਕ ਦਿਨ ਕਾਨੂੰਨ ਮੁਤਾਬਕ ਕਾਰਵਾਈ ਦਾ ਸਾਹਮਣਾ ਤਾਂ ਕਰਨਾ ਹੀ ਪਵੇਗਾ।

## 75ਵੇਂ ਗਣਤੰਤਰ ਦਿਵਸ 'ਤੇ ਵਧੀਕ ਡਿਪਟੀ ਕਮਿਸ਼ਨਰ ਨੇ ਲਹਿਰਾਇਆ ਤਿਰੰਗਾ



**ਫਗਵਾੜਾ ( ਡਾ. ਰਮਨ )** - ਵਧੀਕ ਡਿਪਟੀ ਕਮਿਸ਼ਨਰ ਅਮਿਤ ਪੰਚਾਲ ਨੇ 75ਵੇਂ ਗਣਤੰਤਰਤਾ ਦਿਵਸ ਮੌਕੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ( ਲੜਕੇ) ਦੀ ਗਰਾਊਂਡ ਵਿਖੇ ਕੌਮੀ ਝੰਡਾ ਲਹਿਰਾਉਂਦਿਆਂ ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਅਤੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ।ਪੰਜਾਬ ਵਾਸੀਆਂ ਨੂੰ ਗਣਤੰਤਰ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਪਰੇਡ ਦਾ ਨਿਰੀਖਣ ਕੀਤਾ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਆਪਣੇ ਸੰਦੇਸ਼ ਵਿਚ ਅਮਿਤ ਕੁਮਾਰ ਪੰਚਾਲ ਨੇ ਕਿਹਾ ਕਿ ਆਜ਼ਾਦੀ ਪ੍ਰਾਪਤੀ ਲਈ ਚੱਲੇ ਲੰਬੇ ਸੰਘਰਸ਼ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਧ 80 ਫੀਸਦੀ ਯੋਗਦਾਨ ਰਿਹਾ। ਸਮੇਂ-ਸਮੇਂ 'ਤੇ ਲੱਗੇ ਮੋਰਚਿਆਂ ਨੇ ਵਿਦੇਸ਼ੀ ਹਾਕਮਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕੀਤਾ। ਉਨ੍ਹਾਂ ਕਿਹਾ ਕਿ ਆਜ਼ਾਦੀ ਲਈ ਸੰਘਰਸ਼ ਵਿੱਚ ਪੰਜਾਬ ਦੇ ਸੂਰਬੀਰਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ, ਜਿਨਾਂ ਵਿੱਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਉਧਮ ਸਿੰਘ ਨੇ ਲਾਮਿਸਾਲ ਸ਼ਹੀਦੀਆਂ ਦੇ ਕੇ ਦੇਸ਼ ਦੇ ਆਜ਼ਾਦੀ ਸੰਗਰਾਮ ਨੂੰ ਨਵੀਂ ਦਿਸ਼ਾ ਦਿੱਤੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋ ਜਾਣ ਨਾਲ ਭਾਰਤ ਗਣਰਾਜ ਦੀ ਸਥਾਪਨਾ ਹੋਈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੀ ਅਗਵਾਈ ਵਿੱਚ ਬਣੀ ਕਮੇਟੀ ਨੇ ਦੇਸ਼ ਲਈ ਅਜਿਹਾ ਸੰਵਿਧਾਨ ਬਣਾਇਆ, ਜਿਸ ਨਾਲ ਸਾਰੇ ਦੇਸ਼ ਨੂੰ ਇੱਕ ਮਾਲਾ ਵਿੱਚ ਪਰੋ ਦਿੱਤਾ ਅਤੇ ਭਾਰਤ ਇੱਕ ਮਜ਼ਬੂਤ ਦੇਸ਼ ਬਣ ਕੇ ਦੁਨੀਆ ਦੇ ਮੋਹਰਲੀ ਕਤਾਰ ਦੇ ਦੇਸ਼ਾਂ ਵਿੱਚ ਸ਼ੁਮਾਰ ਹੋਇਆ।ਉਨ੍ਹਾਂ ਕਿਹਾ ਕਿ ਸਾਨੂੰ ਅਹਿਦ ਲੈਣਾ ਚਾਹੀਦਾ ਹੈ ਕਿ ਮਹਾਨ ਆਜ਼ਾਦੀ ਘੁਲਾਟੀਆਂ ਵੱਲੋਂ ਸੰਜੋਏ ਸੁਪਨਿਆਂ ਦੀ ਪੂਰਤੀ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਪੂਰੀ ਤਰ੍ਹਾਂ ਯਤਨਸ਼ੀਲ ਰਹੀਏ।ਗਣਤੰਤਰ ਦਿਵਸ ਮੌਕੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਅਤੇ ਸੱਭਿਆਚਾਰ 'ਤੇ ਆਧਾਰਤ ਸਰਗਰਮੀਆਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਡੀਵਾਈਨ ਪਬਲਿਕ ਸਕੂਲ, ਕਮਲਾ ਨਹਿਰੂ ਪਬਲਿਕ ਸਕੂਲ, ਚੱਕ ਹਕੀਮ ਫਗਵਾੜਾ, ਕੇ.ਐਮ.ਵੀ ਅਤੇ ਐਸ.ਡੀ ਪੁੱਤਰੀ ਪਾਠਸ਼ਾਲਾ ਦੇ ਵਿਦਿਆਰਥੀ ਸ਼ਾਮਲ ਸਨ। ਇਸ ਮੌਕੇ ਐਸ.ਡੀ.ਐਮ. ਜਸ਼ਨਜੀਤ ਸਿੰਘ, ਐਸ ਪੀ ਗੁਰਪ੍ਰੀਤ ਸਿੰਘ ਗਿੱਲ, ਜਿਲਾ ਯੋਜਨਾ ਬੋਰਡ ਦੀ ਚੇਅਰਪਰਸਨ ਲਲਿਤ ਸਕਲਾਨੀ, ਆਮ ਆਦਮੀ ਪਾਰਟੀ ਦੇ ਆਗੂ ਜੋਗਿੰਦਰ ਸਿੰਘ ਮਾਨ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ, ਮਾਰਕਿਟ ਕਮੇਟੀ ਦੇ ਚੇਅਰਮੈਨ ਤਵਿੰਦਰ ਰਾਮ, ਐਸ.ਸੀ.ਸੈੱਲ ਪ੍ਰਧਾਨ ਸੰਤੋਸ਼ ਕੁਮਾਰ ਗੋਗੀ, ਅਵਤਾਰ ਸਿੰਘ ਪੰਡਵਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵਿਦਿਆਰਥੀ ਮੌਜੂਦ ਸਨ।

## ਆਈ ਕੇ ਜੀ ਪੀ ਟੀ ਯੂ 'ਚ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)**- ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ.ਪੀ.ਟੀ.ਯੂ.) ਵਿੱਚ 75 ਵਾਂ ਗਣਤੰਤਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ । ਇਸ ਮੌਕੇ ਯੂਨਿਵਰਸਿਟੀ ਦੇ ਉਪ-ਕੁਲਪਤੀ ਪ੍ਰੋ (ਡਾ.) ਸੁਸ਼ੀਲ ਮਿੱਤਲ ਮੁੱਖ ਮਹਿਮਾਨ ਰਹੇ । ਯੂਨੀਵਰਸਿਟੀ ਵਿਚ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਚੜ੍ਹਾਉਣ ਦੀ ਰਸਮ ਉਪ ਕੁਲਪਤੀ ਪ੍ਰੋ (ਡਾ.) ਮਿੱਤਲ ਵੱਲੋਂ ਕੀਤੀ ਗਈ। ਯੂਨੀਵਰਸਿਟੀ ਰਜਿਸਟਰਾਰ ਡਾ. ਐਸ. ਕੇ ਮਿਸ਼ਰਾ ਦੀ ਅਗਵਾਈ ਵਿੱਚ ਯੂਨੀਵਰਸਿਟੀ ਦੇ ਸਾਰੇ ਡੀਨ, ਸੀਨੀਅਰ ਫੈਕਲਟੀ ਅਤੇ ਹੋਰ ਅਫਸਰਾਂ ਵੱਲੋਂ ਉਪ ਕੁਲਪਤੀ ਡਾ. ਮਿੱਤਲ ਦਾ ਸਮਾਗਮ ਵਿੱਚ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਰਾਸ਼ਟਰੀ ਗੀਤ ਦੀ ਧੁਨ ਦੇ ਨਾਲ ਸਿਕਿਓਰਿਟੀ ਸਟਾਫ ਵੱਲੋਂ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਗਈ । ਪ੍ਰੋਗਰਾਮ ਵਿੱਚ ਸਵਾਗਤੀ ਸ਼ਬਦ ਡੀਨ ਸਟੂਡੈਂਟਸ ਵੈਲਫੇਅਰ ਡਾ.ਗੌਰਵ ਭਾਰਗਵ ਵੱਲੋਂ ਪੜ੍ਹੇ ਗਏ । ਮੁੱਖ ਭਾਸ਼ਣ ਵਿਚ ਉਪ ਕੁਲਪਤੀ ਪ੍ਰੋ (ਡਾ.) ਸੁਸ਼ੀਲ ਮਿੱਤਲ ਨੇ ਯੂਨੀਵਰਸਿਟੀ ਦੇ ਭਵਿੱਖ ਦੀਆਂ ਯੋਜਨਾਵਾਂ ਸਾਂਝੀਆਂ ਕੀਤੀਆਂ । ਉਨ੍ਹਾਂ ਵੱਲੋਂ ਮਿਲ ਕੇ ਅਕਾਦਮਿਕ ਸਮਰੱਥਾ ਨੂੰ ਵਧਾਉਣ ਦਾ ਯਤਨ ਕਰਨ, ਨਵੇਂ ਅਕਾਦਮਿਕ ਸੈਸ਼ਨ ਤੋਂ ਪਹਿਲੇ ਸਕੂਲਾਂ ਦੇ ਵਿਦਿਆਰਥੀਆਂ ਵਿੱਚ ਸਾਇੰਸ ਐਜੂਕੇਸ਼ਨ ਪ੍ਰਤੀ ਜਾਗਰੂਕਤਾ ਪੈਦਾ ਕਰਨ ਹਿਤ ਵਿਚਾਰ ਸਾਂਝੇ ਕੀਤੇ। ਉਨ੍ਹਾਂ ਵੱਲੋਂ ਦੇਸ਼ ਦੇ ਸੰਵਿਧਾਨਕ ਢਾਂਚੇ ਦੀ ਸ਼ਲਾਘਾ ਕੀਤੀ ਗਈ । ਉਪ ਕੁਲਪਤੀ ਵੱਲੋਂ ਸਾਰੇ ਨਾਗਰਿਕਾਂ ਨੂੰ ਸਮਾਨ ਭਾਵਨਾਵਾਂ ਨਾਲ ਸੇਵਾਵਾਂ ਦੇਣ ਲਈ ਸਾਰੇ ਸਟਾਫ ਨੂੰ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵੱਲੋਂ ਸਭਨਾ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੱਤੀ ਗਈ ।ਇਸ ਮੌਕੇ ਯੂਨੀਵਰਸਿਟੀ ਸੁਰੱਖਿਆ ਕਰਮੀਆਂ, ਐਨ ਸੀ ਸੀ ਦੇ ਵਿਦਿਆਰਥੀਆਂ ਅਤੇ ਛੋਟੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ । ਅੰਤ ਵਿੱਚ ਡੀਨ ਅਕਾਦਮਿਕ ਪ੍ਰੋ (ਡਾ.) ਵਿਕਾਸ ਚਾਵਲਾ ਵੱਲੋਂ ਧੰਨਵਾਦ ਦਾ ਪ੍ਰਸਤਾਵ ਪੜ੍ਹਿਆ ਗਿਆ । ਇਸ ਮੌਕੇ ਯੂਨਿਵਰਸਿਟੀ ਦੇ ਡੀਨ ਕਾਲਜ ਡਿਵੈਲਪਮੈਂਟ ਡਾ. ਬਲਕਾਰ ਸਿੰਘ, ਡੀਨ ਆਰ ਐਂਡ ਡੀ ਡਾ. ਹਿਤੇਸ਼ ਸ਼ਰਮਾ, ਕੰਟਰੋਲਰ ਪ੍ਰੀਖਿਆਵਾਂ ਡਾ.ਪਰਮਜੀਤ ਸਿੰਘ, ਵਿੱਤ ਅਧਿਕਾਰੀ ਡਾ.ਸੁਖਬੀਰ ਸਿੰਘ ਅਤੇ ਹੋਰ ਮੌਜੂਦ ਰਹੇ। ਮੰਚ ਸੰਚਾਲਨ ਸਹਾਇਕ ਪ੍ਰੋਫੈਸਰ ਡਾ. ਸਰਬਜੀਤ ਸਿੰਘ ਮਾਨ ਨੇ ਕੀਤਾ।

# ਖੇਤੀਬਾੜੀ ਮੁਲਾਜ਼ਮ ਸਾਂਝੀ ਐਕਸ਼ਨ ਕਮੇਟੀ ਵੱਲੋਂ ਰੋਸ ਧਰਨੇ ਦਾ 8ਵਾਂ ਦਿਨ




ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਸਰਕਾਰ ਵੱਲੋਂ ਕਥਿਤ ਲਾਪਤਾ ਮਸ਼ੀਨਰੀ ਦੇ ਸਬੰਧ ਵਿੱਚ ਖੇਤੀਬਾੜੀ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਕੱਢੇ ਗਏ ਕਾਰਨ ਦੱਸੋ ਨੋਟਿਸ ਬਾਬਤ ਸਮੂਹ ਖੇਤੀਬਾੜੀ ਸਟਾਫ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਿਸ ਤਹਿਤ ਖੇਤੀਬਾੜੀ ਮੁਲਾਜ਼ਮ ਸਾਂਝੀ ਐਕਸ਼ਨ ਕਮੇਟੀ, ਪੰਜਾਬ ਦੇ ਸੱਦੇ 'ਤੇ ਜ਼ਿਲਾ ਤਰਨ ਤਾਰਨ ਵਿਖੇ ਸਮੂਹ ਸਟਾਫ ਵੱਲੋਂ ਅੱਜ ਅੱਠਵੇਂ ਦਿਨ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲਾਭਪਾਤਰੀਆਂ ਵੱਲੋਂ ਖੁਦ ਇਹ ਐਲਾਨ ਕੀਤਾ ਜਾਂਦਾ ਕਿ ਉਹ ਨਿਰਧਾਰਿਤ ਸਮੇਂ ਤੋਂ ਪਹਿਲਾਂ ਸਬਸਿਡੀ ਤੇ ਲਈ ਗਈ ਮਸ਼ੀਨ ਨੂੰ ਨਹੀਂ ਵੇਚੇਗਾ ਪਰ ਮੁੜ ਪੜਤਾਲ ਦੌਰਾਨ ਜਿਹੜੇ ਲਾਭਪਾਤਰੀ ਮੌਕੇ 'ਤੇ ਮਸ਼ੀਨਾਂ ਨਹੀਂ ਵਿਖਾ ਸਕੇ ਉਨ੍ਹਾਂ ਵਿਰੁੱਧ ਸਰਕਾਰ ਵੱਲੋਂ ਕੋਈ ਵੀ ਦਿਸ਼ਾ ਨਿਰਦੇਸ਼ ਦੇਣ ਦੀ ਬਜਾਏ ਉਲਟਾ ਵਿਭਾਗ ਦੇ ਅਧਿਕਾਰੀ, ਕਰਮਚਾਰੀਆਂ ਨੂੰ ਹੀ ਨੋਟਿਸ ਦੇ ਦਿੱਤੇ ਹਨ ਜੋ ਕਿ ਸਰਾਸਰ ਧੱਕਾ ਹੈ। ਉਨ੍ਹਾਂ ਪੱਖ ਰੱਖਦਿਆਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪਰਾਲੀ ਪ੍ਰਬੰਧਨ ਕਰਨ ਲਈ ਹਰ ਸਾਲ ਨਵੀਆਂ ਮਸ਼ੀਨਾਂ ਦੀ ਖੋਜ ਕੀਤੀ ਜਾ ਰਹੀ ਹੈ ਜਿਸ ਨੂੰ ਅਪਣਾਉਣ ਲਈ ਪੰਜਾਬ ਦੇ ਉੱਦਮੀ ਕਿਸਾਨ ਆਪਣੇ ਪੱਧਰ ਤੇ ਪੁਰਾਣੀਆਂ ਮਸ਼ੀਨਾਂ ਦਾ ਵਟਾਂਦਰਾ ਵੀ ਕਰ ਲੈਂਦੇ ਹਨ। ਇਸ ਤਰ੍ਹਾਂ ਕਿਸਾਨਾਂ ਦੁਆਰਾ ਨਵੀਆਂ ਤਕਨੀਕਾਂ ਨੂੰ ਅਪਣਾਉਣ ਦਾ ਖਮਿਆਜ਼ਾ ਵਿਭਾਗ ਦੇ ਅਧਿਕਾਰੀਆਂ , ਕਰਮਚਾਰੀਆਂ ਨੂੰ ਭੁਗਤਣਾ ਪੈ ਰਿਹਾ ਹੈ ਜੋ ਕਿ ਧਰਤੀ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਲਈ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਣਥੱਕ ਮਿਹਨਤ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਹ ਮਹਿਕਮੇ ਦੀ ਸਾਖ ਨੂੰ ਖਰਾਬ ਕਰਨ ਦੀ ਬਜਾਏ ਅਜਿਹੀ ਠੋਸ ਨੀਤੀ ਲਿਆਵੇ ਜਿਸ ਨਾਲ ਮਹਿਕਮੇ ਦੇ ਅਧਿਕਾਰੀ, ਕਰਮਚਾਰੀਆਂ ਦੇ ਹੌਸਲੇ ਬੁਲੰਦ ਹੋ ਸਕਣ। ਉਨ੍ਹਾਂ ਕਿਹਾ ਕਿ ਜੇਕਰ ਇਹ ਨੋਟਿਸ ਸਰਕਾਰ ਵੱਲੋਂ ਵਾਪਸ ਨਹੀਂ ਲਏ ਜਾਂਦੇ ਤਾਂ ਖੇਤੀਬਾੜੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਇਹ ਸੰਘਰਸ਼ ਨੂੰ ਹੋਰ ਤਿੱਖਾ ਕਰਦਿਆਂ ਸ਼ੁੱਕਰਵਾਰ ਨੂੰ ਸਟੇਟ ਹੈੱਡਕੁਆਰਟਰ ਦਫਤਰ ਡਾਇਰੈਕਟੋਰੇਟ, ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਵਿਖੇ ਪੰਜਾਬ ਦੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਦੁਆਰਾ ਧਰਨਾ ਦਿੱਤਾ ਜਾਵੇਗਾ।

# ਧਾਲੀਵਾਲ ਨੇ ਜ਼ਿਲ੍ਹਾ ਗੁਰਦਾਸਪੁਰ 'ਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ




**ਗੁਰਦਾਸਪੁਰ (ਜਨਕ ਮਹਾਜਨ/ ਦਿਨੇਸ਼ ਕੁਮਾਰ)**-ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐਸਐਸਪੀ ਗੁਰਦਾਸਪੁਰ ਹਰੀਸ਼ ਦਾਯਮਾ, ਐੱਸਐੱਸਪੀ. ਬਟਾਲਾ ਮੈਡਮ ਅਸ਼ਵਨੀ ਗੋਟਿਆਲ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਰਵਿੰਦਰਪਾਲ ਸਿੰਘ ਸੰਧੂ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਇਨ੍ਹਾਂ ਵਿਕਾਸ ਕਾਰਜਾਂ ਜ਼ਰੀਏ ਸਹੂਲਤ ਮਿਲ ਸਕੇ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਖ਼ਰਚੀਆਂ ਜਾਣ ਵਾਲੀਆਂ ਗਰਾਂਟਾਂ ਲੋਕਾਂ ਦੀ ਭਲਾਈ ਉਪਰ 31 ਮਾਰਚ ਤੋਂ ਪਹਿਲਾਂ ਖ਼ਰਚ ਲਈਆਂ ਜਾਣ ਤਾਂ ਜੋ ਅਗਲੇ ਵਿੱਤੀ ਵਰ੍ਹੇ ਵਿੱਚ ਸਰਕਾਰ ਵੱਲੋਂ ਨਵੀਆਂ ਗਰਾਂਟਾਂ ਜਾਰੀ ਕੀਤੀਆਂ ਜਾ ਸਕਣ। ਇਸ ਮੌਕੇ ਐਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜ) ਮੈਡਮ ਇਰਵਿਨ ਕੌਰ, ਐੱਸਡੀਐੱਮ ਬਟਾਲਾ ਸ਼ਾਇਰੀ ਭੰਡਾਰੀ, ਐੱਸਡੀਐੱਮ ਡੇਰਾ ਬਾਬਾ ਨਾਨਕ ਅਸ਼ਵਨੀ ਅਰੋੜਾ, ਐੱਸਡੀਐੱਮ. ਫ਼ਤਿਹਗੜ੍ਹ ਚੂੜੀਆਂ ਬੇਅੰਤ ਸਿੰਘ ਸਿੱਧੂ, ਐੱਸਡੀਐੱਮ ਦੀਨਾਨਗਰ ਗੁਰਦੇਵ ਸਿੰਘ ਧਾਮ, ਐੱਸਡੀਐੱਮ ਰਾਜਪਾਲ ਸਿੰਘ ਸੇਖੋਂ, ਐਕਸੀਅਨ ਡਰੇਨਜ਼ ਦਿਲਪ੍ਰੀਤ ਸਿੰਘ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ ਬਾਜਵਾ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਹਰਚਰਨ ਸਿੰਘ ਬਾਜਵਾ, ਮੁੱਖ ਖੇਤੀਬਾੜੀ ਅਫ਼ਸਰ ਸੁਰਿੰਦਰਪਾਲ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਸ਼ਾਮ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਜਾਬ ਡਿੱਪੂ ਹੋਲਡਰ ਯੂਨੀਅਨ ਦਾ ਵਫਦ ਬੋਨੀ ਅਮਰਪਾਲ ਸਿੰਘ ਨੂੰ ਮਿਲਿਆ



ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਪੰਜਾਬ ਡਿਪੂ ਹੋਲਡਰ ਯੂਨੀਅਨ ਐੱਨਐੱਫਐੱਸ 355 ਪ੍ਰਧਾਨ ਜੈਮਲ ਸਿੰਘ ਮਾਝਾ ਬਰਗੇਡ ਦੀ ਅਗਵਾਈ ਵਿੱਚ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਮਿਲਿਆ। ਪ੍ਰਧਾਨ ਜੈਮਲ ਸਿੰਘ ਨੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਮੰਗ ਪੱਤਰ ਦਿੰਦਿਆਂ ਦੱਸਿਆ ਕਿ ਕੇਂਦਰ ਸਰਕਾਰ ਨੇ 2027 ਤੱਕ ਕਣਕ ਪੰਜਾਬ ਦੀ ਜਨਤਾ ਨੂੰ ਫਰੀ ਕੀਤੀ ਹੋਈ ਹੈ ਪਰ ਪੰਜਾਬ ਸਰਕਾਰ ਉਸ ਕਣਕ ਦਾ ਆਟਾ ਪੀਸ ਕੇ ਪੰਜਾਬ ਭਰ ਦੇ ਡਿਪੂ ਹੋਲਡਰਾਂ ਨੂੰ ਬੇਰੁਜ਼ਗਾਰ ਕਰਕੇ ਮਾਰਕਫੈੱਡ ਤੋਂ ਆਟਾ ਵੰਡਾਉਣ ਲਈ ਬਜ਼ਿੱਦ ਹੈ ਜਿਸ ਵਿੱਚ 18 ਹਜ਼ਾਰ ਡਿਪੂ ਹੋਲਡਰ ਬੇਰੁਜ਼ਗਾਰ ਹੋਣ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਕੇਂਦਰ ਦੀ ਸਰਕਾਰ 168 ਰੁਪਏ ਪ੍ਰਤੀ ਕੁਇੰਟਲ ਦੇ ਨਾਲ ਕਮਿਸ਼ਨ ਦਿੰਦੀ ਹੈ। ਪੰਜਾਬ ਸਰਕਾਰ ਡਿਪੂ ਹੋਲਡਰਾਂ ਨੂੰ 47 ਰੁਪਏ ਤੇ ਉਹ ਵੀ ਜਦੋਂ ਡਿਪੂ ਹੋਲਡਰ ਹਾਈ ਕੋਰਟ ਵਿੱਚ ਰਿਟ ਪਾਉਣ। ਡਿਪੂ ਹੋਲਡਰਾਂ ਕੋਲ ਕਣਕ ਦੀ ਪਰਚੀ ਕੱਟਣ ਵਾਲੀਆਂ ਮਸ਼ੀਨਾਂ ਖਰਾਬ ਹਨ। ਇਨ੍ਹਾਂ ਮੰਗਾਂ ਬਾਰੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਜਾਣੂ ਕਰਵਾਇਆ। ਬੋਨੀ ਅਮਰਪਾਲ ਅਜਨਾਲਾ ਨੇ ਇਹ ਮੁੱਦਾ ਪੰਜਾਬ ਬੀਜੇਪੀ ਪ੍ਰਧਾਨ ਸੁਨੀਲ ਜਾਖੜ ਅੱਗੇ ਰੱਖਿਆ। ਸੁਨੀਲ ਜਾਖੜ ਨੇ ਕੱਲ ਚੰਡੀਗੜ੍ਹ ਵਿੱਚ ਪੰਜਾਬ ਭਰ ਦੇ ਡਿਪੂ ਹੋਲਡਰ ਯੂਨੀਅਨ ਨੂੰ ਸੱਦਾ ਪੱਤਰ ਦਿੱਤਾ ਹੈ ਅਤੇ ਆਪਣੀਆਂ ਮੁਸ਼ਕਲਾਂ ਦੱਸਣ ਲਈ ਕਿਹਾ ਗਿਆ ਹੈ। ਕੱਲ ਚੰਡੀਗੜ੍ਹ ਵਿੱਚ ਸਮੂਹ ਪੰਜਾਬ ਦੇ ਡਿਪੂ ਹੋਲਡਰ ਭਾਰਤੀ ਜਨਤਾ ਪਾਰਟੀ ਦੇ ਦਫਤਰ ਸੈਕਟਰ 37 ਵਿੱਚ ਚੰਡੀਗੜ੍ਹ ਪਹੁੰਚ ਕੇ ਆਪਣੀਆਂ ਮੁਸ਼ਕਿਲਾਂ ਦੱਸਣਗੇ। ਇਸ ਮੌਕੇ ਡਿਪੂ ਹੋਲਡਰ ਅਵਤਾਰ ਸਿੰਘ, ਹਰਪਾਲ ਸਿੰਘ, ਹਰਮੀਤ ਸਿੰਘ ਸੰਧੂ, ਤਜਿੰਦਰ ਸਿੰਘ ਸੋਨੂ, ਪਰਮਜੀਤ ਸਿੰਘ ਪੰਮਾ, ਸਰਬਜੀਤ ਸਿੰਘ ਸਾਭਾ, ਹਰਪਾਲ ਸਿੰਘ ਅਤੇ ਸੁਸ਼ੀਲ ਕੁਮਾਰ ਆਦਿ ਹਾਜ਼ਰ ਸਨ।

# ਗਣਤੰਤਰ ਦਿਵਸ ਮੌਕੇ ਲਛਮਣ ਸਿੰਘ ਧਾਰੋਵਾਲੀ ਕਾਲਜ ਦੇ ਬੱਚੇ ਸਨਮਾਨਿਤ







**ਕਲਾਨੌਰ (ਮਨਦੀਪ ਕੋਹਲੀ)** -ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਦੀ ਅਗਵਾਈ ਹੇਠ ਅਤੇ ਸਮੂਹ ਸਟਾਫ਼ ਦੇ ਯਤਨਾਂ ਸਦਕਾ ਸ਼ਹੀਦ ਲਛਮਣ ਸਿੰਘ ਧਾਰੋਵਾਲੀ ਯੂਨੀਵਰਸਿਟੀ ਕਾਲਜ ਕਲਾਨੌਰ ਦੇ ਵਿਦਿਆਰਥੀ ਵਿਦਿਅਕ ਅਤੇ ਖੇਡਾਂ ਦੇ ਖੇਤਰ ਨਿਰੰਤਰ ਮੱਲਾਂ ਮਾਰ ਰਹੇ ਹਨ।ਇਸੇ ਤਹਿਤ ਕਾਲਜ ਦੀ ਵਿਦਿਆਰਥਣ ਪਵਨਦੀਪ ਕੌਰ ਅਤੇ ਅਭੀ ਜੋਸ਼ੀ ਨੂੰ ਸਬ ਡਵੀਜ਼ਨ ਮੈਜਿਸਟਰੇਟ, ਕਲਾਨੌਰ ਵਿਖੇ ਸਰਕਾਰੀ ਪੱਧਰ 'ਤੇ ਮਨਾਏ ਗਏ 75ਵੇਂ ਗਣਤੰਤਰ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ ।ਗ਼ੌਰਤਲਬ ਹੈ ਕਿ ਬੀ.ਐੱਸਸੀ. ਇਕਨਾਮਿਕਸ ਸਮੈਸਟਰ ਚੌਥਾ ਦੀ ਵਿਦਿਆਰਥਣ ਪਵਨਦੀਪ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਐਲਾਨੇ ਗਏ ਨਤੀਜਿਆਂ ਦੀ ਮੈਰਿਟ ਲਿਸਟ ਵਿੱਚ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਅਭੀ ਜੋਸ਼ੀ ਨੇ ਪੰਜਾਬ ਸਰਕਾਰ ਵੱਲੋਂ 2023 ਵਿਚ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਵਿਚ ਸਟੇਟ ਪੱਧਰ ਦੇ ਲਿਫ਼ਟਿੰਗ ਮੁਕਾਬਲਿਆਂ ਵਿੱਚ 74 ਕਿਲੋਗ੍ਰਾਮ ਕੈਟਾਗਰੀ ਵਿਚ ਕਾਂਸੀ ਦਾ ਤਗਮਾ ਜਿੱਤ ਕੇ ਕਾਲਜ, ਇਲਾਕੇ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ।ਪ੍ਰਿੰਸੀਪਲ ਡਾ. ਕਮਲ ਕਿਸ਼ੋਰ ਅੱਤਰੀ ਨੇ ਸਨਮਾਨਿਤ ਹੋਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ।ਪ੍ਰਿੰ. ਸਰ ਨੇ ਕਾਲਜ ਦੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਇਕ ਸਭਿਅਕ ਅਤੇ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ।ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਮੌਜੂਦ ਸੀ।

## ਪਨਬੱਸ ਮੁਲਾਜ਼ਮਾਂ 'ਤੇ ਲਾਠੀ ਚਾਰਜ ਸਰਕਾਰ ਦੀ ਨਲਾਇਕੀ ਦਾ ਸਬੂਤ: ਮਾਣੋਚਾਹਲ/ਸਿੱਧਵਾ/ਸ਼ਕਰੀ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜਿਲ੍ਹਾ ਤਰਨਤਾਰਨ ਦੀ ਕੋਰ ਕਮੇਟੀ ਦੀ ਮੀਟਿੰਗ ਸੂਬਾ ਆਗੂ ਅਤੇ ਜਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਕਾਹਣ ਸਿੰਘ ਜੀ ਦੇ ਅਸਥਾਨ ਪਿੰਡ ਪਿੱਦੀ ਵਿਖੇ ਕੀਤੀ ਗਈ ਜਿਸ ਵਿੱਚ ਸੂਬਾ ਆਗੂ ਅਤੇ ਜਿਲ੍ਹਾ ਇੰਚਾਰਜ ਹਰਪ੍ਰੀਤ ਸਿੰਘ ਸਿੱਧਵਾਂ, ਸੂਬਾ ਆਗੂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।ਮੀਟਿੰਗ ਵਿੱਚ ਆਗੂਆਂ ਨੇ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪਨਬਸ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਘਰ (ਪੱਟੀ) ਮੂਹਰੇ ਬੈਠੇ ਸਨ ਜਿਨ੍ਹਾਂ ਤੇ ਲਾਠੀ ਚਾਰਜ ਕੋਝੀ ਹਰਕਤ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਉਪਰ ਤਸ਼ੱਦਦ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ। ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਮੁਲਾਜ਼ਮਾਂ ਦੇ ਹੱਕ ਵਿੱਚ ਉਨ੍ਹਾਂ ਨਾਲ ਖੜੀ ਰਹੇਗੀ।ਇਸ ਮੌਕੇ ਹਰਬਿੰਦਰਜੀਤ ਸਿੰਘ ਕੰਗ ਜ਼ਿਲ੍ਹਾ ਜੱਥੇਬੰਦਕ ਸਕੱਤਰ, ਜਰਨੈਲ ਸਿੰਘ ਨੂਰਦੀ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਦਿਆਲ ਸਿੰਘ ਮੀਆਵਿੰਡ, ਰੇਸ਼ਮ ਸਿੰਘ ਘੁਰਕਵਿੰਡ, ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਸਮੇਤ ਕੋਰ ਕਮੇਟੀ ਦੇ ਆਗੂ ਹਾਜ਼ਰ ਸਨ।



## ਅੱਠਵਾਂ ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਮਹਿੰਦਰਪਾਲ ਭੱਠਲ ਨੂੰ ਦਿੱਤਾ ਜਾਵੇਗਾ





ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਆਸਟ੍ਰੇਲੀਆ ਦੀ ਨਾਮਵਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ (ਇਪਸਾ) ਅਤੇ ਪੰਜਾਬ ਭਰ ਵਿਚ ਸਰਗਰਮੀਆਂ ਦੇ ਪੱਖ ਤੋਂ ਅੱਵਲ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ (ਰਜਿ:) ਵੱਲੋਂ ਸਾਂਝੇ ਉਦਮ ਸਦਕਾ, ਹਰ ਸਾਲ ਮਰਹੂਮ ਸ਼ਾਇਰ ਪ੍ਰਮਿੰਦਰਜੀਤ ਦੀ ਯਾਦ ਵਿਚ ਦਿੱਤਾ ਜਾਂਦਾ ਪੁਰਸਕਾਰ, ਇਸ ਵਾਰ ਇਨਕਲਾਬੀ ਸ਼ਾਇਰ ਅਤੇ ਨਾਟਕਕਾਰ ਮਹਿੰਦਰਪਾਲ ਭੱਠਲ ਨੂੰ ਦਿੱਤਾ ਜਾਵੇਗਾ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ: ਸ਼ੇਲਿੰਦਰਜੀਤ ਸਿੰਘ ਰਾਜਨ ਦੀ ਸੂਚਨਾ ਅਨੁਸਾਰ ਇਹ ਪੁਰਸਕਾਰ 4 ਫਰਵਰੀ 2024, ਦਿਨ ਐਤਵਾਰ ਨੂੰ ਦਸਮੇਸ਼ ਪਬਲਿਕ ਸੀ: ਸੈ: ਸਕੂਲ, ਬਾਬਾ ਬਕਾਲਾ ਸਾਹਿਬ ਵਿਖੇ ਸਵੇਰੇ 10.30 ਵਜੇ ਹੋ ਰਹੇ ਇਕ ਵਿਸ਼ਾਲ ਸਮਾਗਮ ਵਿਚ ਪ੍ਰਦਾਨ ਕੀਤਾ ਜਾਵੇਗਾ ।ਪੁਰਸਕਾਰ ਵਿੱਚ ਸਨਮਾਨਿਤ ਹੋਣ ਵਾਲੀ ਸ਼ਖ਼ਸੀਅਤ ਨੂੰ 21000 ਰੁਪਏ ਦੀ ਰਾਸ਼ੀ, ਇੱਕ ਦੁਸ਼ਾਲਾ ਅਤੇ ਸੋਵੀਨਾਰ ਦਿੱਤਾ ਜਾਵੇਗਾ।

ਇਸ ਸਮਾਗਮ ਦੀ ਪ੍ਰਧਾਨਗੀ ਡਾ. ਪਰਮਿੰਦਰ ਸਿੰਘ ਸਾਬਕਾ ਮੁਖੀ ਅੰਗਰੇਜ਼ੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਕਰਨਗੇ ।

ਸ਼੍ਰੋਮਣੀ ਕਵੀ ਦਰਸ਼ਨ ਬੁੱਟਰ (ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਣਗੇ ਅਤੇ ਕਵੀ ਦਰਬਾਰ ਡਾ: ਤਜਿੰਦਰ ਕੌਰ ਸ਼ਾਹੀ (ਓਐੱਸਡੀ ਸਰਕਾਰੀ ਕਾਲਜ ਸਠਿਆਲਾ) ਦੀ ਸਦਾਰਤ ਤਹਿਤ ਹੋਵੇਗਾ ।

ਪ੍ਰਧਾਨਗੀ ਮੰਡਲ ਵਿਚ ਡਾ. ਗੋਪਾਲ ਸਿੰਘ ਬੁੱਟਰ, ਭੁਪਿੰਦਰ ਸਿੰਘ ਮੱਲ੍ਹੀ ਕੈਨੇਡਾ, ਮੱਖਣ ਕੁਹਾੜ, ਦੀਪ ਦਵਿੰਦਰ ਸਿੰਘ, ਡਾ. ਗਗਨਦੀਪ ਸਿੰਘ ਅਤੇ ਕੀਰਤ ਪ੍ਰਤਾਪ ਪੰਨੂ ਬਿਰਾਜਮਾਨ ਹੋਣਗੇ।

# ਸਸਸ ਸਕੂਲ ਭੱਟੀਆਂ ਨੇ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਕਰਵਾਇਆ



ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਟੀਆਂ ਦੇ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਜੰਗ-ਏ-ਆਜ਼ਾਦੀ ਯਾਦਗਾਰ ਕਰਤਾਰਪੁਰ ਦਾ ਵਿੱਦਿਅਕ ਟੂਰ ਸਾਇੰਸ ਮਿਸਟ੍ਰੈੱਸ ਰਮਨਦੀਪ ਕੌਰ, ਸਮਾਜਿਕ ਸਿੱਖਿਆ ਮਿਸਟ੍ਰੈੱਸ ਅਮਨਦੀਪ ਕੌਰ ਦੀ ਅਗਵਾਈ ਵਿੱਚ ਕਰਵਾਇਆ ਗਿਆ।

ਪ੍ਰਿੰ. ਸੰਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਰਵਾਨਾ ਕਰਦੇ ਹੋਏ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਵਿੱਦਿਅਕ ਟੂਰਾਂ ਨਾਲ ਵਿਦਿਆਰਥੀਆਂ ਵਿੱਚ ਸਿੱਖਣ-ਸਿਖਾਉਣ ਪ੍ਰਕਿਰਿਆ ਹੋਰ ਵੀ ਪ੍ਰਭਾਵਸ਼ਾਲੀ ਹੁੰਦੀ ਹੈ।

ਸਕੂਲ ਅਧਿਆਪਕ ਮਨਵਿੰਦਰ ਸਿੰਘ, ਬੋਧ ਰਾਜ, ਗੁਰਪ੍ਰੀਤ ਸਿੰਘ, ਸਤੀਸ਼ ਕੁਮਾਰ, ਆਸ਼ਿਸ਼ ਵਡੇਰਾ, ਲੈਕਚਰਾਰ ਗੁਰਨਾਮ ਸਿੰਘ, ਸਤਨਾਮ ਸਿੰਘ, ਅਬਿਨਾਸ਼ ਸਿੰਘ, ਆਰਤੀ ਸ਼ਰਮਾ, ਅਲਕਾ ਰਾਣੀ, ਸ਼ੁਭਪਰੀਤ ਕੌਰ, ਰਵਿੰਦਰ ਕੌਰ, ਲੈਕਚਰਾਰ ਪੂਨਮ ਸ਼ਰਮਾ, ਗੌਰਵ ਮਹਾਜਨ, ਰਮਿੰਦਰ ਸਿੰਘ ਨੇ ਕਿਹਾ ਕਿ ਸਮੂਹ ਵਿਦਿਆਰਥੀਆਂ ਨੂੰ ਬਹੁਤ ਕੁੱਝ ਨਵਾਂ ਸਿੱਖਣ ਲਈ ਮਿਲਿਆ ਅਤੇ ਉਨ੍ਹਾਂ ਵਿੱਚ ਦੇਸ਼ ਭਗਤੀ ਅਤੇ ਦੇਸ਼ ਪ੍ਰੇਮ ਦਾ ਜਜ਼ਬਾ ਪੈਦਾ ਹੋਇਆ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੂੰ ਪਿੰਡ ਬਹਿਲੇ 'ਚ ਮਿਲਿਆ ਵੱਡਾ ਹੁੰਗਾਰਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਅਧੀਨ ਜ਼ਿਲਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਦੀ ਪ੍ਰਧਾਨਗੀ ਹੇਠ ਪੰਡ ਬਹਿਲਾ ਵੱਲੋਂ ਵੱਡਾ ਸਮਰਥਨ ਮਿਲਿਆ। ਜਾਣਕਾਰੀ ਸਾਂਝਾ ਕਰਦੇ ਹੋਏ ਜ਼ੋਨ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਆਗੂ ਬਲਜੀਤ ਸਿੰਘ ਰਟੌਲ, ਜ਼ੋਨ ਆਗੂ ਬਾਬਾ ਸਵਿੰਦਰ ਸਿੰਘ ਖਾਰਾ ਨੇ ਦੱਸਿਆ ਕਿ ਜਥੇਬੰਦੀ ਦੇ ਆਗੂਆਂ ਵੱਲੋਂ ਪਿੰਡ -ਪਿੰਡ ਜਾ ਕੇ ਦਿੱਲੀ ਮੋਰਚੇ ਦੀਆਂ ਤਿਆਰੀਆਂ ਕਰਵਾਈਆਂ ਜਾ ਰਹੀਆਂ ਹਨ। ਪਿੰਡ ਬਹਿਲਾ ਵਿੱਚ ਮੀਟਿੰਗ ਮੌਕੇ ਬੀਬੀਆਂ ਵੱਲੋਂ ਜਥੇਬੰਦੀ ਦੇ ਮੋਢੇ ਨਾਲ ਮੋਢਾ ਲਾ ਕੇ ਤੁਰਨ ਦਾ ਪ੍ਰਣ ਕਰਦੇ ਹੋਏ ਬੀਬੀਆਂ ਅਤੇ ਮਜ਼ਦੂਰਾਂ ਦੀ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਬੀਬੀਆਂ ਦੀ ਪ੍ਰਧਾਨ ਜਗਦੀਸ਼ ਕੌਰ ਬਹਿਲਾ ਅਤੇ ਸਕੱਤਰ ਜਸਬੀਰ ਕੌਰ ਬਹਿਲਾ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।

ਪਿੰਡਾਂ ਨੂੰ ਵੀ ਅਪੀਲ ਕੀਤੀ ਕਿ ਆਪੋ ਆਪਣੇ ਪਿੰਡਾਂ ਵਿੱਚ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਅਤੇ ਨੌਜਵਾਨਾਂ ਦੀਆਂ ਕਮੇਟੀਆਂ ਦਾ ਗਠਨ ਕੀਤਾ ਜਾਵੇ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਵੱਲੋਂ ਵਿੱਢੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾ ਸਕੇ ਅਤੇ 13 ਫਰਵਰੀ ਨੂੰ ਲੱਗ ਰਹੇ ਦਿੱਲੀ ਮੋਰਚੇ ਨੂੰ ਸਫਲ ਬਣਾਇਆ ਜਾ ਸਕੇ। ਇਸ ਮੌਕੇ ਸੈਂਕੜੇ ਬੀਬੀਆਂ, ਕਿਸਾਨਾਂ ਅਤੇ ਮਜ਼ਦੂਰਾਂ ਨੇ ਹਾਜ਼ਰੀ ਭਰੀ।

## ਟੈਕਨੋ ਸਪਾਰਕ 20 ਨੇ ਸਟੋਰੇਜ ਦੇ ਹੁਣ ਤੱਕ ਦੇ ਸਾਰੇ ਰਿਕਾਰਡ ਤੋੜੇ

**ਚੰਡੀਗੜ੍ਹ** :ਗਲੋਬਲ ਸਮਾਰਟਫੋਨ ਬ੍ਰਾਂਡ ਟੈਕਨੋ ਆਪਣੇ ਸਲੋਗਨ ਸਟਾਪ ਐਟ ਨਥਿੰਗ ਨੂੰ ਹਕੀਕਤ ਵਿੱਚ ਬਦਲ ਰਿਹਾ ਹੈ ਅਤੇ 30 ਜਨਵਰੀ, 2024 ਨੂੰ ਆਲਰਾਊਂਡਰ ਸਪਾਰਕ ਸੀਰੀਜ਼ ਵਿੱਚ ਲੇਟੈਸਟ ਅਡੀਸ਼ਨ ਸਪਾਰਕ 20 ਦੇ ਲਾਂਚ ਨਾਲ ਪ੍ਰੀਮੀਅਮ ਹਾਰਡਵੇਅਰ ਅਤੇ ਸਾਫਟਵੇਅਰ ਤਕਨੀਕ ਨੂੰ ਭਾਰਤੀ ਖਪਤਕਾਰਾਂ ਲਈ ਪਹੁੰਚਯੋਗ ਬਣਾ ਰਿਹਾ ਹੈ। ਡਿਟੇਲ ਵਿੱਚ ਜਾਣ ਤੋਂ ਪਹਿਲਾਂ ਐਮਾਜ਼ਾਨ ਅਤੇ ਟੈਕਨੋ ਦੇ ਸੋਸ਼ਲ ਹੈਂਡਲਜ਼ 'ਤੇ ਸਮਾਰਟਫੋਨ ਦੇ ਟੀਜ਼ਰ ਨਾਲ ਮਨਮੋਹ ਲੈਣ ਵਾਲੀ ਇੱਕ ਪ੍ਰੀਮੀਅਮ ਦਿੱਖ ਵਾਲੀ ਡੀਵਾਈਸ ਦੀਪਿਕਾ ਪਾਦੂਕੋਣ ਦੇ ਹੱਥਾਂ ਵਿੱਚ ਦਿਖਾਈ ਦਿੰਦੀ ਹੈ। 2024 ਵਿੱਚ ਗਿਅਰ ਨੂੰ ਬਦਲਦੇ ਹੋਏ ਟੈਕਨੋ ਆਪਣੇ ਡਾਈਨਾਮਿਕ ਬ੍ਰਾਂਡ ਅੰਬੈਸਡਰ ਰਾਹੀਂ ਪਹਿਲਾਂ ਤੋਂ ਹੀ ਇਨੋਵੇਸ਼ਨ ਨੂੰ ਹੋਰ ਸਟਾਈਲਿਸ ਬਣਾਉਣ ਅਤੇ ਅੱਜ ਦੇ ਉਪਭੋਗਤਾਵਾਂ ਦੀਆਂ ਉੱਭਰਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਦਮ ਉਠਾ ਰਿਹਾ ਹੈ। ਮਾਈਂਡ ਬਲੋਇੰਗ 256ਜੀਬੀ ਸਟੋਰੇਜ ਅਤੇ ਇੱਕ ਸ਼ਾਨਦਾਰ 8ਜੀਬੀ+8ਜੀਬੀ ਰੈਮ ਕੰਬੋ ਦੇ ਨਾਲ ਜੋ ਇਸ ਸੈਗਮੈਂਟ ਵਿੱਚ ਪਹਿਲਾਂ ਕਦੇ ਨਹੀਂ ਦੇਖਿਆ ਗਿਆ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੇ ਕਲਾ ਮੁਕਾਬਲਿਆਂ 'ਚ ਮਾਰੀਆਂ ਮੱਲਾਂ



ਝਬਾਲ, (ਹਰਜਿੰਦਰ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਦੇ ਵਿਦਿਆਰਥੀਆਂ ਨੇ ਰੰਗ ਉਤਸਵ ਸੈਲੀਬਰੇਸ਼ਨ ਸੰਸਥਾ ਮੁੰਬਈ ਵੱਲੋਂ ਨੈਸ਼ਨਲ ਲੈਵਲ ਤੇ ਕਰਵਾਏ ਗਏ ਆਰਟ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਮੈਡਮ ਜਗਜੀਤ ਕੌਰ ਦੀ ਦੇਖ-ਰੇਖ ਹੇਠ ਇਨਾਂ ਮੁਕਾਬਲਿਆਂ ਵਿੱਚ ਸਕੂਲ ਦੇ 200 ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ 19 ਵਿਦਿਆਰਥੀਆਂ ਨੇ ਗੋਲਡ ਮੈਡਲ, 24 ਵਿਦਿਆਰਥੀਆਂ ਦੇ ਸਿਲਵਰ ਮੈਡਲ ਅਤੇ ਚਾਰ ਵਿਦਿਆਰਥੀਅ ਨੇ ਸਰਪ੍ਰਾਈਜ਼ ਗਿਫਟ ਪ੍ਰਾਪਤ ਕੀਤੇ। ਅੱਠਵੀਂ ਜਮਾਤ ਦੇ ਵਿਦਿਆਰਥੀ ਮਨਰਾਜ ਸਿੰਘ ਨੇ ਦੂਜਾ ਸਥਾਨ ਹਾਸਲ ਕਰਕੇ ਨੈਸ਼ਨਲ ਸਿਲਵਰ ਐਵਾਰਡ ਦੀ ਟਰਾਫੀ ਹਾਸਲ ਕੀਤੀ। ਤੀਜੀ ਜਮਾਤ ਦੇ ਗੁਰਕੀਰਤਨ ਸਿੰਘ ਨੇ ਚੌਥਾ ਸਥਾਨ ਹਾਸਲ ਕਰਦਿਆਂ ਕਲਰ ਸੈਟ ਅਤੇ ਗੋਲਡ ਮੈਡਲ ਪ੍ਰਾਪਤ ਕੀਤਾ। ਬਾਕੀ ਵਿਦਿਆਰਥੀਆਂ ਨੇ ਹੌਸਲਾ ਅਫਜ਼ਾਈ ਸਰਟੀਫਿਕੇਟ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ ਅਤੇ ਰਮਣੀਕ ਸਿੰਘ ਫਰੀਡਮ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਹੋਇਆਂ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਚਮਰੌਰ ਵਿਖੇ ਪ੍ਰਵਾਸੀ ਭਾਰਤੀ ਮਿਲਣੀ 3 ਫਰਵਰੀ ਨੂੰ : ਧਾਲੀਵਾਲ



ਗੁਰਦਾਸਪੁਰ, (ਦਿਨੇਸ਼ ਕੁਮਾਰ)।-ਸੂਬੇ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਹੈ ਕਿ 3 ਫਰਵਰੀ ਨੂੰ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਚਮਰੌਰ (ਮਿੰਨੀ ਗੋਆ) ਵਿਖੇ ਪ੍ਰਵਾਸੀ ਭਾਰਤੀ ਮਿਲਣੀ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰਵਾਸੀ ਭਾਰਤੀ ਮਿਲਣੀ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਕੀਤਾ ਜਾਵੇਗਾ। ਸਥਾਨਕ ਪੰਚਾਇਤ ਭਵਨ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿੰਨੀ ਗੋਆ ਵਿਖੇ ਹੋਣ ਇਸ ਐੱਨਆਰਆਈ ਮਿਲਣੀ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਰਾਵੀ ਦਰਿਆ ਦੇ ਕੰਢੇ ਤੇ ਰਮਣੀਕ ਮਾਹੌਲ ਵਿੱਚ ਹੋਣ ਵਾਲੀ ਇਸ ਮਿਲਣੀ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮਿਲਣੀ ਵਿੱਚ ਜਿੱਥੇ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣਗੀਆਂ ਉਥੇ ਨਾਲ ਹੀ ਉਨ੍ਹਾਂ ਨੂੰ ਪੰਜਾਬ ਦੇ ਕੁਦਰਤੀ ਸੁਹੱਪਣ ਦੇ ਦਰਸ਼ਨ ਵੀ ਕਰਵਾਏ ਜਾਣਗੇ। ਸ. ਧਾਲੀਵਾਲ ਨੇ ਸੂਬੇ ਦੇ ਪ੍ਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਤਿੰਨ ਫਰਵਰੀ ਨੂੰ ਜ਼ਿਲ੍ਹਾ ਪਠਾਨਕੋਟ ਦੇ ਚਮਰੌਰ (ਮਿੰਨੀ ਗੋਆ) ਵਿਖੇ ਪਹੁੰਚ ਕੇ ਪ੍ਰਵਾਸੀ ਭਾਰਤੀ ਮਿਲਣੀ ਵਿੱਚ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾ ਹੀ ਪ੍ਰਵਾਸੀ ਭਾਰਤੀਆਂ ਦੀ ਸੇਵਾ ਵਿੱਚ ਹਾਜ਼ਰ ਹੈ।

# ਕੋਰੀਓਗ੍ਰਾਫੀ 'ਚ 'ਝਾਂਸੀ ਦੀ ਰਾਣੀ' ਟੀਮ ਨੇ ਜ਼ਿਲ੍ਹਾ ਪੱਧਰ 'ਤੇ ਦੂਸਰਾ ਸਥਾਨ ਹਾਸਲ ਕੀਤਾ




ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਭਾਰਤ ਦੇ 75ਵੇਂ ਗਣਤੰਤਤਰ ਦਿਵਸ ਸਬੰਧੀ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਗੌਰਮਿੰਟ ਕਾਲਜ ਗੁਰਦਾਸਪੁਰ ਵਿਖੇ ਮੁੱਖ ਮਹਿਮਾਨ ਜੈ ਕਿਸ਼ਨ ਰੋੜੀ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ: ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਹੋਏ ਸੱਭਿਆਚਾਰਕ ਸਮਾਰੋਹ ਦੌਰਾਨ ਲਿਟਲ ਫਲਾਵਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਅਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੀ ਟੀਮ ਨੇ ਜ਼ਿਲ੍ਹਾ ਪੱਧਰ ਤੇ ਦੂਜਾ ਸਥਾਨ ਹਾਸਿਲ ਕੀਤਾ ਹੈ।

ਇਥੇ ਦੱਸਣਯੋਗ ਹੈ ਬਲਾਕ ਸਿੱਖਿਆ ਅਫ਼ਸਰ ਧਾਰੀਵਾਲ-1 ਨੀਰਜ ਕੁਮਾਰ ਦੀ ਪ੍ਰੇਰਨਾ ਸਦਕਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਫ਼ਰਵਾਲ ਦੇ ਪ੍ਰਿੰ. ਬਲਬੀਰ ਸਿੰਘ ਦੇ ਯੋਗਦਾਨ ਨਾਲ ਲਿਟਲ ਫਲਾਵਰ ਸਕੂਲ ਦੇ ਡਾਇਰੈਕਟਰ ਫਾਦਰ ਜੋਸ਼ ਪਡਿਆਟੀ, ਪ੍ਰਿੰ. ਸਿਸਟਰ ਰਜੀਨਾ ਪੌਲ ਦੇ ਆਦੇਸ਼ਾਂ ਨਾਲ ਪ੍ਰਿੰ, ਸਰਬਜੀਤ ਕੌਰ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਦੇ ਸਹਿਯੋਗ ਸਦਕਾ ਵਿਦਿਆਰਥੀਆਂ ਵਲੋਂ ਨਾਰੀ ਸ਼ਕਤੀ ਅਤੇ ਦੇਸ਼ ਭਗਤੀ ਨੂੰ ਦਰਸਾਉਂਦੀ ਕੋਰੀਓਗ੍ਰਾਫੀ 'ਝਾਂਸੀ ਦੀ ਰਾਣੀ' ਪੇਸ਼ਕਾਰੀ ਕਰਕੇ ਜ਼ਿਲ੍ਹਾ ਪੱਧਰ ਤੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਦੂਸਰਾ ਸਥਾਨ ਹਾਲਿਸ ਕਰਕੇ ਇਲਾਕਾ ਧਾਰੀਵਾਲ ਦਾ ਨਾਮ ਰੌਸ਼ਨ ਕੀਤਾ।

ਇਸ ਕੋਰੀਓਗ੍ਰਾਫੀ ਟੀਮ ਦਾ ਸਕੂਲ ਪਹੁੰਚਣ ਤੇ ਪ੍ਰਿੰ. ਸਿਸਟਰ ਰਜੀਨਾ ਪੌਲ ਅਤੇ ਸਟਾਫ ਵਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਸਿਸਟਰ ਮਰਸੀ, ਪੀ.ਆਰ.ਓ. ਸਵਰਨ ਸਿੰਘ, ਸਟਾਫ ਸੈਕਟਰੀ ਪੂਨਮਜੀਤ ਕੌਰ, ਮਧੂ ਕਾਲੀਆ, ਮੈਡਮ ਮਿੰਨੀ, ਜੋਤੀ ਮੈਡਮ, ਪ੍ਰਵੀਨ ਬਰਨਾਰਡ, ਜਸਬੀਰ ਕੌਰ, ਪ੍ਰਦੀਪ ਸਨੇਹੀ, ਤਿਲਕਾ ਸਟੀਫਨ, ਰਾਜੇਸ਼ ਖੋਖਰ, ਬੱਬੀ ਬੰਦਿਆਵਾਲ ਆਦਿ ਹਾਜ਼ਰ ਸਨ।

# ਪੁਰਾਣਾ ਸ਼ਾਲਾ ਚੌਕ 'ਚ ਸਪੀਡ ਬਰੇਕਰ ਨਾ ਹੋਣ ਕਾਰਨ ਹਾਦਸੇ ਵਾਪਰਨ ਦਾ ਖਦਸ਼ਾ



ਗੁਰਦਾਸਪੁਰ (ਜਨਕ ਮਹਾਜਨ)-ਬੇਟ ਖੇਤਰ ਦੇ ਕਸਬਾ ਪੁਰਾਣਾ ਸ਼ਾਲਾ ਚੌਕ ਵਿਚ ਟਰੈਫ਼ਿਕ ਲਾਈਟਾਂ ਜਾਂ ਸਪੀਡ ਬਰੇਕਰ ਨਾ ਹੋਣ ਕਾਰਨ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ। ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਚੌਤਰਫ਼ਾ ਸੜਕ ਹੋਣ ਕਰਕੇ ਟਰੈਫਿਕ ਦਾ ਕਾਫ਼ੀ ਜ਼ੋਰ ਰਹਿੰਦਾ ਹੈ ਕਿਉਂਕਿ ਇਸ ਸੜਕ ਰਾਹੀਂ ਦਿਲੀ, ਅੰਬਾਲਾ, ਚੰਡੀਗੜ੍ਹ, ਹੁਸ਼ਿਆਰਪੁਰ ਆਦਿ ਵੱਡੇ ਸ਼ਹਿਰਾਂ ਤੋਂ ਛੋਟੇ-ਵੱਡੇ ਵਾਹਨ ਵਾਇਆ ਗੁਰਦਾਸਪੁਰ, ਜੰਮੂ, ਉਧਮਪੁਰ, ਰਾਜੌਰੀ, ਸ੍ਰੀਨਗਰ ਆਦਿ ਸ਼ਹਿਰਾਂ ਨੂੰ ਆਉਂਦੇ ਜਾਂਦੇ ਹਨ। ਇਹ ਟਰੈਫ਼ਿਕ ਦਿਨ-ਰਾਤ ਚੱਲਦੀ ਰਹਿੰਦੀ ਹੈ। ਖੱਬੇ ਪਾਸੇ, ਸੜਕ ਪੰਡੋਰੀ ਮਹਿਤਾਂ ਦੀਨਾਨਗਰ ਅਤੇ ਸੱਜੇ ਪਾਸੇ ਸੜਕ ਕਸਬਾ ਚੱਕ ਸ਼ਰੀਫ ਕਾਹਨੂੰਵਾਨ ਭੈਣੀ ਮੀਆਂ ਖਾਂ ਆਦਿ ਨੂੰ ਜਾਂਦੀਆਂ ਹਨ। ਇਹ ਕਸਬਾ 40/50 ਪਿੰਡਾਂ ਦਾ ਬਿੰਦੂ ਕੇਂਦਰ ਹੈ ਜਿਸ ਕਾਰਨ ਟਰੈਫਿਕ ਜ਼ਿਆਦਾ ਹੋਣ ਕਾਰਨ ਚੌਂਕ ਵਿਚ ਹਰ ਵੇਲੇ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਕਿਉਂਕਿ ਚੌਕ ਵਿਚ ਨਾ ਤਾਂ ਟਰੈਫ਼ਿਕ ਲਾਈਟਾਂ ਹਨ ਅਤੇ ਨਾ ਹੀ ਸਪੀਡ ਬਰੇਕਰ ਹਨ ਜਿਸ ਨਾਲ ਵਾਹਨ ਆਦਿ ਜਿਹੜੇ ਤੇਜ਼ ਗਤੀ ਨਾਲ ਆਉਂਦੇ ਹਨ, ਹੌਲੀ ਹੋ ਕੇ ਗੁਜ਼ਰਨ।

ਇਲਾਕਾ ਵਾਸੀਆਂ ਦੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਪੁਰਾਣਾ ਸ਼ਾਲਾ ਚੌਕ ਦੇ ਚਾਰੇ ਪਾਸੇ ਸਪੀਡ ਬਰੇਕਰ ਬਣਾਏ ਜਾਣ।

# ਹਲਕਾ ਜੰਡਿਆਲਾ ਗੁਰੂ 'ਚ ਪੰਜਾਬ ਬਚਾਓ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ: ਛੱਜਲਵੱਡੀ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਜਾ ਰਹੀ ਪੰਜਾਬ ਬਚਾਓ ਯਾਤਰਾ ਸਬੰਧੀ ਹਲਕਾ ਜੰਡਿਆਲਾ ਦੇ ਵਰਕਰਾਂ ਅਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ ਜਿਸ ਤਹਿਤ ਹਲਕੇ ਦੇ ਲੋਕ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਇਸ ਯਾਤਰਾ ਵਿੱਚ ਸ਼ਾਮਿਲ ਹੋਣਗੇ, ਜਿਸ ਸਬੰਧੀ ਰੂਪ ਰੇਖਾ ਤਿਆਰ ਕਰਨ ਲਈ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਸਤਿੰਦਰਜੀਤ ਸਿੰਘ ਛਜਲਵੱਡੀ ਵੱਲੋਂ ਹਲਕੇ ਨਾਲ ਸੰਬੰਧਤ ਬਲਾਕ ਤਰਸਿੱਕਾ ਦੀ ਆਗੂਆਂ ਨਾਲ ਇੱਕ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ।

ਮੀਟਿੰਗ ਵਿੱਚ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ ਕਿ ਇਸ ਪੰਜਾਬ ਬਚਾਓ ਯਾਤਰਾ ਨੂੰ ਕਿਵੇਂ ਹਲਕੇ ਦੇ ਵਿੱਚ ਕਾਮਯਾਬ ਕੀਤਾ ਜਾਵੇ। ਛੱਜਲਵੱਡੀ ਨੇ ਜੰਡਿਆਲਾ ਗੁਰੂ ਵਿਖੇ 6 ਫਰਵਰੀ ਨੂੰ ਪੁੱਜ ਰਹੀ ਪੰਜਾਬ ਬਚਾਓ ਯਾਤਰਾ ਨੂੰ ਕਾਮਯਾਬ ਕਰਨ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸੁਖਵਿੰਦਰ ਸਿੰਘ ਸੰਗਰਾਵਾਂ, ਸੁਰਜੀਤ ਸਿੰਘ ਸੇਠ, ਨਿਸ਼ਾਨ ਸਿੰਘ ਜੰਡ, ਹਰਜੀਤ ਸਿੰਘ ਗੋਲੂ ਪ੍ਰਧਾਨ ਆਈ ਟੀ ਵਿੰਗ ਸ਼੍ਰੋਮਣੀ ਅਕਾਲੀ ਦਲ, ਨਵਜੋਤ ਸਿੰਘ, ਅਮਰੀਕ ਸਿੰਘ ਜੋਧਾਨਗਰੀ, ਪ੍ਰਮਜੀਤ ਸਿੰਘ, ਮਨਜਿੰਦਰ ਸਿੰਘ ਭੀਰੀ, ਗੁਰਬੇਜ ਜੱਬੋਵਾਲ, ਅੰਗਰੇਜ਼ ਸਿੰਘ ਆੜਤੀ, ਕੁਲਵੰਤ ਸਿੰਘ ਕਾਮਰੇਡ, ਕਾਬਲ ਸਿੰਘ ਤਰਸਿੱਕਾ, ਬਲਦੇਵ ਸਿੰਘ ਰਾਏਪੁਰ ਤੇ ਹੋਰ ਵੀ ਸਮੁੱਚੀ ਲੀਡਰਸ਼ਿਪ ਹਾਜ਼ਰ ਹੋਈ।

# ਸਵ. ਅਵਤਾਰਬੀਰ ਸਿੰਘ ਰੰਧਾਵਾ ਯਾਦਗਾਰੀ ਚਾਰ ਰੋਜ਼ਾ ਪੰਚਾਇਤੀ ਫੁੱਟਬਾਲ ਟੂਰਨਾਮੈਂਟ ਸਮਾਪਤ



ਬਟਾਲਾ (ਡਾ. ਮਲਵਿੰਦਰ ਸਿੰਘ) ਸਵ. ਅਵਤਾਰਬੀਰ ਸਿੰਘ ਰੰਧਾਵਾ ਯਾਦਗਾਰੀ ਚਾਰ ਰੋਜ਼ਾ ਪੰਚਾਇਤੀ ਫੁੱਟਬਾਲ ਟੂਰਨਾਮੈਂਟ ਸਥਾਨਕ ਆਈਟੀਆਈ ਦੇ ਖੇਡ ਮੈਦਾਨ ਵਿੱਚ ਕਰਵਾਇਆ ਗਿਆ, ਜਿਸ ਵਿੱਚ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਪ੍ਰਿਥੀਪਾਲ ਸਿੰਘ ਐੱਸਪੀਡੀ, ਪ੍ਰਿੰਸੀਪਲ ਆਈਟੀਆਈ ਪਰਮਜੀਤ ਸਿੰਘ ਮਠਾਰੂ, ਤਰੁਣ ਕਲਸੀ, ਨਵਜੋਤ ਸਿੰਘ ਮੱਲ੍ਹੀ, ਰੰਜਨਦੀਪ ਸੰਧੂ, ਰਾਜੇਸ਼ਵਰ ਸਿੰਘ, ਰਜਿੰਦਰ ਸਿੰਘ ਬਾਜਵਾ, ਪ੍ਰਧਾਨ ਰਾਜਵਿੰਦਰ ਸਿੰਘ ਮਾਹਲ, ਰਵਿੰਦਰਪਾਲ ਚਾਹਲ, ਹਰਪ੍ਰੀਤ ਸਿੰਘ ਮਾਨ, ਨਵਦੀਪ ਸਿੰਘ, ਪ੍ਰਭਜੋਤ ਸਿੰਘ, ਅਵਤਾਰ ਸਿੰਘ ਕਲਸੀ, ਕੋਚ ਮਨੋਹਰ ਸਿੰਘ, ਗੁਰਦੀਪ ਸਿੰਘ ਰੰਧਾਵਾ, ਗਗਨ ਬਟਾਲਾ, ਪਵਨ ਕੁਮਾਰ, ਲੈਕਚਰਾਰ ਜਸਬੀਰ ਸਿੰਘ, ਐੱਨਆਰਆਈ ਸਾਥੀ ਸ਼ਿਵਰਾਜ ਸਿੰਘ, ਬਲਰਾਜ ਸਿੰਘ, ਅਨਮੋਲ, ਡਿੰਪਲ, ਸ਼ੇਰੂ, ਰੋਬਿਨ, ਸ਼ਮ੍ਹਾ, ਅਨਮੋਲ, ਜੋਬਨ, ਨਵਰਾਜ ਸਿੰਘ, ਪਰਮਜੀਤ ਸਿੰਘ ਅਤੇ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜ਼ਰ ਸਨ। ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਸਮੁੱਚੀ ਪ੍ਰਬੰਧਕੀ ਟੀਮ ਵਲੋਂ ਕਰਵਾਏ ਖੇਡ ਟੂਰਨਾਮੈਂਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ।

ਉਨ੍ਹਾਂ ਖਿਡਾਰੀਆਂ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਖੇਡ ਸੱਭਿਆਚਾਰ ਪ੍ਰਫੁੱਲਿਤ ਕੀਤਾ ਗਿਆ ਹੈ, ਜਿਸ ਦੇ ਚੱਲਦਿਆਂ 'ਖੇਡਾਂ ਵਤਨ ਪੰਜਾਬ ਦੀਆਂ' ਸਫਲਤਾਪੂਰਵਕ ਕਰਵਾਈਆਂ ਗਈਆਂ। ਇਸ ਮੌਕੇ ਕਲੱਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਮਾਹਲ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਦੂਰ-ਦੁਰੇਡੇ ਤੋਂ 42 ਨਾਮੀ ਕਲੱਬਾਂ ਦੀਆਂ ਟੀਮਾਂ ਨੇ ਭਾਗ ਲਿਆ ਅਤੇ 28 ਜਨਵਰੀ ਨੂੰ ਫਾਈਨਲ ਮੁਕਾਬਲੇ ਕਰਵਾਏ ਗਏ। ਉਨ੍ਹਾਂ ਦੱਸਿਆ ਸੀਨੀਅਰ ਵਰਗ ਦੇ ਮੁਕਾਬਲੇ ਵਿੱਚ ਬਟਾਲਾ ਫੁੱਟਬਾਲ ਕਲੱਬ ਦੀ ਟੀਮ ਪਹਿਲੇ ਨੰਬਰ 'ਤੇ ਰਹੀ ਅਤੇ ਦੂਜੇ ਨੰਬਰ 'ਤੇ ਪਿੰਡ ਜੈਤੋਸਰਜਾ ਦੀ ਟੀਮ ਰਹੀ।

ਜੂਨੀਅਰ ਵਰਗ ਦੇ ਫਾਈਨਲ ਮੁਕਾਬਲੇ ਵਿੱਚ ਮਿਲੇਨੀਅਮ ਸਕੂਲ ਦੀ ਟੀਮ ਪਹਿਲੇ ਸਥਾਨ 'ਤੇ ਅਤੇ ਬਟਾਲਾ ਫੁੱਟਬਾਲ ਕਲੱਬ ਦੀ ਟੀਮ ਦੂਜੇ ਨੰਬਰ 'ਤੇ ਰਹੀ। ਉਨ੍ਹਾਂ ਦੱਸਿਆ ਕਿ ਸੀਨੀਅਰ ਵਰਗ ਵਿਚ ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 1 ਲੱਖ ਰੁਪਏ ਅਤੇ ਦੂਜੇ ਸਥਾਨ 'ਤੇ ਰਹੀ ਟੀਮ ਨੂੰ 61000 ਰੁਪਏ ਦਾ ਨਕਦ ਇਨਾਮ ਅਤੇ ਜੂਨੀਅਰ ਵਰਗ ਵਿੱਚ ਪਹਿਲੇ ਨੰਬਰ ਵਾਲੀ ਟੀਮ ਨੂੰ 25000 ਰੁਪਏ ਅਤੇ ਦੂਜੇ ਨੰਬਰ ਤੇ ਰਹੀ ਟੀਮ ਨੂੰ 15000 ਰੁਪਏ ਦਾ ਨਗਦ ਇਨਾਮ ਦਿੱਤਾ ਗਿਆ।

# ਤਰਕਸ਼ੀਲ ਆਗੂਆਂ ਖਿਲਾਫ 295 ਏ ਦੇ ਕੇਸ ਫੌਰੀ ਤੌਰ 'ਤੇ ਰੱਦ ਕਰਨ ਦੀ ਜ਼ੋਰਦਾਰ ਮੰਗ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਧਾਰੀਵਾਲ ਭੋਜਾ ਦੀ ਮੀਟਿੰਗ ਪਿੰਡ ਠੱਕਰਸੰਧੂ ਵਿੱਚ ਆਗੂ ਸ਼ਿੰਗਾਰਾ ਸਿੰਘ ਠੱਕਰ ਸੰਧੂ ਦੇ ਘਰ ਵਿਖੇ ਹੋਈ। ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸ਼ੋਸ਼ਲ ਮੀਡੀਆ ਵਿਭਾਗ ਦੇ ਸੂਬਾ ਮੁਖੀ ਸੰਦੀਪ ਧਾਰੀਵਾਲ ਭੋਜਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਪੁਲਸ ਵਲੋਂ ਤਰਕਸ਼ੀਲ ਆਗੂ ਭੁਪਿੰਦਰ ਫੌਜੀ ਅਤੇ ਤਰਕਸ਼ੀਲ ਚਿੰਤਕ ਅਤੇ ਲੇਖਕ ਸੁਰਜੀਤ ਦੌਧਰ ਦੇ ਖਿਲਾਫ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ 295 ਅਤੇ 295 ਏ ਤਹਿਤ ਕੇਸ ਦਰਜ ਕਰਨ ਦਾ ਸਖਤ ਨੋਟਿਸ ਲੈਂਦਿਆਂ ਇਸ ਗੈਰ-ਜਮਹੂਰੀ ਕਾਰਵਾਈ ਨੂੰ ਹਿੰਦੂਤਵੀ ਸੰਗਠਨਾਂ ਦੇ ਦਬਾਅ ਹੇਠ ਤਰਕਸ਼ੀਲ ਕਾਰਕੁਨਾਂ, ਲੇਖਕਾਂ ਅਤੇ ਜਮਹੂਰੀ ਅਧਿਕਾਰਾਂ ਦੇ ਕਾਰਕੁਨਾਂ ਖਿਲਾਫ ਇਕ ਗਿਣੀ ਮਿੱਥੀ ਫਿਰਕੂ ਸਾਜਿਸ਼ ਦੱਸਿਆ ਅਤੇ ਅਤੇ ਦੋਵਾਂ ਆਗੂਆਂ ਦੇ ਖਿਲਾਫ ਦਰਜ ਕੇਸਾਂ ਨੂੰ ਬਿਨ ਸ਼ਰਤ ਫੌਰੀ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਪੰਜਾਬ ਦੀਆਂ ਸਮੁੱਚੀਆਂ ਤਰਕਸ਼ੀਲ, ਅਗਾਂਹਵਧੂ, ਜਮਹੂਰੀ ਅਤੇ ਇਨਸਾਫ ਪਸੰਦ ਜਨਤਕ ਜੱਥੇਬੰਦੀਆਂ ਵੱਲੋਂ ਸਾਂਝੇ ਮੰਚ ਹੇਠ ਸਮੁੱਚੇ ਪੰਜਾਬ ਵੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਕਾਈ ਆਗੂ ਦੀਵਾਨ ਸਿੰਘ ਧਾਰੀਵਾਲ ਭੋਜਾ ਅਤੇ ਸਤਨਾਮ ਸਿੰਘ ਫੇਰੋਚੇਚੀ ਨੇ ਦੋਸ਼ ਲਾਇਆ ਕਿ ਪੁਲਸ ਵੱਲੋਂ ਅਕਸਰ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਗੈਰ ਹੀ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਸਮਾਜ ਨੂੰ ਚੇਤਨ ਕਰਨ ਵਾਲੇ ਅਗਾਂਹਵਧੂ ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਖਿਲਾਫ ਧਾਰਾ 295 ਏ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਅਤੇ ਤਰਕਸ਼ੀਲ ਆਗੂਆਂ ਖਿਲਾਫ ਦਰਜ ਕੇਸ ਵੀ ਕੌਮੀ ਪੱਧਰ ਤੇ ਫਿਰਕੂ ਹਕੂਮਤਾਂ ਵਲੋਂ ਫਿਰਕੂ ਲਾਮਬੰਦੀ ਹੇਠ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਕੀਲਾਂ ਅਤੇ ਤਰਕਸ਼ੀਲ ਸਮਾਜਿਕ ਕਾਰਕੁਨਾਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਦਾ ਹੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੁਲਸ ਦੀ ਅਜਿਹੀ ਕਾਰਵਾਈ ਭਾਰਤੀ ਸੰਵਿਧਾਨ ਦੀ ਧਾਰਾ 19 ਤਹਿਤ ਮਿਲੇ ਨਾਗਰਿਕਾਂ ਦੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਸਿੱਧੀ ਉਲੰਘਣਾ ਹੈ। ਸੁੱਚਾ ਸਿੰਘ ਪਸਨਾਵਾਲ ਅਤੇ ਕਸ਼ਮੀਰ ਕਾਦੀਆਂ ਨੇ ਦੱਸਿਆ ਕਿ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਤਹਿਤ ਹਰੇਕ ਨਾਗਰਿਕ ਨੂੰ ਵਿਗਿਆਨਕ ਸੋਚ ਦੇ ਪ੍ਰਚਾਰ ਪ੍ਰਸਾਰ ਦਾ ਮੌਲਿਕ ਫਰਜ਼ ਨਿਭਾਉਣ ਲਈ ਕਿਹਾ ਗਿਆ ਹੈ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁਨ ਪਿਛਲੇ ਚਾਰ ਦਹਾਕਿਆਂ ਤੋਂ ਇਸ ਸੰਵਿਧਾਨਕ ਫਰਜ਼ ਦੀ ਬਾਖੂਬੀ ਪਾਲਣਾ ਕਰ ਰਹੇ ਹਨ ਜੋ ਕਿ ਅੰਧ-ਵਿਸ਼ਵਾਸ ਅਤੇ ਫਿਰਕਾਪ੍ਰਸਤੀ ਫੈਲਾਉਣ ਵਾਲੀਆਂ ਫਿਰਕੂ ਤਾਕਤਾਂ ਨੂੰ ਮਨਜ਼ੂਰ ਨਹੀਂ ਹੈ। ਲਖਬੀਰ ਸਿੰਘ ਬਸਰਾਵਾਂ ਅਤੇ ਸ਼ਿੰਗਾਰਾ ਸਿੰਘ ਠੱਕਰ ਸੰਧੂ ਨੇ ਪੰਜਾਬ ਦੇ ਡੀਜੀਪੀ ਤੋਂ ਤਰਕਸ਼ੀਲ ਆਗੂਆਂ ਦੇ ਖਿਲਾਫ ਕੇਸ ਰੱਦ ਕਰਨ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਹਿੰਦੂਤਵੀ ਫਿਰਕੂ ਤਾਕਤਾਂ ਵਲੋਂ ਆਪਣੇ ਕੋਝੇ ਫਿਰਕੂ ਅਤੇ ਫਾਸ਼ੀਵਾਦੀ ਸਿਆਸੀ ਮਨਸੂਬਿਆਂ ਹੇਠ ਧਾਰਾ 295 ਅਤੇ 295 ਏ ਦਾ ਗਲਤ ਇਸਤੇਮਾਲ ਕਰਕੇ ਅੰਧ ਵਿਸ਼ਵਾਸਾਂ, ਰੂੜੀਵਾਦ, ਬਾਬਾਵਾਦ ਅਤੇ ਫਿਰਕਾਪ੍ਰਸਤੀ ਦੇ ਖਿਲਾਫ ਵਿਗਿਆਨਕ ਵਿਚਾਰਧਾਰਾ ਰਾਹੀਂ ਸਮਾਜ ਨੂੰ ਚੇਤਨ ਕਰਨ ਵਾਲੇ ਤਰਕਸ਼ੀਲ ਅਤੇ ਜਮਹੂਰੀ ਅਧਿਕਾਰਾਂ ਦੇ ਸਮਾਜਿਕ ਕਾਰਕੁਨਾਂ ਉਤੇ ਜਾਣ ਬੁੱਝ ਕੇ ਝੂਠੇ ਕੇਸ ਦਰਜ ਕਰਵਾਏ ਜਾ ਰਹੇ ਹਨ ਜੋ ਇਕ ਯੋਜਨਾਬੱਧ ਸਾਜ਼ਿਸ਼ ਹੇਠ ਦੇਸ਼ ਵਿੱਚ ਫਿਰਕੂ ਨਫਰਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਪੁਲਸ ਨੂੰ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਆ ਕੇ ਬਿਨਾਂ ਜਾਂਚ ਪੜਤਾਲ ਦੇ ਕੇਸ ਦਰਜ ਨਹੀਂ ਕਰਨਾ ਚਾਹੀਦਾ। ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਜਮਹੂਰੀ ਅਧਿਕਾਰਾਂ ਦੀ ਖਿਲਾਫਵਰਜ਼ੀ ਕਰਦੀਆਂ ਧਾਰਾਵਾਂ 295 ਅਤੇ 295 -ਏ ਨੂੰ ਭਾਰਤੀ ਦੰਡਾਵਲੀ 'ਚੋਂ ਮੁੱਢਲੇ ਪੱਧਰ ਤੇ ਰੱਦ ਕੀਤਾ ਜਾਵੇ ਅਤੇ ਫਿਰਕੂ ਤਾਕਤਾਂ ਵਲੋਂ ਸਿਆਸੀ ਵਿਰੋਧੀਆਂ ਦੇ ਖਿਲਾਫ ਇਨ੍ਹਾਂ ਦੀ ਲਗਾਤਾਰ ਕੀਤੀ ਜਾ ਰਹੀ ਦੁਰਵਰਤੋਂ ਉੱਤੇ ਸਖਤ ਰੋਕ ਲਗਾਈ ਜਾਵੇ। ਇਸ ਮੌਕੇ ਇਕਾਈ ਦੇ ਮੈਂਬਰ ਗਗਨਦੀਪ ਧਾਰੀਵਾਲ ਭੋਜਾ, ਭੁਪਿੰਦਰ ਸਿੰਘ ਕਾਲਾ ਬਾਲਾ, ਅਮਨਦੀਪ ਸੇਖਵਾਂ, ਮਾਸਟਰ ਸੈਮਸਨ ਹੰਸ ਅਤੇ ਸੰਦੀਪ ਧਾਰੀਵਾਲ ਭੋਜਾ ਆਦਿ ਤਰਕਸ਼ੀਲ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਪੱਟੀ ਵੱਲੋਂ ਪੁਤਲਾ ਫੂਕ ਪ੍ਰਦਰਸ਼ਨ



ਪੱਟੀ, (**ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ**)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਪੱਟੀ ਵੱਲੋਂ 25 ਪਿੰਡਾਂ ਵੱਲੋਂ ਮੋਦੀ ਸਰਕਾਰ ਅਤੇ ਉਸਦੇ ਗੁੰਡੇ ਅਮਨ ਡਬਾਸ ਅਤੇ ਪ੍ਰਦੀਪ ਖੱਤਰੀ ਦੇ ਪੁਤਲੇ ਫੂਕ ਕੇ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਲੀਵਾਲ, ਸਕੱਤਰ ਜਥੇਦਾਰ ਸਵਰਨ ਸਿੰਘ ਖਹਿਰਾ, ਜੁਗਰਾਜ ਸਿੰਘ ਸਭਰਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਤਿੰਨ ਕਾਲੇ ਕਾਨੂੰਨਾਂ ਖਿਲਾਫ਼ 13 ਮਹੀਨੇ 13 ਦਿਨ ਚੱਲੇ ਦਿੱਲੀ ਅੰਦੋਲਨ ਦੌਰਾਨ ਭਾਜਪਾ ਆਗੂ ਅਮਨ ਡਬਾਸ ਤੇ ਪ੍ਰਦੀਪ ਖੱਤਰੀ ਨੇ ਭਾਜਪਾ ਵਰਕਰਾਂ ਨੂੰ ਨਾਲ ਲੈ ਕੇ ਪੁਲਸ ਦੀ ਮੌਜੂਦਗੀ ਵਿੱਚ 29 ਜਨਵਰੀ ਨੂੰ ਸਿੰਘੂ ਬਾਰਡਰ ਦਿੱਲੀ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਟੇਜ ਉਤੇ ਹਮਲਾ ਕੀਤਾ ਸੀ, ਜੋ ਕਿ ਭਾਰੀ ਪੁਲਸ ਫੋਰਸ ਦੀ ਮੌਜੂਦਗੀ ਵਿੱਚ ਇੱਟਾਂ, ਰੋੜੇ ਪੱਥਰਬਾਜ਼ੀ ਕਰਕੇ ਕਿਸਾਨਾਂ ਨੂੰ ਜ਼ਖ਼ਮੀ ਕੀਤਾ ਗਿਆ ਸੀ।ਬੀਬੀਆਂ ਦੇ ਟੈਂਟਾਂ ਦੀ ਭੰਨਤੋੜ ਵੀ ਕੀਤੀ ਸੀ।ਕਿਸਾਨੀ ਅੰਦੋਲਨਕਾਰੀਆਂ ਉਪਰ ਅੱਥਰੂ ਗੋਲੇ ਅਤੇ ਪੈਟਰੋਲ ਬੰਬ ਹੈਲੀਕਾਪਟਰ ਨਾਲ ਸੁੱਟ ਕੇ ਪੂਰੀ ਤਰ੍ਹਾਂ ਅੰਦੋਲਨ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਸਨ।ਕਿਸਾਨ ਆਗੂਆਂ ਨੇ ਮੋਦੀ ਸਰਕਾਰ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਦੋਸ਼ੀਆਂ ਉਪਰ ਕਰਵਾਈ ਨਹੀਂ ਕੀਤੀ। ਪੁਤਲੇ ਫੂਕ ਕੇ ਮੰਗ ਕੀਤੀ ਕਿ ਦੋਸ਼ੀਆਂ ਉਤੇ ਪਰਚੇ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕੀਤਾ ਜਾਵ। ਪੁਤਲੇ ਫੂਕਣ ਸਮੇਂ ਰੂਪ ਸਿੰਘ ਸੈਦੋਂ, ਗੁਰਜੰਟ ਸਿੰਘ ਭੱਗੂਪੁਰ, ਸੁਖਬੀਰ ਸਿੰਘ ਢਿੱਲੋਂ, ਹਰਵਿੰਦਰ ਸਿੰਘ ਆਸਲ, ਚਾਨਣ ਸਿੰਘ ਬਗਲਾ ਰਾਏ, ਮੱਲ ਸਿੰਘ ਸੈਦੋਂ, ਖਜਾਨ ਸਿੰਘ ਕਿਰਤੋਵਾਲ, ਲਖਬੀਰ ਸਿੰਘ ਗੱਟੀ ਹਰੀਕੇ, ਮੰਗਲ ਸਿੰਘ ਬੂਹ, ਜਰਨੈਲ ਸਿੰਘ ਠੱਕਰਪੁਰਾ, ਸੁਖਦੇਵ ਸਿੰਘ ਪੱਟੀ, ਨਿਸ਼ਾਨ ਸਿੰਘ ਪੱਟੀ, ਸੁਖਚੈਨ ਸਿੰਘ ਪੱਟੀ, ਕੁਲਵਿੰਦਰ ਸਿੰਘ ਭੱਗੂਪੁਰ, ਸੁਖਚੈਨ ਸਿੰਘ ਮਰੜ, ਨਿਰਮਲ ਸਿੰਘ ਬੂਹਵੇਲੀਆਂ, ਕਿਰਪਾਲ ਸਿੰਘ ਬੁਰਜ ਪੂਹਲਾ, ਜਰਨੈਲ ਸਿੰਘ ਧਾਲੀਵਾਲ, ਡਾ: ਹੀਰਾ ਸਿੰਘ ਚੂਸਲੇਵੜ, ਜਰਨੈਲ ਸਿੰਘ ਸੀਤੋ ਨੌ ਅਬਾਦ, ਨਛੱਤਰ ਸਿੰਘ ਕੰਡਿਆਲਾ, ਬਾਜ ਸਿੰਘ ਤੁੰਗ, ਸਰਬਜੀਤ ਸਿੰਘ ਪਰਿਗੜੀ ਆਦਿ ਆਗੂ ਹਾਜ਼ਰ ਸਨ।

# ਮਾਨ ਸਰਕਾਰ ਨੇ ਮਹਿਜ਼ 22 ਮਹੀਨਿਆਂ 'ਚ ਰਿਕਾਰਡਤੋੜ ਕੰਮ ਕੀਤੇ : ਸੇਖਵਾਂ

**ਗੁਰਦਾਸਪੁਰ (ਦਿਨੇਸ਼ ਕੁਮਾਰ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੈ ਅਤੇ ਰਾਜ ਸਰਕਾਰ ਵੱਲੋਂ ਵੱਖ-ਵੱਖ ਭਲਾਈ ਯੋਜਨਾਵਾਂ ਰਾਹੀਂ ਲੋੜਵੰਦਾਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਮਹਿਜ਼ 22 ਮਹੀਨਿਆਂ ਵਿੱਚ ਰਿਕਾਰਡਤੋੜ ਕੰਮ ਕੀਤਾ ਗਿਆ ਹੈ ਜਿਸ ਤੋਂ ਸੂਬਾ ਵਾਸੀ ਸੰਤੁਸ਼ਟ ਹਨ। ਉਨ੍ਹਾਂ ਕਿਹਾ ਕਿ ਬਜ਼ੁਰਗਾਂ, ਵਿਧਵਾਵਾਂ, ਦਿਵਿਆਂਗਜਨਾਂ ਅਤੇ ਬੇਸਹਾਰਾ ਬੱਚਿਆਂ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ, ਜਿਸ ਤਹਿਤ ਪਿਛਲੇ 22 ਮਹੀਨਿਆਂ ਦੌਰਾਨ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਲਈ 6941.46 ਕਰੋੜ ਰੁਪਏ, ਵਿਧਵਾਵਾਂ ਨੂੰ 1912.85 ਕਰੋੜ ਰੁਪਏ, ਦਿਵਿਆਂਗਜਨਾਂ ਨੂੰ 806.01 ਕਰੋੜ ਰੁਪਏ, ਬੇਸਹਾਰਾ ਬੱਚਿਆਂ ਨੂੰ ਪੈਨਸ਼ਨ ਲਈ 646.22 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਪੈਨਸ਼ਨ ਸਕੀਮਾਂ ਅਧੀਨ 32 ਲੱਖ 84 ਹਜ਼ਾਰ 908 ਲਾਭਪਾਤਰੀ ਪੈਨਸ਼ਨ ਰਾਸ਼ੀ ਦਾ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਮਾਜ ਦੇ ਸਮੁੱਚੇ ਵਿਕਾਸ ਲਈ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿੱਦਿਅਕ ਸੰਸਥਾ ਦੇ ਕੋਰਸ ਦੀ ਸਾਰੀ ਫੀਸ ਅਤੇ ਵਜ਼ੀਫੇ ਦੀ ਰਾਸ਼ੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸਦੇ ਨਾਲ ਹੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਪਰਿਵਾਰਾਂ ਨੂੰ ਲੜਕੀ ਦੇ ਵਿਆਹ 'ਤੇ 51 ਹਜ਼ਾਰ ਰੁਪਏ ਦਾ ਸ਼ਗਨ ਦਿੱਤਾ ਜਾ ਰਿਹਾ ਹੈ। ਸੇਖਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਚਨਬੱਧ ਹੈ ਅਤੇ ਇਸ ਸਰਕਾਰ ਨੇ ਆਪਣੇ ਮਹਿਜ਼ 22 ਮਹੀਨਿਆਂ ਦੇ ਕਾਰਜਕਾਲ ਦੌਰਾਨ ਨੌਜਵਾਨਾਂ ਨੂੰ 39 ਹਜ਼ਾਰ 406 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਅਤੇ 12 ਹਜ਼ਾਰ 710 ਮੁਲਾਜ਼ਮਾਂ ਨੂੰ ਪੱਕਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਭਰਤੀ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ।

# ਰਾਹੁਲ ਕੁਮਾਰ ਦਾਸ ਦੇ ਟੀਮ ਨਾਲ ਪਹੁੰਚਣ 'ਤੇ ਲਾਇਬ੍ਰੇਰੀ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਸਨਮਾਨ



ਫਗਵਾੜਾ (**ਡਾ. ਰਮਨ, ਜਸਵਿੰਦਰ ਢੱਡ**) ਡਾ.ਬੀ.ਆਰ.ਅੰਬੇਡਕਰ ਲਾਇਬ੍ਰੇਰੀ, ਡਾ.ਅੰਬੇਡਕਰ ਨਗਰ (ਢੱਡੇ) 'ਚ ਰਾਹੁਲ ਕੁਮਾਰ ਦਾਸ ਬਿਹਾਰ ਤੋਂ, ਮੁਕੇਸ਼ ਰਵਿਦਾਸੀਆ ਉਤਰ ਪ੍ਰਦੇਸ਼ ਤੋਂ, ਸੰਜੀਵ ਰਵਿਦਾਸੀਆ ਹਰਿਅਣਾ ਤੋਂ ਜੋ ਸੰਤ ਰਵਿਦਾਸ ਮਾਨਵ ਕਲਿਆਣ ਸੰਸਥਾ ਚਲਾਉਂਦੇ ਹਨ, ਦੋ ਦਿਨ ਲਈ ਆਏ ਹੋਏ ਸਨ। ਸੁਰਜੀਤ ਕੁਮਾਰ ਬੰਗੜ, ਹਰਬੰਸ ਲਾਲ ਬੰਗੜ, ਸੰਤੋਖ ਲਾਲ ਬੰਗੜ, ਸਮਾਜ ਸੇਵਕ ਜਸਵਿੰਦਰ ਢੱਡਾ, ਟੀਚਰ ਜਸਵਿੰਦਰ ਕੌਰ, ਬਿੰਦਰ ਕੌਰ, ਵਰਿੰਦਰ ਹੀਰਾ ਵਲੋਂ ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਉੱਥੇ ਉਨ੍ਹਾਂ ਨੂੰ ਜਸਵਿੰਦਰ ਢੱਡਾ ਸਮਾਜ ਸੇਵਕ ਵਲੋਂ ਜੋ ਬਲਵੀਰ ਦਾਸ ਯੂ ਕੇ ਤੇ ਉਨ੍ਹਾਂ ਦੇ ਪਰਵਾਰ ਦੇ ਸਹਿਯੋਗ ਨਾਲ ਲਾਇਬ੍ਰੇਰੀ ਖੋਲ੍ਹ ਕੇ ਦਿੱਤੀ ਹੋਈ ਹੈ। ਲਾਇਬ੍ਰੇਰੀ 'ਚ ਫ੍ਰੀ ਦਿੱਤੀਆ ਜਾ ਰਹੀਆਂ ਸੇਵਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਡੇਰਾ ਸੱਚਖੰਡ ਬੱਲਾਂ, ਚਹੇੜੂ, ਕਾਹਨਪੁਰ, ਚੱਕ ਹਕੀਮ ਫਗਵਾੜਾ ਦੇ ਗੁਰੂ ਘਰਾਂ ਦੇ ਦਰਸ਼ਨ ਵੀ ਕਰਵਾਏ ਗਏ। ਲਾਇਬ੍ਰੇਰੀ ਵਲੋਂ ਸਾਰਿਆਂ ਨੂੰ 50 ਸੁੱਖ ਸਾਗਰ ਹਿੰਦੀ ਵਿੱਚ, ਕਹਿ ਰਵਿਦਾਸ ਬੁੱਕ, ਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ, ਨਵੇਂ ਸਾਲ ਦਾ ਕੈਲੰਡਰ, ਭਾਰਤ ਦਾ ਸੰਵਿਧਾਨ, ਬਾਬਾ ਸਾਹਿਬ ਦੀ ਜੀਵਨੀ, ਚਮਚਾ ਯੁੱਗ ਬੁੱਕਾਂ ਦੇ ਨਾਲ ਸਨਮਾਨਤ ਕੀਤਾ ਗਿਆ। ਰਾਹੁਲ ਕੁਮਾਰ ਦਾਸ ਵਲੋਂ ਜੋ ਪਟਨਾ ਸਾਹਿਬ, ਜੋਤੀਬਾ ਰਾਉ ਫੂਲੇ ਨਗਰ 'ਚ ਸਿਲਾਈ ਸੈਂਟਰ ਚਲਾ ਰਹੇ ਹਨ, ਉਸ ਦੇ ਲਈ ਇਕ ਇੰਟਰਲੌਕ ਮਸ਼ੀਨ ਵੀ ਲੈ ਕੇ ਦਿੱਤੀ ਗਈ। ਲਾਇਬ੍ਰੇਰੀ ਵਲੋਂ ਸਪੈਸ਼ਲ ਸਨਮਾਨਿਤ ਕੀਤੇ ਗਏ ਰਾਹੁਲ ਕੁਮਾਰ ਦਾਸ, ਸੰਜੀਵ ਰਵਿਦਾਸੀਆ, ਮੁਕੇਸ਼ ਰਵਿਦਾਸੀਆ ਨੇ ਲਾਇਬ੍ਰੇਰੀ ਦੀ ਪੂਰੀ ਟੀਮ ਦਾ ਬਹੁਤ ਬਹੁਤ ਧੰਨਵਾਦ ਕੀਤਾ।

# ਅਸਹਿਮਤੀ ਦੇ ਅਧਿਕਾਰ ਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਸੰਘੀ ਘੁੱਟਣ ਵਿਰੁੱਧ ਨਿੱਤਰੋ : ਪਾਸਲਾ





ਜਲੰਧਰ (**ਕੇਸਰ**) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਨੇ ਜਮਹੂਰੀ ਲਹਿਰ ਦੇ ਕਾਰਕੁੰਨਾਂ, ਵਿਗਿਆਨਕ ਸੋਚ ਦੇ ਧਾਰਨੀਆਂ ਅਤੇ ਸਰਕਾਰ ਦੇ ਨੀਤੀ ਪੈਂਤੜੇ ਦੇ ਆਲੋਚਕਾਂ ਖਿਲਾਫ਼ ਧਾਰਾ 295 ਏ ਅਤੇ 295 ਤਹਿਤ ਧੜਾਧੜ ਦਰਜ ਕੀਤੇ ਜਾ ਰਹੇ ਨਾਜਾਇਜ਼ ਪਰਚਿਆਂ ਅਤੇ ਗ੍ਰਿਫ਼ਤਾਰੀਆਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਜ਼ੁਬਾਨਬੰਦੀ ਦੀ ਮੰਦੀ ਸੋਚ ਤਹਿਤ ਦਰਜ ਕੀਤੇ ਗਏ ਉਕਤ ਪਰਚੇ ਫੌਰੀ ਰੱਦ ਕਰਨ ਦੀ ਮੰਗ ਕੀਤੀ ਹੈ।ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਕਾਮਰੇਡ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੇ ਅਧਿਕਾਰਾਂ ਦੀ ਸੰਘੀ ਘੁੱਟਣ ਵਾਲੀ ਧਾਰਾ 295ਏ ਅਤੇ 295 ਰੱਦ ਕਰਨ ਅਤੇ ਗ੍ਰਿਫਤਾਰ ਕਾਰਕੁੰਨਾਂ ਨੂੰ ਫੌਰੀ ਰਿਹਾ ਕਰਨ ਦੀ ਵੀ ਮੰਗ ਕੀਤੀ ਹੈ।

ਪਾਸਲਾ, ਰੰਧਾਵਾ ਅਤੇ ਜਾਮਾਰਾਏ ਨੇ ਕਿਹਾ ਹੈ ਕਿ ਹੁਕਮਰਾਨ ਟੋਲੇ ਵਲੋਂ ਲੋਕਰਾਜੀ ਤੇ ਸੰਵਿਧਾਨਕ ਅਧਿਕਾਰਾਂ ਦੀ ਘੋਰ ਉਲੰਘਣਾ ਕਰਦਿਆਂ ਉਕਤ ਧਾਰਾਵਾਂ ਦੀ ਆਪਣੇ ਸੌੜੇ ਸਿਆਸੀ ਹਿਤਾਂ ਦੀ ਪੂਰਤੀ ਲਈ ਰੱਜ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਾਕਮ ਜਮਾਤਾਂ ਦਰਅਸਲ ਇਹ ਸੁਨਿਸ਼ਚਤ ਕਰਨਾ ਚਾਹੁੰਦੀਆਂ ਹਨ ਕਿ ਉਨ੍ਹਾਂ ਦੀਆਂ ਲੋਕ ਮਾਰੂ-ਦੇਸ਼ ਵਿਰੋਧੀ ਨੀਤੀਆਂ ਅਤੇ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਪੱਖੋਂ ਉਨ੍ਹਾਂ ਦੀ ਅਸਫਲਤਾ 'ਤੇ ਕੋਈ ਉਂਗਲ ਨਾ ਧਰ ਸਕੇ।ਪਾਰਟੀ ਆਗੂਆਂ ਨੇ ਐਲਾਨ ਕੀਤਾ ਹੈ ਕਿ ਉਕਤ ਜਾਬਰ ਹੱਲੇ ਖਿਲਾਫ਼ ਆਜ਼ਾਦਾਨਾ ਅਤੇ ਸਾਂਝੀ ਮੁਜ਼ੱਹਮਤ ਉਸਾਰਨ ਪੱਖੋਂ ਪਾਰਟੀ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਨੰਬਰਦਾਰ ਯੂਨੀਅਨ ਨੇ ਗਣਤੰਤਰ ਦਿਵਸ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਦੇਸ਼ ਦਾ 75ਵਾਂ ਗਣਤੰਤਰ ਦਿਵਸ ਨੂਰਮਹਿਲ ਤਹਿਸੀਲ ਵਿਖੇ ਬੜੀ ਧੂਮ-ਧਾਮ ਅਤੇ ਸ਼ਰਧਾ-ਭਾਵ ਨਾਲ ਮਨਾਇਆ।ਨੰਬਰਦਾਰ ਯੂਨੀਅਨ ਦਾ ਇਹ 27ਵਾਂ ਰਾਸ਼ਟਰੀ ਦਿਹਾੜਾ ਉਸ ਵਕਤ ਇਤਿਹਾਸ ਦੇ ਪੰਨਿਆਂ 'ਤੇ ਚਸ਼ਮਦੀਦ ਗਵਾਹ ਬਣ ਗਿਆ ਜਦੋਂ ਜਸ਼ਨ-ਏ-ਗਣਤੰਤਰ 2024 ਸਮਾਗਮ ਵਿੱਚ ਨਵ ਨਿਯੁਕਤ ਮਹਿਲਾ ਜੱਜ ਮਿਸ ਡੌਫਿਨ ਘੋਤੜਾ ਬਤੌਰ ਮੁੱਖ ਮਹਿਮਾਨ ਪਹੁੰਚੇ ਅਤੇ ਉਹਨਾਂ ਨੇ ਆਪਣੇ ਕਰ ਕਮਲਾਂ ਨਾਲ ਦੇਸ਼ ਦਾ ਤਿਰੰਗਾ ਝੰਡਾ ਲਹਿਰਾਇਆ।ਇਸ ਸ਼ਾਨਦਾਰ ਸਮਾਗਮ ਵਿੱਚ ਹਲਕਾ ਇੰਚਾਰਜ ਨਕੋਦਰ ਡਾਕਟਰ ਨਵਜੋਤ ਸਿੰਘ ਦਾਹੀਆ, ਨੰਬਰਦਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਨਕੋਦਰ ਤੋਂ ਮੁਨੀਸ਼ ਧੀਰ, ਨੂਰਮਹਿਲ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਹਰਦੀਪ ਕੌਰ ਜੌਹਲ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।ਜੱਜ ਸਾਹਿਬ ਦੇ ਪਹੁੰਚਣ 'ਤੇ ਪੰਡਾਲ 'ਚ ਹਾਜ਼ਰ ਨੰਬਰਦਾਰ ਸਾਹਿਬਾਨਾਂ, ਨਗਰ ਕੌਂਸਲਰਾਂ, ਪੰਚਾ ਸਰਪੰਚਾਂ, ਧਾਰਮਿਕ ਸਮਾਜਿਕ ਅਤੇ ਲਾਇਨਜ਼ ਮੈਂਬਰਾਂ ਨੇ ਭਰਵਾਂ ਸਵਾਗਤ ਕੀਤਾ।ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਮਹਿਲਾ ਪ੍ਰਧਾਨ ਲਾਇਨ ਸੋਮਿਨਾਂ ਸੰਧੂ, ਸੈਕਿੰਡ ਮੀਤ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਲਾਇਨ ਬਬਿਤਾ ਸੰਧੂ ਨੇ ਜੱਜ ਸਾਹਿਬ ਦੀ ਆਰਤੀ ਉਤਾਰੀ ਅਤੇ ਤਿਲਕ ਲਗਾ ਕੇ ਮਸਤਕ ਸੁਸ਼ੋਭਿਤ ਕੀਤਾ। ਇਸੇ ਤਰਾਂ ਜੱਜ ਸਾਹਿਬ ਦੇ ਪਿਤਾ ਦਲਜੀਤ ਸਿੰਘ ਲਾਅ ਇੰਸਪੈਕਟਰ ਅਤੇ ਮਾਤਾ ਅਮਨਦੀਪ ਕੌਰ ਘੋਤੜਾ ਦਾ ਵੀ ਸਵਾਗਤ ਕੀਤਾ ਗਿਆ।

ਜੱਜ ਡੌਫਿਨ ਘੋਤੜਾ ਨੇ ਕਿਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸੋਹਲੇ ਗਾਏ।ਦੇਸ਼ ਦੇ ਨਾਗਰਿਕਾਂ ਅਤੇ ਪ੍ਰਸ਼ਾਸਨ ਨੂੰ ਦੇਸ਼ ਦੇ ਸੰਵਿਧਾਨ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ।ਲਾਅ ਇੰਸਪੈਕਟਰ ਦਲਜੀਤ ਸਿੰਘ ਘੋਤੜਾ ਨੇ ਭਾਸ਼ਣ ਵਿੱਚ ਕਿਹਾ ਕਿ ਦੇਸ਼ ਦਾ ਸੰਵਿਧਾਨ ਬਾਬਾ ਸਾਹਿਬ ਦੀ ਦੇਣ ਹੈ।ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੇ ਕਿਹਾ ਕਿ ਅਧਿਕਾਰੀਆਂ ਅਤੇ ਰਾਜਨੀਤਕ ਲੋਕਾਂ ਨੂੰ ਦੇਸ਼ ਦੇ ਹਿਤਾਂ ਲਈ ਕੰਮ ਕਰਨ ਲਈ ਦ੍ਰਿੜ੍ਹ ਸੰਕਲਪ ਲੈਣਾ ਚਾਹੀਦਾ ਹੈ।ਸਮੂਹ ਬੁਲਾਰਿਆਂ ਨੇ ਦੇਸ਼ ਦੇ 75ਵੇਂ ਗਣਤੰਤਰ ਦਿਵਸ ਦੀਆਂ ਦੇਸ਼ ਦੇ ਨਾਗਰਿਕਾਂ ਨੂੰ ਸਨੇਹਿਲ ਵਧਾਈਆਂ ਦਿੱਤੀਆਂ।ਨੰਬਰਦਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਰਨੈਲ ਸਿੰਘ ਝਰਮੜੀ, ਸਰਪ੍ਰਸਤ ਬਲਜਿੰਦਰ ਸਿੰਘ ਕਿੱਲੀ, ਮੁੱਖ ਸਲਾਹਕਾਰ ਕੁਲਵੰਤ ਸਿੰਘ ਝਾਮਪੁਰ, ਕੈਸ਼ੀਅਰ ਭਜਨ ਸਿੰਘ, ਕਲੱਬ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਮੁੱਖ ਮਹਿਮਾਨ ਜੱਜ ਸਾਹਿਬ ਰਾਹੀਂ ਨੰਬਰਦਾਰਾਂ, ਲਾਇਨਜ਼ ਮੈਂਬਰਾਂ ਅਤੇ ਹੋਰ ਧਾਰਮਿਕ ਸਮਾਜਿਕ ਪਤਵੰਤਿਆਂ ਨੂੰ ਸਮਾਜ ਸੁਧਾਰ, ਭਗਤੀ ਪ੍ਰਸਾਰ ਅਤੇ ਐਪਰੀਸੀਏਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ। ਸਨਮਾਨ ਚਿੰਨ੍ਹਾਂ ਦੀ ਸੇਵਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ, ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਅਤੇ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਵੱਲੋਂ ਨਿਭਾਈ ਗਈ।ਜੱਜ ਸਾਹਿਬ ਵੱਲੋਂ ਝੰਡਾ ਲਹਿਰਾਉਣ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।

ਇਸ ਮੌਕੇ ਕੌਂਸਲਰ ਸੀਮਾ ਸੇਖੜੀ, ਬਬਲੀ ਸੋਂਧੀ, ਬਲਬੀਰ ਕੌਲਧਾਰ, ਅਨਿਲ ਮੈਹਨ, ਦੀਪਕ ਕੁਮਾਰ, ਵਲੈਤੀ ਰਾਮ, ਕਲੱਬ ਪ੍ਰਧਾਨ ਗੌਰਵ ਜਤਿੰਦਰ ਸੇਖੜੀ, ਸੁਖਦੇਵ ਲਗਾਹ, ਲਾਇਨ ਦਿਨਕਰ ਜਸਪ੍ਰੀਤ ਸੰਧੂ ਸਮੇਤ ਹੋਰ ਕਈ ਸਖਸ਼ੀਅਤਾਂ ਨੇ ਪ੍ਰੋਗਰਾਮ ਨੂੰ ਨੇਪਰੇ ਚਾੜਨ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਨੂਰਮਹਿਲ ਦੇ ਥਾਣਾ ਮੁਖੀ ਵਰਿੰਦਰ ਪਾਲ ਸਿੰਘ ਉੱਪਲ ਅਤੇ ਮੁੱਖ ਮੁਨਸ਼ੀ ਗਗਨ ਹਾਂਡਾ ਵੱਲੋਂ ਸੁਰੱਖਿਆ ਦੇ ਉੱਚਤਮ ਪ੍ਰਬੰਧ ਕੀਤੇ ਅਤੇ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਲਈ ਮਹਿਲਾ ਕਰਮਚਾਰੀਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ।ਯੂਨੀਅਨ ਅਤੇ ਲਾਇਨਜ਼ ਕਲੱਬ ਵੱਲੋਂ ਸਮੂਹ ਮੁਲਾਜ਼ਮਾਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ।

# ਗੁਰੂ ਨਾਨਕ ਦੇਵ ਓਪਨ 'ਵਰਸਿਟੀ ਦੇ ਕੋਰਸਾਂ ਦਾ ਦਾਖਲਾ ਜਾਰੀ



ਮਾਹਿਲਪੁਰ (ਸਫਰੀ)- ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ ਮਾਹਿਲਪੁਰੀ ਦੀ ਅਗਵਾਈ ਹੇਠ ਚੱਲ ਰਹੇ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿੱਚ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਜਨਵਰੀ ਬੈਚ ਅਧੀਨ ਵੱਖ ਵੱਖ ਕੋਰਸਾਂ ਦਾ ਦਾਖਲਾ ਸ਼ੁਰੂ ਹੋ ਗਿਆ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਕਾਰਜਕਾਰੀ ਪ੍ਰਿੰ ਡਾ ਪਰਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕੋਰਸਾਂ ਵਿੱਚ ਬੀ ਐੱਸ ਸੀ (ਡੈਟਾ ਸਾਇੰਸ), ਸਰਟੀਫਿਕੇਟ/ਡਿਪਲੋਮਾ ਇਨ ਵੈੱਬ ਐਪਲੀਕੇਸ਼ਨ ਡਿਵੈਲਪਮੈਂਟ ਸਰਟੀਫਿਕੇਟ ਇਨ ਕੰਪਿਊਟਰ ਐਪਲੀਕੇਸ਼ਨ, ਸਰਟੀਫਿਕੇਟ ਇਨ ਇਨਕਮ ਟੈਕਸ ਫਿਲਿੰਗ ਐਂਡ ਡਾਕੂਮੈਂਟੇਸ਼ਨ, ਸਰਟੀਫਿਕੇਟ ਇਨ ਸਟਾਕ ਮਾਰਕੀਟ ਐਂਡ ਟਰੇਡਿੰਗ ਅਪਰੇਸ਼ਨ, ਸਰਟੀਫਿਕੇਟ / ਡਿਪਲੋਮਾ ਇਨ ਔਰਗੈਨਿਕ ਫਾਰਮਿੰਗ, ਸਰਟੀਫਿਕੇਟ/ਡਿਪਲੋਮਾ ਇਨ ਹੋਰਟੀਕਲਚਰ, ਸਰਟੀਫਿਕੇਟ/ਡਿਪਲੋਮਾ ਇਨ ਫੈਸ਼ਨ ਡਿਜ਼ਾਇਨਿੰਗ, ਸਰਟੀਫਿਕੇਟ ਇਨ ਐਮਬਰਾਇਡਰੀ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਉਕਤ ਕੋਰਸਾਂ ਦਾ ਪਹਿਲਾ ਬੈਚ ਜਨਵਰੀ 2024 ਤੋਂ ਸ਼ੁਰੂ ਹੋ ਗਿਆ ਹੈ ਜਿਸ ਵਿੱਚ ਵਿਦਿਆਰਥੀਆਂ ਦੇ ਦਾਖਿਲੇ ਦੀ ਆਖਰੀ ਮਿਤੀ 16 ਮਾਰਚ ਹੈ ਅਤੇ ਦਾਖਿਲੇ ਦਾ ਦੂਜਾ ਬੈਚ ਜੂਨ 2024 ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਇਨ੍ਹਾਂ ਰੁਜ਼ਗਾਰ ਮੁੱਖੀ ਕੋਰਸਾਂ ਨਾਲ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿੱਚ ਚੰਗਾ ਰੁਜ਼ਗਾਰ ਹਾਸਿਲ ਕਰ ਸਕਦੇ ਹਨ। ਇਸ ਮੌਕੇ ਸਬੰਧਤ ਕੋਰਸਾਂ ਦੇ ਕੋ-ਆਰਡੀਨੇਟਰ ਪ੍ਰੋ ਵਿਕਰਾਂਤ ਰਾਣਾ ਨੇ ਦੱਸਿਆ ਕਿ ਉਕਤ ਕੋਰਸਾਂ ਵਿੱਚ ਦਾਖਿਲੇ ਦੀ ਮੁੱਢਲੀ ਯੋਗਤਾ ਦਸਵੀਂ ਅਤੇ ਬਾਰ੍ਹਵੀਂ ਹੈ ਅਤੇ ਬਾਰ੍ਹਵੀਂ ਤੋਂ ਬਾਅਦ ਕਾਲਜ ਵਿੱਚ ਗਰੈਜੂਏਸ਼ਨ ਦੀ ਸਿੱਖਿਆ ਹਾਸਿਲ ਕਰਨ ਵਾਲੇ ਵਿਦਿਆਰਥੀ ਵੀ ਆਪਣੀ ਪੜ੍ਹਾਈ ਦੇ ਨਾਲ ਨਾਲ ਇਨ੍ਹਾਂ ਕੋਰਸਾਂ ਵਿੱਚ ਦਾਖਿਲਾ ਹਾਸਿਲ ਕਰ ਸਕਦੇ ਹਨ।

# ਪਿੰਡ ਬਬੇਲੀ 'ਚ ਸਜਾਇਆ ਵਿਸ਼ਾਲ ਨਗਰ ਕੀਰਤਨ



ਫਗਵਾੜਾ (**ਜਸਵਿੰਦਰ ਢੱਡਾ**)- ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਿੰਡ ਬਬੇਲੀ ਤਹਿਸੀਲ ਫਗਵਾੜਾ ਵਿਖੇ 29 ਤੋਂ 31 ਜਨਵਰੀ ਤੱਕ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਦੇ ਆਗਮਨ ਪੁਰਬ ਨੂੰ ਸਮਰਪਤ ਕਰਵਾਏ ਜਾ ਰਹੇ ਪ੍ਰਕਾਸ਼ ਦਿਹਾੜੇ ਅਤੇ ਮਹਾਨ ਕੀਰਤਨ ਦਰਬਾਰ ਦੇ ਪਹਿਲੇ ਦਿਨ ਅੱਜ ਕਮੇਟੀ ਪ੍ਰਧਾਨ ਬਲਦੇਵ ਸਿੰਘ ਦੀ ਅਗਵਾਈ ਹੇਠ ਪ੍ਰਬੰਧਕ ਕਮੇਟੀ ਵਲੋਂ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਤੋਂ ਪਹਿਲਾਂ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਜਿਸ ਤੋਂ ਬਾਅਦ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਬਬੇਲੀ ਨੇ ਸਰਬੱਤ ਦੇ ਭਲੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਦੇ ਨਾਲ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ ਕਰਵਾਈ। ਇਹ ਨਗਰ ਕੀਰਤਨ ਪਿੰਡ ਦੁੱਗਾਂ ਤੇ ਬਬੇਲੀ ਦੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਇਸ ਨਗਰ ਕੀਰਤਨ ਦਾ ਥਾਂ-ਥਾਂ 'ਤੇ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਵੱਖ ਵੱਖ ਪੜਾਵਾਂ 'ਤੇ ਪੰਥ ਪ੍ਰਸਿੱਧ ਢਾਡੀ ਮੰਗਲ ਸਿੰਘ ਪੱਡਾ ਦੇ ਜਥੇ ਨੇ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਸਰਵਣ ਕਰਵਾਇਆ। ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੁੰਦਿਆਂ ਰੁਮਾਲੇ ਭੇਟ ਕੀਤੇ ਅਤੇ ਪੰਜ ਪਿਆਰਿਆਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਨਗਰ ਕੀਰਤਨ 'ਚ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਕਮੇਟੀ ਪ੍ਰਧਾਨ ਬਲਦੇਵ ਸਿੰਘ, ਮੀਤ ਪ੍ਰਧਾਨ ਰਜਿੰਦਰ ਸਿੰਘ, ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਤੋਂ ਇਲਾਵਾ ਕੁੰਦਨ ਸਿੰਘ, ਰਣਜੀਤ ਸਿੰਘ ਖਾਲਸਾ ਅਤੇ ਬੀਬੀ ਰਾਜਵਿੰਦਰ ਕੌਰ ਨੇ ਦੱਸਿਆ ਕਿ 31 ਜਨਵਰੀ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਪੰਥ ਪ੍ਰਸਿੱਧ ਢਾਡੀ ਜੱਥੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ। ਇਸ ਮੌਕੇ ਅਮਨਦੀਪ ਸਿੰਘ, ਹਰਪਾਲ ਸਿੰਘ, ਗੁਰਨਾਮ ਸਿੰਘ, ਸੋਢੀ ਸਿੰਘ, ਜੋਗਿੰਦਰ ਸਿੰਘ, ਬੂਟਾ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ, ਸਾਧੂ ਸਿੰਘ, ਦਰਬਾਰਾ ਸਿੰਘ, ਭਾਈ ਮੰਗਲ ਸਿੰਘ, ਜੋਧ ਸਿੰਘ, ਸੂਬੇਦਾਰ ਜਸਵਿੰਦਰ ਸਿੰਘ, ਗੁਰਜੰਟ ਸਿੰਘ, ਗੁਰਦੀਪ ਸਿੰਘ, ਮਾੜਾ ਸਿੰਘ, ਗੁਰਦਿੱਤ ਸਿੰਘ, ਬਲਜੀਤ ਪਾਲ ਸਿੰਘ, ਪ੍ਰਿਤਪਾਲ ਸਿੰਘ, ਹਰਨੇਕ ਸਿੰਘ, ਸਾਬਕਾ ਸਰਪੰਚ ਸੋਹਨ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਗਣਤੰਤਰ ਦਿਵਸ 'ਤੇ ਅਕਾਲ ਅਕੈਡਮੀ ਤਿੱਬੜ ਦੀ ਗਤਕਾ ਟੀਮ ਸਨਮਾਨਤ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)-75ਵੇਂ ਗਣਤੰਤਰ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਅਕਾਲ ਅਕੈਡਮੀ (ਬੜੂ ਸਾਹਿਬ) ਤਿੱਬੜ ਅਤੇ ਅਕਾਲ ਅਕੈਡਮੀ ਮੂਲਿਆਂਵਾਲ ਦੇ ਵਿਦਿਆਰਥੀਆਂ ਦੀ ਗਤਕਾ ਟੀਮ ਨੇ ਕੋਚ ਜਥੇ ਪਰਦੀਪ ਸਿੰਘ ਸੇਵਕ ਦੀ ਅਗਵਾਈ ਵਿੱਚ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਅਕਾਲ ਅਕੈਡਮੀ ਤਿੱਬੜ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਖ਼ੁਸ਼ੀ ਪ੍ਰਗਟ ਕਰਦੇ ਦੱਸਿਆ ਕਿ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਗੁਰਦਾਸਪੁਰ ਵਿਖੇ ਹੋਏ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਜੈ ਕ੍ਰਿਸ਼ਨ ਸਿੰਘ ਰੋੜੀ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਅਤੇ ਡੀਸੀ ਡਾ: ਹਿਮਾਂਸ਼ੂ ਅਗਰਵਾਲ ਦੁਆਰਾ ਅਕੈਡਮੀ ਦੀ ਗੱਤਕਾ ਟੀਮ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਕਸ਼ਮੀਰ ਸਿੰਘ ਵਾਹਲਾ, ਜ਼ਿਲ੍ਹਾ ਪੁਲਸ ਮੁਖੀ ਦਯਾਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਸਮੇਤ ਹੋਰ ਵੀ ਪ੍ਰਸ਼ਾਸਨਿਕ ਅਧਿਕਾਰੀ ਅਤੇ ਨੁਮਾਇੰਦੇ ਮੌਜੂਦ ਸਨ।**

# ਭਗਤ ਸੋਢੀ ਰਾਮ ਨੂੰ ਸਦਮਾ, ਪਿਤਾ ਦਾ ਦੇਹਾਂਤ



**ਬਹਿਰਾਮ (ਅਵਤਾਰ ਕਲੇਰ)** ਸਿੱਧ ਬਾਬਾ ਬਾਲਕ ਨਾਥ ਮੰਦਰ ਲਲਵਾਣ ਦੇ ਮੁੱਖ ਸੇਵਾਦਾਰ ਭਗਤ ਸੋਢੀ ਰਾਮ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾ ਦੇ ਪਿਤਾ ਸੰਤ ਭਜਨ ਸਿੰਘ ਦਾ ਅਚਾਨਕ ਦਿਹਾਂਤ ਹੋ ਗਿਆ ।ਇਸ ਦੁੱਖ ਦੀ ਘੜੀ ਵਿੱਚ ਭਗਤ ਸੋਢੀ ਰਾਮ ਲਲਵਾਨ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਿਨ੍ਹਾ ਵਿੱਚ ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੋਜ਼ਾ ਸ਼ਰੀਫ਼ ਮੰਢਾਲੀ , ਸੰਤ ਜਸਵਿੰਦਰ ਸਿੰਘ ਡਾਂਡੀਆਂ, ਸਾਂਈ ਬਾਬਾ ਸਾਧੂ ਸ਼ਾਹ ਚਿਸ਼ਤੀ ਦਰਬਾਰ ਕਟਾਰੀਆਂ, ਬਾਬਾ ਜੌਨੀ ਸ਼ਾਹ ਬਹਿਰਾਮ, ਸਾਈਂ ਸੋਨੂੰ ਸ਼ਾਹ ਮਾਣਕਾਂ, ਵਿਧਾਇਕ ਰਾਜ ਕੁਮਾਰ ਚੱਬੇਵਾਲ, ਕੁਲਜੀਤ ਸਰਹਾਲ ਹਲਕਾ ਇੰਚਾਰਜ ਬੰਗਾ, ਐਸ ਡੀ ਓ ਗੁਰਬਖਸ਼ ਰਾਮ ਬਾਹੜੋਵਾਲ, ਬਾਬਾ ਮੰਗਲ ਸਿੰਘ ਕੰਗਰੋੜ, ਮਨਜੀਤ ਸਿੰਘ ਰਿਹਾਣਾ ਜੱਟਾਂ, ਬਹਾਦਰ ਸਿੰਘ ਰਿਹਾਣਾ ਜੱਟਾਂ, ਅਮਰਜੀਤ ਕੁਮਾਰ, ਕਰਮਜੀਤ ਸਿੰਘ ਕਰਨਾਣਾ, ਜਗਵੰਤ ਸਿੰਘ ਮਜਾਰਾ ਡੀਗਰੀਆਂ, ਠੇਕੇਦਾਰ ਗੁਰਨਾਮ ਰਾਮ ਗੜ੍ਹਸ਼ੰਕਰ, ਨਛੱਤਰ ਸਿੰਘ ਬਹਿਰਾਮ , ਅਵਤਾਰ ਕਲੇਰ, ਠੇਕੇਦਾਰ ਲਖਵਿੰਦਰ ਸਿੰਘ ਬਹਿਰਾਮ, ਮਨੋਹਰ ਲਾਲ ਡਾਂਨਸੀਵਾਲ, ਨੀਟਾ ਬਹਿਰਾਮ ਆਦਿ ਸੰਗਤਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ।ਬਾਬਾ ਜੀ ਨੇ ਦੱਸਿਆ ਕਿ ਸੰਤ ਬਾਬਾ ਭਜਨ ਸਿੰਘ ਨਮਿੱਤ ਪਾਠ ਦਾ ਭੋਗ 8 ਫਰਵਰੀ ਦਿਨ ਐਤਵਾਰ ਨੂੰ ਪਾਇਆ ਜਾਵੇਗਾ।

# ਮੁੱਖ ਮੰਤਰੀ ਨੇ ਸਮਾਜਕ ਕੰਮ ਤਹਿਤ ਪਿੰਡ ਨੂੰ ਸੌਂਪਿਆ ਆਪਣਾ ਜੱਦੀ ਮਕਾਨ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਰੋਹਤਕ ਜ਼ਿਲ੍ਹੇ ਦੇ ਪਿੰਡ ਬਨਿਯਾਨੀ ਵਿਚ ਸਥਿਤ ਆਪਣੇ ਮਕਾਨ ਨੂੰ ਸਮਾਜਕ ਕੰਮ ਤਹਿਤ ਪਿੰਡ ਨੂੰ ਸੌਂਪ ਦਿੱਤਾ। ਮੁੱਖ ਮੰਤਰੀ ਰੋਹਤਕ ਤੋਂ ਭਿਵਾਨੀ ਜਾਂਦੇ ਸਮੇਂ ਆਪਣੇ ਪਿੰਡ ਬਨਿਯਾਨੀ ਪਹੁੰਚੇ ਅਤੇ ਆਪਣੇ ਜੱਦੀ ਘਰ 'ਤੇ ਪਹੁੰਚਣ 'ਤੇ ਗ੍ਰਾਮੀਣਾਂ ਨੇ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ। ਉਨ੍ਹਾਂ ਨੇ ਪਿੰਡ ਵਾਸੀਆਂ ਦੇ ਸਾਹਮਣੇ ਸਮਾਜਕ ਕੰਮ ਦੇ ਲਈ ਆਪਣੇ ਮਕਾਨ ਨੂੰ ਪਿੰਡ ਨੂੰ ਸੌਂਪਣ ਦਾ ਪ੍ਰਸਤਾਵ ਰੱਖਿਆ। ਮਨੋਹਰ ਲਾਲ ਨੇ ਕਿਹਾ ਕਿ ਇਸ ਪਿੰਡ ਵਿਚ ਉਨ੍ਹਾਂ ਦਾ ਬਚਪਨ ਬੀਤਿਆ ਹੈ ਅਤੇ ਪੜ੍ਹਾਈ ਵੀ ਇੱਥੇ ਰਹਿ ਕੇ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਮਕਾਨ ਉਨ੍ਹਾਂ ਦੇ ਮਾਤਾ-ਪਿਤਾ ਦੀ ਨਿਸ਼ਾਨੀ ਹੈ, ਜੋ ਉਨ੍ਹਾਂ ਨੇ ਉਨ੍ਹਾਂ ਦੇ ਨਾਂਅ ਕੀਤਾ ਸੀ। ਉਨ੍ਹਾਂ ਕਿਹਾ ਕਿ ਇਹ ਘਰ ਅੱਜ ਉਹ ਪਿੰਡ ਨੂੰ ਸੌਂਪ ਰਹੇ ਹਨ। ਉਨ੍ਹਾਂ ਨੇ ਆਪਣੇ ਮਕਾਨ ਦੇ ਨਾਲ ਲਗਦੇ ਚਾਚਾ ਦੇ ਬੇਟੇ ਦੇ ਮਕਾਨ ਨੂੰ ਵੀ ਪਿੰਡ ਨੂੰ ਸੌਂਪ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮਕਾਨ ਵਿਚ ਈ-ਲਾਇਬ੍ਰੇਰੀ ਸਥਾਪਿਤ ਕੀਤੀ ਜਾਵੇਗੀ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਭਿਵਾਨੀ ਰੋਡ ਤੋਂ ਮੋਖਰਾ ਰੋਡ ਤੱਕ ਬਨਿਯਾਨੀ ਮਾਈਨਰ ਦੇ ਨਾਲ ਸੜਕ ਨਿਰਮਾਣ ਦੇ ਪ੍ਰਸਤਾਵ ਨੂੰ ਲੈ ਕੇ ਸਬੰਧਤ ਕਿਸਾਨਾਂ ਨਾਲ ਚਰਚਾ ਵੀ ਕੀਤੀ। ਪਿੰਡ ਬੁਨਿਯਾਨੀ ਵਿਚ ਪਹੁੰਚਣ 'ਤੇ ਪਿੰਡ ਦੇ ਸਾਬਕਾ ਸਰਪੰਚ ਅਤੇ ਕਿਸਾਨ ਮੋਰਚਾ ਦੇ ਜ਼ਿਲ੍ਹਾ ਚੇਅਰਮੈਨ ਬੱਸੀ ਵਿਜ ਤੇ ਸਾਬਕਾ ਵਿਧਾਇਕ ਸਰਿਤਾ ਨਾਰਾਇਣ ਸਮੇਤ ਹੋਰ ਮਾਣਯੋਗ ਲੋਕਾਂ ਨੇ ਮੁੱਖ ਮੰਤਰੀ ਦਾ ਸਵਾਗਤ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਅਜੈ ਕੁਮਾਰ, ਜ਼ਿਲ੍ਹਾ ਪੁਲਸ ਸੁਪਰਡੈਂਟ ਹਿਮਾਂਸ਼ੂ ਗਰਗ ਸਮੇਤ ਹੋਰ ਨੇਤਾਗਣ ਤੇ ਮਾਣਯੋਗ ਵਿਅਕਤੀ ਮੌਜੂਦ ਸਨ।

# ਸ਼ੈਰੀ ਕਲਸੀ ਨੇ ਨਵੇਂ ਬਣੇ ਦੋ ਪੁਲਸ ਬੂਥਾਂ ਦਾ ਕੀਤਾ ਉਦਘਾਟਨ




ਬਟਾਲਾ, (**ਡਾ. ਮਲਵਿੰਦਰ ਸਿੰਘ**)- ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਬਟਾਲਾ ਵਲੋਂ ਗਾਂਧੀ ਨਗਰ ਕੈਂਪ ਅਤੇ ਰੇਲਵੇ ਲਾਈਨ ਰੋਡ ਵਿਖੇ 2 ਨਵੇਂ ਬਣੇ ਪੁਲਸ ਬੂਥਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਵੀ ਮੌਜੂਦ ਸਨ।

ਸ਼ੈਰੀ ਕਲਸੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬਟਾਲੇ ਸ਼ਹਿਰ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ ਬਟਾਲਾ ਗਾਂਧੀ ਕੈਂਪ ਤੇ ਰੇਲਵੇ ਲਾਈਨ ਰੋਡ ਵਿਖੇ ਨਵੇਂ ਪੁਲਸ ਬੂਥ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਸੀਸੀਟੀਵੀ ਕੈਮਰੇ ਲਗਾਏ ਗਏ ਹਨ ਤਾਂ ਜੋ ਸਮਾਜ ਵਿਰੋਧੀ ਅਨਸਰਾਂ ਤੇ ਤਿੱਖੀ ਨਜ਼ਰ ਰੱਖੀ ਜਾਵੇ। ਇਸ ਮੌਕੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ ਨੇ ਕਿਹਾ ਕਿ ਪੁਲਸ ਜ਼ਿਲ੍ਹਾ ਬਟਾਲਾ ਵੱਲੋਂ ਮਾੜੇ ਅਨਸਰਾਂ ਖਿਲਾਫ ਸਖ਼ਤੀ ਨਾਲ ਨਿਪਟਿਆ ਜਾ ਰਿਹਾ ਹੈ ਤੇ ਸਮਾਜ ਵਿਰੋਧ ਅਨਸਰਾਂ ਨੂੰ ਬਿਲਕੁੱਲ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਾੜੇ ਅਨਸਰਾਂ ਖਿਲਾਫ ਪੁਲਸ ਨੂੰ ਨਿਰਭੈਅ ਹੋ ਕੇ ਜਾਣਕਾਰੀ ਦੇਣ। ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤਾ ਰੱਖੀ ਜਾਵੇਗੀ।

# ਡਾ. ਹਰਪਾਲ ਸਿੰਘ ਸੋਨੀ ਭਾਜਪਾ ਦੇ ਮੰਡਲ ਪ੍ਰਧਾਨ ਨਿਯੁਕਤ

ਪੱਟੀ (**ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ**)-ਭਾਰਤੀ ਜਨਤਾ ਪਾਰਟੀ ਵੱਲੋਂ ਹਰੀਕੇ ਪੱਤਣ ਦੇ ਮਿਹਨਤੀ ਤੇ ਸਮਰਪਣ ਭਾਵਨਾ ਰੱਖਣ ਵਾਲੇ ਡਾਕਟਰ ਹਰਪਾਲ ਸਿੰਘ ਸੋਨੀ ਨੂੰ ਮੰਡਲ ਪ੍ਰਧਾਨ ਦੀ ਉਪਾਧੀ ਨਾਲ ਨਿਵਾਜਿਆ ਗਿਆ। ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ, ਜਨਰਲ ਸਕੱਤਰ ਸ਼ਿਵ ਕੁਮਾਰ ਸੋਨੀ ਨੇ ਹਰਪਾਲ ਸਿੰਘ ਨੂੰ ਸਨਮਾਨਿਤ ਕੀਤਾ। ਇਸ ਮੌਕੇ ਜਿਥੇ ਹਰਪਾਲ ਸਿੰਘ ਸੋਨੀ ਨੇ ਪਾਰਟੀ ਦੀ ਸਮੂਹ ਲੀਡਰਸ਼ਿਪ ਡਾਕਟਰ ਜਗਮੋਹਨ ਸਿੰਘ ਰਾਜੂ, ਸਰਬਜੀਤ ਸਿੰਘ ਮੱਕੜ ਅਤੇ ਨਰੇਸ਼ ਸ਼ਰਮਾ ਦੇ ਨਾਲ-ਨਾਲ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਦਾ ਧੰਨਵਾਦ ਕੀਤਾ ਉਥੇ ਹੀ ਪਾਰਟੀ ਵੱਲੋਂ ਆਪਣੇ 'ਤੇ ਜਤਾਏ ਭਰੋਸੇ ਨੂੰ ਹਰ ਸੰਭਵ ਬਰਕਰਾਰ ਰੱਖਣ ਦੀ ਗੱਲ ਵੀ ਕਹੀ। ਉਨ੍ਹਾਂ ਕਿਹਾ ਕਿ ਹਰਜੀਤ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ 'ਤੇ ਜੋ 29 ਪਿੰਡਾਂ ਦੇ ਲੋਕਾਂ ਨੂੰ ਭਾਜਪਾ ਦੀਆਂ ਲੋਕ ਪੱਖੀ ਨੀਤੀਆਂ ਪ੍ਰਤੀ ਜਾਗਰੂਕ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਉਸ ਨੂੰ ਤਨਦੇਹੀ ਨਾਲ ਨਿਭਾਉਂਦਿਆਂ ਪਾਰਟੀ ਦਾ ਦਾਇਰਾ ਵਿਸ਼ਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਕੇ ਜਿੱਤ ਦੀ ਹੈਟ੍ਰਿਕ ਦਾ ਇਤਿਹਾਸ ਸਿਰਜਿਆ ਜਾਵੇਗਾ। ਇਸ ਮੌਕੇ ਪਵਨ ਕੁਮਾਰ ਸ਼ਰਮਾ, ਰੋਹਿਤ ਕੁਮਾਰ ਵੇਦੀ ਤੋਂ ਇਲਾਵਾ ਇਲਾਕੇ ਭਰ ਦੇ ਪਿੰਡਾਂ ਤੋਂ ਪਾਰਟੀ ਵਰਕਰ ਹਾਜ਼ਰ ਸਨ।



# ਜੈਤੋ ਮੋਰਚੇ ਦੇ ਸ਼ਹੀਦਾਂ ਦੀ ਬਰਸੀ ਮਨਾਉਣ ਸੰਬੰਧੀ ਮੀਟਿੰਗ



**ਚੋਹਲਾ ਸਾਹਿਬ (ਰਮਨ ਚੱਢਾ)**-ਇਥੋਂ ਨਜ਼ਦੀਕ ਵੱਸਦੇ ਪਿੰਡ ਚੰਬਾ ਕਲਾਂ ਦੇ ਜੰਮਪਲ ਸੀਆਂ ਸਿੰਘ ਅਤੇ ਪ੍ਰਸਿੰਨ ਸਿੰਘ ਜੈਤੋ ਵਿਖੇ ਲੱਗੇ ਮੋਰਚੇ ਵਿੱਚ ਸ਼ਹੀਦ ਹੋ ਗਏ ਸਨ। ਉਨ੍ਹਾਂ ਸ਼ਹੀਦਾਂ ਦੀ 100 ਸਾਲਾ ਸ਼ਤਾਬਦੀ ਮਨਾਉਣ ਸਬੰਧੀ ਬਣਾਈ ਹੋਈ ਕਮੇਟੀ ਦੀ ਮੀਟਿੰਗ ਮਾਸਟਰ ਦਇਆ ਸਿੰਘ ਦੀ ਪ੍ਰਧਾਨਗੀ ਹੇਠ ਬਾਬਾ ਹਰਨਾਮ ਸਿੰਘ ਤੇ ਦਇਆ ਸਿੰਘ ਦੀ ਪ੍ਰਧਾਨਗੀ ਹੇਠ ਬਾਬਾ ਹਰਨਾਮ ਸਿੰਘ ਦੇ ਅਸਥਾਨ 'ਤੇ ਹੋਈ ਜਿਸ ਵਿੱਚ ਵੱਖ-ਵੱਖ ਏਜੰਡਿਆਂ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਬੋਲਦਿਆਂ ਮਾਸਟਰ ਦਲਬੀਰ ਸਿੰਘ ਅਤੇ ਪਰਗਟ ਸਿੰਘ ਚੰਬਾ ਨੇ ਕਿਹਾ ਕਿ ਸ਼ਹੀਦ ਕੌਮ ਦੇ ਸਰਮਾਇਆ ਹੁੰਦੇ ਹਨ। ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀਆਂ ਹਨ ਉਹ ਖ਼ਤਮ ਹੋ ਜਾਂਦੀਆਂ ਹਨ। ਇਸ ਲਈ ਸਾਨੂੰ ਸ਼ਹੀਦਾਂ ਦੇ ਦਿਨ ਵੱਡੀ ਪੱਧਰ 'ਤੇ ਮਨਾਉਣੇ ਚਾਹੀਦੇ ਹਨ ਅਤੇ ਸਾਨੂੰ ਸ਼ਹੀਦਾਂ ਤੋਂ ਸੇਧ ਲੈਣ ਦੀ ਵੀ ਜ਼ਰੂਰਤ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਜਗਤਾਰ ਸਿੰਘ ਫੌਜੀ, ਕੈਪਟਨ ਅਮਰ ਸਿੰਘ, ਬਖਸ਼ੀਸ਼ ਸਿੰਘ ਕਨੂੰਨੀ, ਗੁਰਨਾਮ ਸਿੰਘ ਨੰਬਰਦਾਰ, ਮਹਿੰਦਰ ਸਿੰਘ, ਸੁਖਦੇਵ ਸਿੰਘ ਫੌਜੀ, ਕੈਪਟਨ ਮਲੂਕ ਸਿੰਘ, ਜਸਵੰਤ ਸਿੰਘ ਹਵੇਲੀਆਂ, ਸਰਪੰਚ ਮਹਿੰਦਰ ਸਿੰਘ, ਸਰਪੰਚ ਬਲਕਾਰ ਸਿੰਘ, ਨਾਇਬ ਸਿੰਘ ਨਾਗ, ਲੱਖਾ ਸਿੰਘ ਫੌਜੀ, ਪ੍ਰਕਾਸ਼ ਸਿੰਘ ਸਟੋਰ ਵਾਲਾ, ਪ੍ਰਮਜੀਤ ਸਿੰਘ ਜਲਾਲਕੇ, ਸੁਖਦੇਵ ਸਿੰਘ ਜਲਾਲਕੇ, ਲਖਬੀਰ ਸਿੰਘ ਅਤੇ ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਐੱਲ ਪੀ ਯੂ ਦੀਆਂ ਮਹਿਲਾ ਮੁੱਕੇਬਾਜ਼ਾਂ ਨੇ ਚੈਂਪੀਅਨਸ਼ਿਪ ਟਰਾਫੀ ਜਿੱਤੀ

**ਜਲੰਧਰ : ( ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੀ ਮਹਿਲਾ ਮੁੱਕੇਬਾਜ਼ਾਂ ਦੀ ਟੀਮ ਨੂੰ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਦੀ ਆਲ ਇੰਡੀਆ ਇੰਟਰ ਯੂਨੀਵਰਸਿਟੀ ਵੂਮੈਨ ਬਾਕਸਿੰਗ ਚੈਂਪੀਅਨਸ਼ਿਪ-(2023/24) ਵਿੱਚ ਚੈਂਪੀਅਨ ਐਲਾਨਿਆ ਗਿਆ ਹੈ। ਇਹ ਮੌਕਾ ਐਲ ਪੀ ਯੂ ਦੇ ਬਾਕਸਿੰਗ ਰਿੰਗਸ ਵਿੱਚ ਆਯੋਜਿਤ ਦੇਸ਼ ਵਿੱਚ ਸਭ ਤੋਂ ਵੱਡੇ ਮਹਿਲਾ ਮੁੱਕੇਬਾਜ਼ੀ ਮੁਕਾਬਲਿਆਂ ਵਿੱਚੋਂ ਇੱਕ ਸੀ। ਇੱਥੇ ਭਾਰਤ ਦੀਆਂ 67 ਯੂਨੀਵਰਸਿਟੀਆਂ ਦੀਆਂ 391 ਮਹਿਲਾ ਮੁੱਕੇਬਾਜ਼ਾਂ ਨੇ 12 ਭਾਰ ਵਰਗਾਂ ਵਿੱਚ 361 ਬਾਊਟਸ ਰਾਹੀਂ ਆਪਣੀ ਜਿੱਤ ਦਾ ਦਾਅਵਾ ਕਰਨ ਲਈ ਮੁਕਾਬਲਾ ਕੀਤਾ। ਐਲ ਪੀ ਯੂ ਦੀਆਂ ਮਹਿਲਾ ਮੁੱਕੇਬਾਜ਼ਾਂ ਨੇ ਚੈਂਪੀਅਨਸ਼ਿਪ ਦੇ ਸਿਖਰ 'ਤੇ ਰਹਿਣ ਲਈ 2 ਸੋਨੇ, 2 ਚਾਂਦੀ ਅਤੇ 1 ਕਾਂਸੀ ਦੇ ਮੈਡਲ ਆਪੋ-ਆਪਣੇ ਭਾਰ ਵਰਗਾਂ ਵਿੱਚ ਜਿੱਤੇ। ਇਸ ਦੇ ਨਾਲ ਹੀ ਪੰਜਾਬ ਯੂਨੀਵਰਸਿਟੀ ਦੀ ਟੀਮ ਨੂੰ ਦੂਜੇ ਨੰਬਰ 'ਤੇ ਐਲਾਨਿਆ ਗਿਆ; ਅਤੇ ਸੀ ਯੂ ਮੋਹਾਲੀ ਤੀਜੇ ਸਥਾਨ 'ਤੇ ਰਹੀ । ਇਸ ਤੋਂ ਇਲਾਵਾ ਐਲ ਪੀ ਯੂ ਦੀ ਫਲਾਈ-ਵੇਟ (48-50 ਕਿਲੋਗ੍ਰਾਮ) ਗੋਲਡ ਜੇਤੂ ਮਹਿਲਾ ਮੁੱਕੇਬਾਜ਼ ਤਮੰਨਾ ਨੂੰ ਸਰਬੋਤਮ ਮੁੱਕੇਬਾਜ਼ ਵੀ ਐਲਾਨਿਆ ਗਿਆ ਹੈ। ਆਪਣੇ ਹੁੱਕਾਂ ਅਤੇ ਪੰਚਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹੋਏ, ਤਮਨਾ ਨਾਮ ਦੀ ਇੱਕ ਹੋਰ ਮੁੱਕੇਬਾਜ਼ ਨੇ ਵੀ ਲਾਈਟ ਮਿਡਲਵੇਟ ਵਰਗ (66-



70 ਕਿਲੋਗ੍ਰਾਮ) ਵਿੱਚ ਗੋਲਡ ਮੈਡਲ ਜਿੱਤਿਆ। ਚਾਂਦੀ ਦੇ ਮੈਡਲ ਜੇਤੂ ਦੀਪਿਕਾ ਸ਼ਰਮਾ (60-63 ਕਿਲੋਗ੍ਰਾਮ) ਅਤੇ ਯਾਸ਼ੀ ਸ਼ਰਮਾ (63-66 ਕਿਲੋਗ੍ਰਾਮ) ਹਨ। ਐਲ ਪੀ ਯੂ ਤੋਂ ਸਿੰਗਲ ਕਾਂਸੀ ਦਾ ਮੈਡਲ ਜੇਤੂ ਸਕੀਨਾ ਸਲੀਮ ਹੈ। ਇਨ੍ਹਾਂ ਸਾਰਿਆਂ ਨੇ ਆਪਣੇ ਵਿਰੋਧੀਆਂ ਦੇ ਖਿਲਾਫ ਸ਼ਾਨਦਾਰ ਹੁਨਰ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਆਪਣੇ ਤਕਨੀਕੀ ਤੌਰ ਤੇ ਵਧੀਆ ਅਤੇ ਹਾਰਡ-ਹਿਟਿੰਗ ਬਾਊਟਸ ਰਾਹੀਂ ਸਾਰੇ ਮੁੱਕੇਬਾਜ਼ੀ ਪ੍ਰੇਮੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ । ਐਲ ਪੀ ਯੂ ਦੀ ਪ੍ਰੋ ਚਾਂਸਲਰ ਸ਼ ਰਸ਼ਮੀ ਮਿੱਤਲ ਨੇ ਸਾਰੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਆਪਣੇ-ਆਪਣੇ ਅਦਾਰਿਆਂ ਅਤੇ ਦੇਸ਼ ਦੀ ਖੇਡਾਂ ਅਤੇ ਸ਼ਾਨ ਲਈ ਆਪਣੇ ਜਨੂੰਨ ਨੂੰ ਬਣਾਈ ਰੱਖਣ ਲਈ ਸੱਦਾ ਦਿੱਤਾ ।

# ਵਰ੍ਹੇਗੰਢ ਮੁਬਾਰਕ



**ਮਾਸਟਰ ਦਿਲਬਾਗ ਸਿੰਘ ਸਵਰਗਪੁਰੀ ਤੇ ਰਜਵੰਤ ਕੌਰ ਨੂੰ ਵਿਆਹ ਦੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ**



**ਅਮਨ ਸਿੰਗਲਾ ਤੇ ਰਜਨੀ ਸਿੰਗਲਾ ਨੇ ਵਿਆਹ ਦੀ 11ਵੀਂ ਵਰ੍ਹੇਗੰਢ ਮਨਾਈ।**

# ਸਹਿਕਾਰਤਾ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਸਹਿਕਾਰੀ ਖੰਡ ਮਿੱਲਾਂ 'ਚ ਗੰਨੇ ਦੀ ਪਿੜਾਈ ਸਮਰੱਥਾ ਤੇ ਖੰਡ ਰਿਕਵਰੀ ਵਧਾਉਣ ਦੇ ਨਿਰਦੇਸ਼

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਸਹਿਕਾਰਤਾ ਮੰਤਰੀ ਡਾ. ਬਨਵਾਰੀ ਲਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਹਿਕਾਰੀ ਖੰਡ ਮਿੱਲਾਂ ਵਿਚ ਗੰਨੇ ਦੀ ਪਿੜਾਈ ਸਮਰੱਥਾ ਅਤੇ ਖੰਡ ਦੀ ਰਿਕਵਰੀ ਵਧਾਈ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਗੋਦਾਮਾਂ ਵਿਚ ਰੱਖੀ ਖੰਡ ਵਿਚ ਨਮੀ ਨਾ ਆਵੇ, ਇਸ ਦਾ ਧਿਆਨ ਰੱਖਿਆ ਜਾਵੇ। ਸੂਬੇ ਵਿਚ ਪਿੜਾਈ ਸੀਜ਼ਨ 2023-24 ਦੇ ਲਈ ਗੰਨੇ ਦੀ ਪਿੜਾਈ ਦਾ ਅੰਦਾਜ਼ਾ ਟੀਚਾ 416 ਲੱਖ ਕੁਇੰਟਲ ਰੱਖਿਆ ਗਿਆ ਹੈ।ਡਾ. ਬਨਵਾਰੀ ਲਾਲ ਇੱਥੇ ਗੰਨੇ ਦੀ ਪਿੜਾਈ ਸੀਜ਼ਨ 2023-24 ਲਈ ਸਹਿਕਾਰੀ ਖੰਡ ਮਿੱਲਾਂ ਦੀ ਕਾਰਜ ਕੁਸ਼ਲਤਾ 'ਤੇ ਬੁਲਾਈ ਗਈ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿਚ ਸਹਿਕਾਰਤਾ ਮੰਤਰੀ ਨੂੰ ਜਾਣੂੰ ਕਰਾਇਆ ਗਿਆ ਕਿ 23 ਜਨਵਰੀ, 2024 ਤੱਕ ਖੰਡ ਮਿੱਲਾਂ ਵਿਚ 167.43 ਲੱਖ ਕੁਇੰਟਲ ਗੰਨੇ ਦੀ ਪਿੜਾਈ ਹੋ ਚੁੱਕੀ ਹੈ ਅਤੇ 14.78 ਲੱਖ ਕੁਇੰਟਲ ਖੰਡ ਦਾ ਉਤਪਾਦਨ ਹੋ ਚੁੱਕਾ ਹੈ। ਖੰਡ ਦੀ ਰਿਕਵਰੀ 9.37 ਫੀਸਦੀ ਰਹੀ ਹੈ, ਜਦੋਂ ਕਿ ਪਿਛਲੇ ਸਾਲ ਗੰਨੇ ਦੀ ਰਿਕਵਰੀ 9.12 ਰਹੀ ਸੀ। ਖੰਡ ਮਿੱਲਾਂ ਦੀ ਸਮਰੱਥਾ ਦਾ 86.71 ਫੀਸਦੀ ਦੀ ਵਰਤੋਂ ਕੀਤੀ ਗਈ ਹੈ। ਇਸ ਗੱਲ ਦੀ ਵੀ ਜਾਣਕਾਰੀ ਦਿੱਤੀ ਗਈ ਕਿ ਹੈਫੇਡ ਸ਼ੂਗਰ ਮਿੱਲ ਫਫੜਾਨਾ ਅਸੰਧ ਵਿਚ ਖੰਡ ਰਿਕਵਰੀ 8.73 ਫੀਸਦੀ ਦਰਜ ਕੀਤੀ ਗਈ। ਨਿੱਜੀ ਸ਼ੂਗਰ ਮਿੱਲਾਂ ਵਿਚ ਸਰਸਵਤੀ ਸ਼ੂਗਰ ਮਿੱਲ ਯਮੁਨਾਨਗਰ, ਪਿਕਾਡਲੀ, ਭਾਦਸੋ ਨਰਾਇਣਗੜ੍ਹ, ਸ਼ੂਗਰ ਮਿੱਲ ਵਿਚ ਰਿਕਵਰੀ ਕ੍ਰਮਵਾਰ 9.37 ਫੀਸਦੀ, 9.55 ਫੀਸਦੀ ਅਤੇ 10.43 ਫੀਸਦੀ ਰਹੀ। ਮੀਟਿੰਗ ਵਿਚ ਸਹਿਕਾਰਤਾ ਵਿਾਗ ਦੇ ਵਧੀਕ ਮੁੱਖ ਸਕੱਤਰ ਡੀ ਵੀ ਰਾਜਾ ਸ਼ੇਖਰ ਵੁੰਡਰੂ, ਹਰਿਆਣਾ ਸ਼ੂਗਰਫੈਡ ਦੇ ਪ੍ਰਬੰਧ ਨਿਦੇਸ਼ਕ ਸੰਜੈ ਜੂਨ ਸਮੇਤ ਕਈ ਅਧਿਕਾਰੀ ਮੌਜੂਦ ਰਹੇ।

# ਪੰਜਾਬ ਦੀਆਂ ਝਾਕੀਆਂ ਦਾ ਜਲੰਧਰ ਪਹੁੰਚਣ 'ਤੇ ਸ਼ਾਨਦਾਰ ਸਵਾਗਤ




**ਜਲੰਧਰ: ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ):-** ਪੰਜਾਬ ਦੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦੀਆਂ ਝਾਕੀਆਂ ਦਾ ਸੋਮਵਾਰ ਨੂੰ ਸ਼ਹਿਰ ਵਿਖੇ ਪਹੁੰਚਣ 'ਤੇ ਲੋਕਾਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ । ਇਹ ਝਾਕੀਆਂ ਸ੍ਰੀ ਗੁਰੂ ਰਵਿਦਾਸ ਚੌਕ ਹੁੰਦੇ ਹੋਏ ਸ਼ਹਿਰ ਵਿੱਚ ਦਾਖ਼ਲ ਹੋਈਆਂ। ਫਿਰ ਡਾ. ਬੀ.ਆਰ. ਅੰਬੇਡਕਰ ਚੌਕ ਤੋਂ ਹੁੰਦੇ ਹੋਏ ਅਖੀਰ ਵਿੱਚ ਨਗਰ ਨਿਗਮ ਕੰਪਲੈਕਸ ਦੇ ਬਾਹਰ ਰੁਕੀਆਂ, ਜਿੱਥੇ ਵੱਡੀ ਗਿਣਤੀ ਲੋਕ ਖਾਸਕਰ ਮਹਿਲਾਵਾਂ ਅਤੇ ਬੱਚੇ ਪੰਜਾਬ ਦੀ ਵਿਰਾਸਤ ਅਤੇ ਆਜ਼ਾਦੀ ਸੰਗਰਾਮ ਵਿੱਚ ਪਾਏ ਯੋਗਦਾਨ ਨੂੰ ਦੇਖਣ ਲਈ ਪਹੁੰਚੇ। ਇਨ੍ਹਾਂ ਝਾਕੀਆਂ ਵਿੱਚ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਦੇ ਚਿਤਰਣ ਤੋਂ ਇਲਾਵਾ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਲਾਜਪਤ ਰਾਏ, ਸ਼ਹੀਦ ਸੁਖਦੇਵ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ, ਬਾਬਾ ਖੜਕ ਸਿੰਘ, ਮਦਨ ਲਾਲ ਢੀਂਗਰਾ, ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੇ ਚਿੱਤਰ ਸ਼ਾਮਲ ਹਨ । ਇਸੇ ਤਰ੍ਹਾਂ ਦੂਜੀ ਝਾਕੀ ਰਾਹੀਂ ਮਹਿਲਾ ਸਸ਼ਕਤੀਕਰਨ 'ਤੇ ਜ਼ੋਰ ਦੇਣ ਲਈ ਮਹਾਨ ਸਿੱਖ ਮਹਿਲਾ ਮਾਈ ਭਾਗੋ ਜੀ ਦੀ ਇਕ ਵਿਸ਼ਾਲ ਪ੍ਰਤਿਮਾ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸੇ ਤਰ੍ਹਾਂ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੀਪੇਟਰੀ ਇੰਸਟੀਚਿਊਟ ਫਾਰ ਗਰਲਜ਼ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਮਹਿਲਾਵਾਂ ਦੀਆਂ ਤਸਵੀਰਾਂ ਦਰਸਾਈਆਂ ਗਈਆਂ ਹਨ । ਜਦਕਿ ਤੀਜੀ ਝਾਕੀ ਜ਼ਰੀਏ ਪੰਜਾਬ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਦੀ ਇਕ ਝਲਕ ਪੇਸ਼ ਕੀਤੀ ਗਈ ਹੈ। ਸਥਾਨਕ ਨਕੋਦਰ ਚੌਕ ਵਿਖੇ ਵੱਡੀ ਗਿਣਤੀ ਲੋਕਾਂ ਦੇ ਨਾਲ-ਨਾਲ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਵੀ ਇਨ੍ਹਾਂ ਝਾਕੀਆਂ ਦਾ ਸ਼ਹਿਰ 'ਚ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸੰਸਦ ਮੈਂਬਰ ਨੇ ਕਿਹਾ ਕਿ ਪੰਜਾਬ ਦੇਸ਼ ਨੂੰ ਖਾਦ ਸੁਰੱਖਿਆ ਵਿੱਚ ਆਤਮ ਨਿਰਭਰ ਬਣਾਉਣ ਦੇ ਨਾਲ-ਨਾਲ ਆਜ਼ਾਦੀ ਸੰਗਰਾਮ ਵਿੱਚ ਸਭ ਤੋਂ ਵੱਧ ਸ਼ਹਾਦਤਾਂ ਦੇਣ ਵਾਲੇ ਲੋਕਾਂ ਦੀ ਧਰਤੀ ਹੈ ਅਤੇ ਇਸ ਦੀ ਝਾਕੀ ਨੂੰ ਪਰੇਡ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ । ਲੋਕ ਸਭਾ ਮੈਂਬਰ ਨੇ ਇਨ੍ਹਾਂ ਝਾਕੀਆਂ ਨੂੰ ਪੂਰੇ ਪੰਜਾਬ ਵਿੱਚ ਪ੍ਰਦਰਸ਼ਿਤ ਕਰਨ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦਾ ਧੰਨਵਾਦ ਵੀ ਕੀਤਾ, ਜਿਸ ਨਾਲ ਲੋਕਾਂ ਨੂੰ ਪੰਜਾਬੀਆਂ ਦੇ ਅਮੀਰ ਵਿਰਸੇ ਅਤੇ ਸੱਭਿਆਚਾਰ ਨੂੰ ਜਾਨਣ ਦਾ ਮੌਕਾ ਮਿਲ ਰਿਹਾ ਹੈ । ਝਾਕੀਆਂ ਦੇਖਣ ਉਪਰੰਤ ਲੋਕਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਕੀਤਾ ਗਿਆ ਇਹ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ, ਜਿਸ ਰਾਹੀਂ ਉਨ੍ਹਾਂ ਨੂੰ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਤੇ ਅਮੀਰ ਵਿਰਾਸਤ ਅਤੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦੇ ਯੋਗਦਾਨ ਬਾਰੇ ਹੋਰ ਨੇੜਿਓਂ ਜਾਣਨ ਦਾ ਮੌਕਾ ਮਿਲਿਆ।ਉਨ੍ਹਾਂ ਇਹ ਵੀ ਕਿਹਾ ਕਿ ਇਹ ਉਪਰਾਲਾ ਸਾਡੇ ਨੌਜਵਾਨਾਂ ਨੂੰ ਪੰਜਾਬ ਦੇ ਅਮੀਰ ਵਿਰਸੇ ਅਤੇ ਆਜ਼ਾਦੀ ਸੰਗਰਾਮ ਵਿੱਚ ਪੰਜਾਬੀਆਂ ਦੀ ਭੂਮਿਕਾ ਤੋਂ ਜਾਣੂ ਕਰਵਾਉਣ ਲਈ ਮੀਲ ਪੱਥਰ ਸਾਬਤ ਹੋਵੇਗਾ।



***ਥਾਣਾ ਮਹਿਤਪੁਰ ਵਿਖੇ ਨਵ ਨਿਯੁਕਤ ਐਸ ਐਚ ਓ ਮੈਡਮ ਗੁਰਸ਼ਿੰਦਰ ਕੌਰ ਨੂੰ ਸਨਮਾਨਤ ਕਰਦੇ ਹੋਏ ਸਵਰਨਾ ਰਾਮ, ਗਗਨ ਲੰਬੜਦਾਰ, ਸੁਖਵਿੰਦਰ ਗਿੱਲ, ਜਸਵੀਰ ਸਿੱਧੂ, ਰਾਕੇਸ਼ ਕੁਮਾਰ, ਸੋਮਨਾਥ ਅਤੇ ਵਿਲੀਅਮ ਗਿੱਲ। (ਫੋਟੋ ਤੇ ਵੇਰਵਾ : ਰਾਜਾ ਮਹਿਤਪੁਰ)***



***ਸ਼ਾਹਕੋਟ ਵਿਖੇ ਹੋਏ ਤਹਿਸੀਲ ਪੱਧਰੀ ਗਣਤੰਤਰ ਦਿਵਸ ਦੇ ਸਮਾਗਮ ਦੌਰਾਨ ਅਮਨਦੀਪ ਸਿੰਘ ਦਾ ਸਮਾਗਮ ਲਈ ਵਧੀਆ ਸੇਵਾਵਾਂ ਦੇਣ ਲਈ ਸਨਮਾਨ ਕਰਦੇ ਹੋਏ ਐੱਸ ਡੀ ਐਮ ਰਿਸ਼ਭ ਬਾਂਸਲ, ਹਲਕਾ ਸ਼ਾਹਕੋਟ ਤੋਂ ਆਪ ਆਗੂ ਬੀਬੀ ਰਣਜੀਤ ਕੌਰ ਕਾਕੜ ਕਲਾਂ, ਬਾਬਾ ਸੁਰਜੀਤ ਸਿੰਘ ਸ਼ਾਂਤੀ ਸੀਚੇਵਾਲ, ਡੀ ਐਸ ਪੀ ਨਰਿੰਦਰ ਸਿੰਘ ਸ਼ਾਹਕੋਟ, ਐੱਸ ਐਮ ਓ ਡਾ. ਡੀ ਪੀ ਸਿੰਘ ਅਤੇ ਹੋਰ। (ਤਸਵੀਰ ਤੇ ਵੇਰਵਾ : ਯੋਗੇਸ਼ਵਰ, ਰੀਨਾ ਸ਼ਰਮਾ)***